
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 13
July 11, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਨਈਅਰ ਪਰਿਵਾਰ ਨੇ ਆਪਣੇ ਗ੍ਰਹਿ ਵਿਖੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਉਪਰੰਤ ਮਨਾਇਆ ਬੱਚੇ ਅਰਨਵ ਦਾ ਪਲੇਠਾ ਜਨਮ ਦਿਨ

**(ਰਿਪੋਰਟ ਦੇਖੋ ਸਫਾ 3 ‘ਤੇ ਅਤੇ ਤਸਵੀਰਾਂ ਦੇਖੋ ਸਫਾ 11 ‘ਤੇ)**



ਗੋਲਡਨ ਸਟੇਟ ਟਰੱਕ ਸੇਲਜ਼ ਇੰਕ ਦੇ ਮਾਲਕ ਸ. ਧਰਮਿੰਦਰ ਸਿੰਘ ਦੇ ਹੋਣਹਾਰ ਸਪੂਤ ਕਾਕਾ ਅਦਿੱਤਿਆ ਸਿੰਘ ਦਾ ਚੌਥਾ ਜਨਮ ਦਿਨ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਾਉਣ ਉਪਰੰਤ ਮਨਾਇਆ ਗਿਆ।
ਅਦਾਰਾ ‘ਦੇਸ਼ ਦੁਆਬਾ’ ਵੱਲੋਂ
ਨਈਅਰ ਪਰਿਵਾਰ ਅਤੇ ਸਿੰਘ ਪਰਿਵਾਰਾਂ ਨੂੰ ਲੱਖ-ਲੱਖ ਵਧਾਈਆਂ

**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12 ‘ਤੇ)**

# ਨਸ਼ਿਆਂ ਬਾਰੇ ਹੁਣ ਕੈਪਟਨ ਅਮਰਿੰਦਰ ਸਿੰਘ ਦਾ ਨਵਾਂ ਐਲਾਨ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿੱਚ ਕਥਿਤ ਤੌਰ ’ਤੇ ਨਸ਼ੇ ਦੀ ਓਵਰਡੋਜ਼ ਕਾਰਨ ਕਈ ਨੌਜਵਾਨਾਂ ਦੀ ਮੌਤ ਦਾ ਮਾਮਲਾ ਸਾਹਮਣੇ ਆਉਂਦਿਆਂ ਰੌਲਾ ਪਿਆ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਈ ਐਲਾਨ ਕੀਤੇ। ਹੁਣ ਉਨ੍ਹਾਂ ਦਾ ਨਵਾਂ ਐਲਾਨ ਹੈ ਨਸ਼ਾ ਛੁਡਾਊ ਕੇਂਦਰਾਂ ਵਿੱਚ ਪੀੜਤਾਂ ਦਾ ਮੁਫ਼ਤ ਇਲਾਜ। ਇਸ ਦੇ ਨਾਲ ਹੀ ਪੁਲਿਸ ਪ੍ਰਤੀ ਵੀ ਸਖਤੀ ਵਰਤੀ ਜਾਵੇਗੀ, ਜਿਸ ਤਹਿਤ ਪੁਲਿਸ ਮੁਲਾਜ਼ਮਾਂ ਦੀ ਏਸੀਆਰ ਵਿੱਚ ਨਵਾਂ ਕਾਲਮ ਜੋੜ ਕੇ ਉਨ੍ਹਾਂ ਦਾ ਨਸ਼ੀਲੇ ਪਦਾਰਥਾਂ ਪ੍ਰਤੀ ਵਤੀਰਾ ਦਰਜ ਕੀਤਾ ਜਾਵੇਗਾ। ਇਸ ਦਾ ਮੰਤਵ ਨਸ਼ਿਆਂ ਨਾਲ ਕਿਸੇ ਵੀ ਤਰ੍ਹਾਂ ਜੁੜੇ ਮੁਲਾਜ਼ਮਾਂ ਵਿਰੁਧ ਸਖਤ ਕਾਰਵਾਈ ਕਰਨਾ ਹੈ।



ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਗਰੀਬ ਨਸ਼ੇੜੀਆਂ ਦਾ ਇਲਾਜ ਮੁਫ਼ਤ ਹੋਵੇਗਾ। ਉਨ੍ਹਾਂ ਟਵੀਟ ਕੀਤਾ, "ਮੇਰੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਨਸ਼ਾ ਸਰਕਾਰ ਵੱਲੋਂ ਚਲਾਏ ਜਾ ਰਹੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਗਰੀਬ ਨਸ਼ੇੜੀਆਂ ਦਾ ਇਲਾਜ਼ ਮੁਫ਼ਤ ਹੋਵੇਗਾ। ਵਿੱਤ ਵਿਭਾਗ ਨੂੰ ਡਿਪਟੀ ਕਮਿਸ਼ਨਰਾਂ ਨੂੰ ਜ਼ਰੂਰੀ ਫੰਡ ਮੁਹੱਈਆ ਕਰਵਾਉਣ ਲਈ ਵੀ ਕਿਹਾ ਗਿਆ ਹੈ।’’

ਉਨ੍ਹਾਂ ਅੱਗੇ ਲਿਖਿਆ ਕਿ ਪੰਜਾਬ ਪੁਲਿਸ ਨੂੰ ਤਾਕੀਦ ਕੀਤੀ ਹੈ ਕਿ ਨਸ਼ਾ ਕਰਨ ਵਾਲਿਆਂ ’ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ ਅਤੇ ਇਨ੍ਹਾਂ ਨਸ਼ਾ ਛੁਡਾਊ ਕੇਂਦਰਾਂ ਵਿੱਚ ਪੁਲਿਸ ਵੀ ਨਾ ਦਾਖਲ ਹੋਵੇ। ਇਸ ਤੋਂ ਤੁਰੰਤ ਬਾਅਦ ਇੱਕ ਹੋਰ ਟਵੀਟ ਕੈਪਟਨ ਅਮਰਿੰਦਰ ਸਿੰਘ

**(ਬਾਕੀ ਸਫਾ 7 ‘ਤੇ)**

# ਲੋਕ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਨਾ ਆਉਣ: ਟਰੰਪ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ’ਚ ਆਉਣ ਕਾਰਨ ਬੰਦੀ ਬਣਾਏ ਪਰਵਾਸੀਆਂ ਨੂੰ ਅਦਾਲਤੀ ਮਿਆਦ ਮੁਤਾਬਕ ਉਨ੍ਹਾਂ ਦੇ ਬੱਚਿਆਂ ਨਾਲ ਨਾ ਮਿਲਾਉਣ ਦਾ ਉਨ੍ਹਾਂ ਦੇ ਪ੍ਰਸ਼ਾਸਨ ਦਾ ਮਕਸਦ ਇਹੋ ਸੁਨੇਹਾ ਦੇਣਾ ਹੈ ਕਿ ਉਹ ਅਮਰੀਕਾ ਵਿੱਚ ’ਗ਼ੈਰਕਾਨੂੰਨੀ ਢੰਗ ਨਾਲ’ ਨਾ ਆਉਣ।

ਇੱਧਰ ਅਮਰੀਕਾ ਦੀ ਇਕ ਫੈਡਰਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੀ ਪ੍ਰਵਾਸੀ ਬੱਚਿਆਂ ਨੂੰ



ਲੰਮੇ ਸਮੇਂ ਤੱਕ ਹਿਰਾਸਤ ਵਿਚ ਰੱਖਣ ਦੀ ਮੰਗ ਨੂੰ ਠੁਕਰਾ ਦਿੱਤਾ ਹੈ। ਇਸ ਨਾਲ ਰਾਸ਼ਟਰਪਤੀ ਟਰੰਪ ਦੇ ਉਸ ਕਾਰਜਕਾਰੀ ਆਦੇਸ਼ ਦੇ ਅਮਲ ਵਿਚ ਦਿੱਕਤ ਆਵੇਗੀ, ਜਿਸ ਵਿਚ ਉਹਨਾਂ ਪ੍ਰਵਾਸੀ ਬੱਚਿਆਂ ਨੂੰ ਉਹਨਾਂ ਦੇ ਪਰਿਵਾਰਾਂ ਨੂੰ ਮਿਲਾਉਣ ਲਈ ਕਿਹਾ ਸੀ। ਲਾਸ ਏਂਜਲਸ ਦੀ ਜ਼ਿਲ੍ਹਾ ਕੋਰਟ ਦੀ ਜਸਟਿਸ ਡੇਲੀ ਗੀ ਨੇ ਅਮਰੀਕੀ ਨਿਆਂ ਵਿਭਾਗ ਦੀ 1997 ਦੀ ਸੈਟਲਮੈਂਟ ਦੇ ਕਾਨੂੰਨ ਵਿਚ ਤਬਦੀਲੀ ਨਾਲ ਜੁੜੀਆਂ ਦਲੀਲਾਂ ਖਾਰਜ ਕਰ ਦਿੱਤੀਆਂ। ਇਸ ਕਾਨੂੰਨ ਦੇ ਮੁਤਾਬਕ ਬੱਚਿਆਂ ਨੂੰ ਹਿਰਾਸਤਵਿਚ ਸਿਰਫ 20 ਦਿਨ ਤੱਕ ਹੀ ਰੱਖਿਆ ਜਾ ਸਕਦਾ ਹੈ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY
Home Services
BH HS
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


LIC# 01959890
Independently Owned & Operated
Jiwan Rattu
Jiwan.realtor@gmail.com
Realtor2081 Arena Boulevard Suite # 100
Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

**Kash FABRICS**



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**

**Specializing in:**
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com

Like us on Facebook | Follow us on Instagram



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

**Super Eyebrow Threading Now Open**

**Eyebrow Threading & Henna Tattoo**

7 times, Get 8th one free!



## Inside India Market

| SACRAMENTO | WALK INS WELCOME | ROSEVILLE |
|---|---|---|
| 5203 EKLHORN BLVD SACRAMENTO CA 95842 | | 1265 PLEASANT GROVE BLVD. # 100 ROSEVILLE, CA 95747 |
| 916- 338-5511 | | 916- 786-7666 |

Cell : 916-798-8142

Email: IndiaMarketRoseville@gmail.com



# Raja

SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK (510) 489-9100
CELL (510) 715-1619

Email: msbains@rajasweets.com
www.rajasweets.com

Find us on facebook: rajasweetsandcatering
Follow us on Twitter: rajasweets



# INDIA BAZAAR




Jai Ram Gaught
Harjit Gaught (Happy)

**INDIAN, PAKISTANI & FIJJIAN GROCERIES**

WE ARE OPEN
**7 DAYS A WEEK**
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO **HAPPY**
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

**EVERY SATURDAY & SUNDAY SPECIAL DISCOUNT ON GROCERIES**

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੋਣ ਵਾਲੇ ਜੁਲਾਈ ਮਹੀਨੇ ਦੇ ਸਮਾਗਮ



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਸਾਧ ਸੰਗਤ ਵੱਲੋਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਹਰਿ ਕ੍ਰਿਸ਼ਨ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਮਿਤੀ 13, 14, 15 ਜੁਲਾਈ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਬੜੀ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ 13 ਜੁਲਾਈ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 15 ਜੁਲਾਈ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ-ਢਾਡੀ, ਕਥਾ ਵਾਚਕ ਕੀਰਤਨੀਏ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ। ਧੰਨਵਾਦ।

## ਕੁਸ਼ਤੀ ਨੂੰ ਹੱਲਾਸ਼ੇਰੀ ਦੇਣ ਲਈ ਪਹਿਲਵਾਨ ਕਰਤਾਰ ਸਿੰਘ ਨੇ ਫੇਅਰਫੀਲਡ ਵਿਚ ਅਹਿਮ ਮੀਟਿੰਗ ਕੀਤੀ

**ਫੇਅਰਫੀਲਡ (ਹੁਸਨ ਲੜੋਆ ਬੰਗਾ)–** ਕੁਸ਼ਤੀ ਨੂੰ ਉਤਸ਼ਾਹਿਤ ਕਰਨ ਲਈ ਕੈਲੇਫੋਰਨੀਆ ਦੇ ਸ਼ਹਿਰ ਫੇਅਰਫੀਲਡ ਵਿਚ ਅਹਿਮ ਮੀਟਿੰਗ ਹੋਈ, ਜਿਸ ਵਿਚ ਵਿਸ਼ਵ ਚੈਂਪੀਅਨ ਪਦਮਸ੍ਰੀ ਕਰਤਾਰ ਸਿੰਘ ਪਹਿਲਵਾਨ ਪ੍ਰਧਾਨ ਪੰਜਾਬ ਕੁਸ਼ਤੀ ਸੰਸਥਾ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਦੇਸ਼-ਵਿਦੇਸ਼ ਵਿਚ ਨਵੀਂ ਪਨੀਰੀ ਨੂੰ ਕੁਸ਼ਤੀ ਵੱਲ ਪ੍ਰੇਰਿਤ ਤੇ ਉਤਸ਼ਾਹਿਤ ਕਰਨ, ਕੁਸ਼ਤੀ ਦੇ ਪ੍ਰਚਾਰ ਤੇ ਪ੍ਰਸਾਰ ਅਤੇ ਕੁਸ਼ਤੀ ਨੂੰ ਹੱਲਾਸ਼ੇਰੀ ਦੇਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਮੇਂ ਮੀਟਿੰਗ ਦੀ ਪ੍ਰਧਾਨਗੀ ਫਰੀਡਮ ਫਾਈਟਰ ਪਰਿਵਾਰ ਦੇ ਬੁਲਾਰੇ ਤੇ ਖੇਡ ਪ੍ਰਮੋਟਰ ਅਜੀਤ ਸਿੰਘ ਸੰਧੂ ਨੇ ਕੀਤੀ ਅਤੇ ਉਹਨਾਂ ਨੇ ਇਸ ਸਬੰਧੀ ਆਪਣੇ ਸੁਝਾਅ ਦਿੱਤੇ ਅਤੇ ਪ੍ਰਵਾਸੀ ਖੇਡ ਪ੍ਰੇਮੀਆਂ ਵੱਲੋਂ ਇਸ ਕਾਰਜ ਲਈ ਸਹਿਯੋਗ ਦੇਣ ਦਾ ਵਾਅਦਾ ਕੀਤਾ। ਅਰਜਨ ਅਵਾਰਡੀ ਪਦਮ ਸ੍ਰੀ ਕਰਤਾਰ ਸਿੰਘ ਨੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ ਪੰਜਾਬ ਵਿਚ ਕੁਸ਼ਤੀ ਦੀ ਨਰਸਰੀ ਤਿਆਰ ਕਰਨ ਲਈ ਕੁਸ਼ਤੀ ਅਕੈਡਮੀਆਂ ਤੇ ਕੁਸ਼ਤੀ ਦੇ ਸੈਂਟਰ ਚਲਾਉਣ ਦਾ ਫੈਸਲਾ ਕੀਤਾ ਹੈ। ਉਹਨਾਂ ਦੱਸਿਆ ਕਿ ਕੁਸ਼ਤੀ ਨੂੰ ਬੜਾਵਾ ਦੇਣ ਲਈ ਤੇ ਕੁਸ਼ਤੀ ਦੇ ਪ੍ਰਚਾਰ ਤੇ ਪ੍ਰਚਾਰ ਲਈ ਸ਼ਹੀਦ ਭਗਤ ਸਿੰਘ ਅੰਤਰ ਰਾਸ਼ਟਰੀ ਕੁਸ਼ਤੀ ਟੂਰਨਾਮੈਂਟ ਪੰਜਾਬ ਵਿਚ ਕਰਵਾਉਣ ਦਾ ਉਪਰਾਲਾ ਕਰ ਚੁੱਕੇ ਹਨ। ਇਸ ਮੌਕੇ ਫੇਅਰਡੀਲਡ ਗੁਰਦੁਆਰਾ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਬਲਦੇਵ ਸਿੰਘ ਤੇ ਗਰਮੀਤ ਸਿੰਘ ਮੱਲੀ ਨੇ ਆਪਣੇ ਆਪਣੇ ਵਿਚਾਰ ਪੇਸ਼ ਕਰਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ।





## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਜੂਨ-ਜੁਲਾਈ ਮਹੀਨੇ ਦੇ ਪ੍ਰੋਗਰਾਮ

ਸਮੂਹ ਸਾਧ ਸੰਗਤ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 12 ਜੁਲਾਈ ਦਿਨ ਵੀਰਵਾਰ ਨੂੰ ਸੰਤ ਬਾਬਾ ਲੱਖਾ ਸਿੰਘ ਜੀ ਨਾਨਕਸਰ ਥਾਟ ਵਾਲੇ ਸ਼ਾਮ ਦੇ ਦੀਵਾਨ 'ਚ 7 ਵਜੇ ਤੋਂ ਲੈ ਕੇ 8 ਵਜੇ ਤੱਕ ਗੁਰਮਤਿ ਵਿਚਾਰਾਂ ਨਾਲ ਨਿਹਾਲ ਕਰਨਗੇ ਜੀ।

13 ਜੁਲਾਈ ਸ਼ੁੱਕਰਵਾਰ ਤੋਂ 15 ਜੁਲਾਈ ਐਤਵਾਰ, ਕੈਲੇਫੋਰਨੀਆ ਗਤਕਾ ਦਲ ਵੱਲੋਂ ਗੁਰੂ ਘਰ ਵਿਖੇ ਬੱਚਿਆਂ ਦਾ ਤਿੰਨ ਦਿਨਾ ਕੈਂਪ ਲੱਗੇਗਾ, ਜਿਸ ਵਿਚ ਗਤਕਾ, ਗੁਰਮਤਿ ਕਲਾਸਾਂ ਅਤੇ ਸਿੱਖ ਧਰਮ ਦੀ ਮੁਢਲੀ ਜਾਣਕਾਰੀ ਦਿੱਤੀ ਜਾਵੇਗੀ, ਇਸ ਕੈਂਪ ਵਿਚ ਵਿਸ਼ੇਸ਼ ਤੌਰ 'ਤੇ ਭਾਈ ਅਨੰਤਵੀਰ ਸਿੰਘ ਜੀ, ਤ੍ਰਿਲੋਚਨ ਸਿੰਘ ਜੀ, ਬਲਜੀਤ ਕੌਰ ਜੀ ਪਹੁੰਚ ਰਹੇ ਹਨ।

14 ਜੁਲਾਈ ਸ਼ਨਿਚਰਵਾਰ ਨੂੰ ਰੈਣ ਸਬਾਈ ਕੀਰਤਨ ਹੋਵੇਗਾ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰੋ ਜੀ।

14 ਜੁਲਾਈ ਸ਼ਨਿਚਰਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰ ਦੀ ਸੇਵਾ ਨਰਿੰਦਰ ਸਿੰਘ ਗੋਸਲ ਪਰਿਵਾਰ ਵੱਲੋਂ ਹੋਵੇਗੀ। 15 ਜੁਲਾਈ ਦਿਨ ਐਤਵਾਰ ਨੂੰ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਤੇ ਲੰਗਰ ਦੀ ਸੇਵਾ ਸ. ਭੁਪਿੰਦਰ ਸਿੰਘ ਬਾਜਵਾ ਅਤੇ ਸ. ਕੁਲਦੀਪ ਸਿੰਘ ਔਲਖ ਪਰਿਵਾਰਾਂ ਵੱਲੋਂ ਹੋਵੇਗੀ। 16 ਜੁਲਾਈ ਦਿਨ ਸੋਮਵਾਰ ਸਾਵਣ ਦੇ ਮਹੀਨੇ ਦੀ ਸੰਗਰਾਂਦ ਸਵੇਰ ਅਤੇ ਸ਼ਾਮ ਦੇ ਦੀਵਾਨ ਅਤੇ ਲੰਗਰਾਂ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ ਜੀ। 12 ਜੁਲਾਈ ਤੋਂ 14 ਜੁਲਾਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਜਸਬੀਰ ਸਿੰਘ ਧਾਮੀ ਦੇ ਗ੍ਰਹਿ ਵਿਖੇ ਹੋਵੇਗੀ।

# ਨਈਅਰ ਪਰਿਵਾਰ ਨੇ ਆਪਣੇ ਗ੍ਰਹਿ ਵਿਖੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਉਪਰੰਤ ਮਨਾਇਆ ਬੱਚੇ ਅਰਨਵ ਦਾ ਪਲੇਠਾ ਜਨਮ ਦਿਨ

**ਟਰੇਸੀ (ਬਿਊਰੋ)–** ਬੀਤੇ ਦਿਨੀਂ (ਜੁਲਾਈ 7, 2018) ਨੂੰ ਸਕਾਈ ਟਰਾਂਸਪੋਰਟ ਸਲੂਸਨਜ਼ ਦੇ ਮਾਲਕ ਸ੍ਰੀ ਅਕਾਸ਼ ਨਈਅਰ ਤੇ ਤਕਸ਼ਿਲਾ ਨਈਅਰ ਦੇ ਹੋਣਹਾਰ ਸਪੂਤ ਅਰਨਵ ਨਈਅਰ ਦਾ ਪਹਿਲਾ ਜਨਮ ਦਿਨ ਬਹੁਤ ਹੀ ਚਾਵਾਂ-ਖੁਸ਼ੀਆਂ-ਉਮੰਗਾਂ ਨਾਲ ਟਰੇਸੀ ਹਿਡਨ ਲੇਕ ਵਿਖੇ ਮਨਾਇਆ ਗਿਆ। ਇਸ ਮੌਕੇ ਨਈਅਰ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ ਤੇ ਭੋਗ ਪਾਏ ਜਾਣ ਉਪਰੰਤ ਗੁਰਦੁਆਰਾ ਸਾਹਿਬ ਨਾਨਕ ਪ੍ਰਕਾਸ਼ ਟਰੇਸੀ ਦੇ ਦਮਦਮੀ ਟਕਸਾਲ ਵਾਲੇ ਭਾਈ ਸਾਹਿਬ ਭਾਈ ਹਰੀ ਸਿੰਘ ਜੀ, ਭਾਈ ਸੂਬਾ ਸਿੰਘ ਜੀ ਤੇ ਭਾਈ ਬਖਸ਼ੀਸ਼ ਸਿੰਘ ਜੀ ਨੇ ਬਹੁਤ ਹੀ ਗੁਰਬਾਣੀ ਸ਼ਬਦ ਗਾਇਨ ਕਰਕੇ ਇਕੱਤਰ ਹੋਈ ਸੰਗਤ ਨੂੰ ਨਿਹਾਲ ਕੀਤਾ ਅਤੇ ਇਸ ਉਪਰੰਤ ਕਥਾਵਾਚਕ ਗਿਆਨੀ ਜਸਵਿੰਦਰ ਸਿੰਘ ਜੀ ਨੇ ਧਾਰਮਿਕ ਕਥਾ ਦੇ ਨਾਲ-ਨਾਲ ਗੁਰਬਾਣੀ ਦੀ ਸੰਧਿਆ/ ਮਾਧਿਅਮ ਤੋਂ ਬੱਚਿਆਂ ਪ੍ਰਤੀ ਮਾਤਾ-ਪਿਤਾ ਦਾ ਫਰਜ਼ ਤੇ ਘਰ ਅੰਦਰ ਧਾਰਮਿਕ- ਗਿਆਨ -ਵਿਗਿਆਨ ਦੀਆਂ ਰੁਚੀਆਂ ਤੇ ਬੱਚਿਆਂ ਨੂੰ ਇਕ ਪਰਿਵਾਰਕ ਵਧੀਆ ਮਾਹੌਲ ਮਿਲਦਾ ਹੈ ਜੋ ਬੱਚਿਆਂ ਦੇ ਭਵਿੱਖ ਨੂੰ ਸੁਨਹਿਰੀ ਬਣਾਉਣ 'ਚ ਸਹਾਇਕ ਹੁੰਦਾ ਹੈ। ਬੱਚਿਆਂ ਨੂੰ ਅੱਛੇ ਲੋਕ, ਅੱਛੇ ਸਮਾਜ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਜਿੱਥੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਉਸ ਘਰ ਅੰਦਰ ਵਾਹਿਗੁਰੂ ਦਾ ਪ੍ਰਤਾਪ ਤੇ ਸੁੱਖ-ਸਾਂਦ, ਖੁਸ਼ੀਆਂ ਦਾ ਵਾਧਾ ਹੁੰਦਾ ਹੈ।

ਇਸ ਸ਼ੁਭ ਅਵਸਰ ਤੇ ਅਰਨਵ ਦੇ ਦਾਦੀ ਜੀ ਸ੍ਰੀਮਤੀ ਸਵਿਤਾ ਨਈਅਰ ਤੇ ਦਾਦਾ ਸ੍ਰੀ ਤਿਲਕ ਰਾਜ ਨਈਅਰ ਜੀ ਤੇ ਉਹਨਾਂ ਦੀ ਬੇਟੀ ਭਾਵ ਅਰਨਵ ਦੀ ਭੂਆ ਜੀ ਰੀਨਾ ਵੀ ਕੈਨੇਡਾ ਤੋਂ ਉਚੇਚੇ ਤੌਰ 'ਤੇ ਪਹੁੰਚੀ ਹੋਈ ਸੀ। ਸ੍ਰੀ ਆਕਾਸ਼ ਨਈਅਰ ਦੇ ਮਾਸੀ-ਮਾਸੜ ਜੀ ਵੀ ਪਰਿਵਾਰ ਸਮੇਤ ਸ਼ਾਮਲ ਸਨ।

ਇਹਨਾਂ ਤੋਂ ਇਲਾਵਾ ਸ੍ਰੀ ਅਕਾਸ਼ ਨਈਅਰ ਦਾ ਸਟਾਫ ਮੈਂਬਰ ਤੇ ਸੱਜਣ-ਮਿੱਤਰ ਵਧਾਈਆਂ ਦੇਣ ਲਈ ਉਚੇਚੇ ਤੌਰ 'ਤੇ ਪਹੁੰਚੇ ਤੇ ਬੇਟਾ ਅਰਨਵ ਨੂੰ ਢੇਰ ਸਾਰੀਆਂ ਵਧਾਈਆਂ ਦਿੱਤੀਆਂ। ਇਹਨਾਂ ਤੋਂ ਇਲਾਵਾ ਨੰਨੇ-ਮੁੰਨੇ ਬੱਚੇ ਅਰਨਵ ਦੇ ਪਹਿਲੇ ਬਰਥ ਡੇਅ ਮਨਾਏ ਜਾਣ ਦੀ ਖੁਸ਼ੀ 'ਚ ਨਾਨਕੇ ਨਾ ਸ਼ਾਮਲ ਹੋਣ, ਇਹ ਕਦੇ ਹੋ ਸਕਦਾ ਹੈ? ਬੇਟਾ ਅਰਨਵ ਦੀ ਨਾਨੀ ਜੀ ਸ੍ਰੀਮਤੀ ਨਰੇਂਦਰ ਚੁੰਬਰ ਅਤੇ ਨਾਨਾ ਪ੍ਰੇਮ ਕੁਮਾਰ ਚੁੰਬਰ ਜੀ ਦੇ ਨਾਲ ਉਹਨਾਂ ਦੇ ਬੇਟੇ ਕਬੀਰ ਚੁੰਬਰ, ਅਮਾਂਡਾ ਅਤੇ ਇੰਡੀਆ ਤੋਂ ਉਚੇਚੇ ਤੌਰ 'ਤੇ ਤਕਸ਼ਿਲਾ ਦੇ ਮਾਸੀ ਜੀ ਸ੍ਰੀਮਤੀ ਸਵਿੰਦਰ ਭਾਟੀਆ ਤੇ ਮਾਸੜ ਸ੍ਰੀ ਸੁਰਿੰਦਰ ਮੋਹਨ ਭਾਟੀਆ ਜੀ ਨੇ ਸ਼ਾਮਲ ਹੋ ਕੇ ਅਰਨਵ ਨੂੰ ਢੇਰ ਸਾਰਾ ਪਿਆਰ ਤੇ ਸਮੂਹ ਨਈਅਰ ਪਰਿਵਾਰ ਨੂੰ ਦਿਲੀ ਨਿੱਘੀ ਹਾਰਦਿਕ ਵਧਾਈਆਂ ਦੇ ਕੇ ਖੁਸ਼ੀਆਂ ਵਿਚ ਵਾਧਾ ਕੀਤਾ। ਇਸ ਉਪਰੰਤ ਨਈਅਰ ਪਰਿਵਾਰ ਵੱਲੋਂ ਪ੍ਰੀਤੀ ਭੋਜਨ ਮਹਿਮਾਨਾਂ ਨੂੰ ਛਕਾਇਆ ਗਿਆ ਤੇ ਸ੍ਰੀ ਅਮਰਪ੍ਰੀਤ ਸਿੰਘ ਨਾਗਰਾ ਨੇ ਆਪਣੇ ਦੋਸਤਾਂ-ਮਿੱਤਰਾਂ ਨਾਲ ਖੁਸ਼ੀ ਦੇ ਪਲਾਂ ਨੂੰ ਸਾਂਝਾ ਕੀਤਾ।

**(ਤਸਵੀਰਾਂ ਦੇਖੋ ਸਫਾ 11 'ਤੇ)**

# ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਵੱਲੋਂ 29 ਜੁਲਾਈ ਨੂੰ ਹੋਣ ਵਾਲੇ ਦਸਵੇਂ ਅੰਤਰ-ਰਾਸ਼ਟਰੀ ਯੁਵਕ ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਵਿਦੇਸ਼ਾ ਵਿੱਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਬੱਚਿਆਂ ਨੂੰ ਉਸ ਨਾਲ ਜੋੜਨ ਲਈ ਜੀ. ਐਚ. ਜੀ. ਸੰਗੀਤ ਅਤੇ ਡਾਂਸ਼ ਅਕੈਡਮੀ ਫਰਿਜ਼ਨੋ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਸਲਾਨਾ ਸਲਾਨਾ ਦਸਵਾ ਗਿੱਧਾ, ਭੰਗੜਾ ਅਤੇ ਸੰਗੀਤ ਆਦਿਕ ਪੰਜਾਬੀ ਸੱਭਿਆਚਾਰਕ ਸਿੱਖਲਾਈ ਕੈਂਪ 6 ਜੁਲਾਈ ਤੋਂ 20 ਜੁਲਾਈ ਤੱਕ ਪੰਜਾਬੀ ਸਕੂਲ ਫਰਿਜ਼ਨੋ ਵਿਖੇ ਬੜੀ ਸਫਲਤਾ ਨਾਲ ਚਲ ਰਿਹਾ ਹੈ। ਇਸ ਕੈਂਪ ਵਿੱਚ 600 ਤੋਂ ਵਧੀਕ ਬੱਚੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਗਿੱਧਾ-ਭੰਗੜਾ ਤੇ ਹੋਰ ਗੀਤ ਸੰਗੀਤ ਆਦਿਕ ਗਤੀਵਿਧੀਆਂ ਦੀ ਸਿੱਖਿਆ ਸੁਚੱਜੇ ਮਾਹਰਾ ਤੋਂ ਪ੍ਰਾਪਤ ਕਰ ਰਹੇ ਹਨ। ਬੱਚਿਆ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਿਆ ਜਾ ਰਿਹਾ ਅਤੇ ਭਾਈਚਾਰਕ ਸਾਂਝ ਤੇ ਸਮਾਨਤਾ ਨਾਲ ਰਹਿਣ ਦੇ ਗੁਣ ਵੀ ਭਰੇ ਜਾ ਰਹੇ ਹਨ। ਇਸ ਤੋਂ ਇਲਾਵਾ ਪਰਿਵਾਰਕ ਮੈਂਬਰ ਅਤੇ ਬਜੁਰਗ ਵੀ ਆਪਸੀ ਮਿਲ ਸਾਂਝਾ ਸਮਾਂ ਬਤੀਤ ਕਰ ਖੁਸ਼ੀ ਮਹਿਸੂਸ ਕਰ ਰਹੇ ਹਨ। ਕੈਂਪ ਦੀ ਸਮਾਪਤੀ ਦੇ ਆਖਰੀ ਦਿਨ 21 ਜੁਲਾਈ ਦਿਨ ਸ਼ਨੀਵਾਰ ਨੂੰ ਦਸਵਾ ਅੰਤਰ-ਰਾਸਟਰੀ ਪੱਧਰ ਤੇ ਯੁਵਕ ਮੇਲਾ ਕਰਵਾਇਆ ਜਾਵੇਗਾ। ਜੋ 'ਸ਼ੈਟਰਲ ਹਾਈ ਸਕੂਲ' ਫਰਿਜ਼ਨੋ ਵਿਖੇ ਹੋਵੇਗਾ। ਇਸ ਦਾ ਦਾਖਲਾ ਮੁਫਤ ਹੋਵੇਗਾ। ਜਿਸ ਦਾ ਪਤਾ 3535 N. Cornelia Ave, Fresno, CA-93722 ਹੈ। ਜਿਸ ਵਿੱਚ ਸਥਾਨਿਕ ਬੱਚਿਆ ਦੀਆਂ ਵੱਖ ਉਮਰ ਵਾਲੀਆਂ ਟੀਮਾ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾ ਤੋਂ ਇਲਾਵਾ ਕਨੇਡਾ ਤੋਂ ਵੀ ਟੀਮਾ ਸਿਰਕਤ ਕਰਨ-ਗੀਆਂ। ਜਿੰਨ੍ਹਾਂ ਦੁਆਰਾ ਗਿੱਧੇ ਅਤੇ ਭੰਗੜੇ ਦੇ ਮੁਕਾਬਲੇ ਹੋਣਗੇ। ਮੇਲੇ ਵਿੱਚ ਹਿੱਸਾ ਲੈਣ ਵਾਲੀਆਂ ਟੀਮਾਂ ਦੀ ਗਿਣਤੀ ਜਿਆਦਾ ਹੋਣ ਕਰਕੇ ਠੀਕ ਸਵੇਰੇ 10:00 ਵਜ਼ੇ ਸੁਰੂ ਹੋ ਜਾਵੇਗਾ। ਸਮੂੰਹ ਭਾਈਚਾਰੇ ਨੂੰ ਪਰਿਵਾਰਾ ਸਮੇਤ ਸਮੇਂ ਸਿਰ ਪਹੁੰਚਣ ਦੀ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਪ੍ਰਬੰਧਕਾ ਵਿੱਚ ਉਦੈਦੀਪ ਸਿੰਘ ਸਿੱਧੂ (559) 355-4065 ਜਾਂ ਪਰਮਜੀਤ ਸਿੰਘ ਧਾਲੀਵਾਲ (559) 351-9465 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਸਾਂਝੇ ਕਾਰਜ਼ ਨੂੰ ਨੇਪਰੇ ਚਾੜਨ ਵਿੱਚ ਸਮੁੱਚੀ ਜੀ. ਐਚ. ਜੀ. ਟੀਮ ਅਤੇ ਸਹਿਯੋਗੀਆਂ ਦਾ ਸਲਾਘਾਯੋਗ ਉੱਦਮ ਹੈ।






## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

# ਨਸ਼ਾ ਤਸਕਰਾਂ ਨਾਲ ਪਹਿਰੇਦਾਰ ਟੀਮ ਦੀ ਸਿੱਧੀ ਗੱਲਬਾਤ ਦੌਰਾਨ ਹੋਏ ਵੱਡੇ ਖੁਲਾਸੇ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)**–ਵਿਧਾਨ ਸਭਾ ਹਲਕਾ ਸਾਹਨੇਵਾਲ ਦਾ ਨਸ਼ੇ ਦੀ ਰਾਜਧਾਨੀ ਵਜੋਂ ਮਸ਼ਹੂਰ ਹੋਇਆ ਪਿੰਡ ਚੌਂਤਾ ਵਿੱਚ ਅੱਜ ਨਸ਼ੇ ਦੇ ਕਈ ਤਸਕਰਾਂ ਨੇ ਬਹੁਜਨ ਸਮਾਜ ਪਾਰਟੀ ਦੇ ਹਲਕਾ ਕਰਤਾਰਪੁਰ ਤੋਂ ਸੀਨੀਅਰ ਆਗੂ ਡਾ: ਸੁਖਜਿੰਦਰ ਸਿੰਘ ਦੀ ਕੌਂਸਲਿੰਗ ਤੋਂ ਬਾਅਦ ਪਹਿਰੇਦਾਰ ਦੀ ਟੀਮ ਨਾਲ ਸਿੱਧੀ ਗੱਲ ਕੀਤੀ। ਇਸ ਦੌਰਾਨ ਰਾਏ ਭਾਈਚਾਰੇ ਨਾਲ ਸਬੰਧਿਤ ਇਨ੍ਹਾਂ ਤਸਕਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਜਿਥੇ ਆਪਣੇ ਦੁੱਖੜੇ ਉਥੇ ਹੀ ਇੱਕ ਏ ਐਸ ਆਈ ਤੇ 50 ਹਜਾਰ ਰੁਪਏ ਲੈਣ ਅਤੇ ਇੱਕ ਦਲਾਲ ਤੇ 20 ਹਜਾਰ ਰੁਪਏ ਲੈਣ ਅਤੇ 10 ਹਜਾਰ ਹੋਰ ਲੈਣ ਲਈ ਧਮਕਾਉਣ ਦੇ ਦੋਸ਼ ਵੀ ਲਗਾਏ। ਇਸ ਮੌਕੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਗੁਰਦੀਪ ਸਿੰਘ ਜੇਜੀ ਉਹ 3 ਸਾਲ ਪਹਿਲਾਂ ਪਹਿਲਾਂ ਡੋਡੇ ਅਤੇ ਬਾਅਦ ਵਿੱਚ ਚਿੱਟਾ ਵੇਚਣ ਦਾ ਕੰਮ ਕਰਦਾ ਸੀ। ਇਸ ਦੌਰਾਨ ਥਾਣਾ ਕੂੰਮਕਲ੍ਹਾਂ ਵਿਖੇ ਤਾਇਨਾਤ ਇੱਕ ਏ ਐਸ ਆਈ ਜਸਵੀਰ ਸਿੰਘ ਨੇ ਉਸਤੋਂ 50 ਹਜਾਰ ਰੁਪਏ ਰਿਸਵਤ ਲੈਣ ਅਤੇ ਇਨ੍ਹਾਂ ਪੈਸਿਆਂ ਨੂੰ ਪੂਰਾ ਕਰਨ ਲਈ ਨਸ਼ੇ ਦੀ ਤਸਕਰੀ ਕਰਨ ਦੀ ਖੁੱਲ ਤੱਕ ਦੇ ਦਿੱਤੀ ਸੀ। ਉਸਨੇ ਕਿਹਾ ਕਿ ਲੱਕੜ ਦਾ ਕੰਮ ਕਰਨ ਲਈ ਬਹੁਤ ਜੋਰ ਦੀ ਜਰੂਰਤ ਹੈ ਜਿਸ ਦੇ ਕਾਰਨ ਉਹ ਡੋਡੇ ਖਾਂਦਾ ਹੈ ਪਰ ਉਹ ਨਸ਼ੇ ਦੀ ਤਸਕਰੀ ਨਹੀ ਸੀ ਕਰਦਾ। ਉਸ ਤੋਂ ਜਬਰੀ 50 ਹਜਾਰ ਰੁਪਏ ਰਿਸਵਤ ਦੇ ਲੈ ਲਏ ਗਏ। ਇਸ ਤੋਂ ਬਾਅਦ ਉਸ ਉੱਪਰ ਇੱਕ ਝੂਠਾ ਪਰਚਾ 2014 ਵਿੱਚ ਦਰਜ ਕਰ ਦਿੱਤਾ ਗਿਆ ਅਤੇ ਹੁਣ ਵੇਚਦਾ ਵੀ ਨਹੀ ਸੀ ਅਤੇ ਕੁਝ ਮਹੀਨੇ ਪਹਿਲਾਂ ਦੂਜਾ ਝੂਠਾ ਪਰਚਾ ਦਰਜ ਕਰ ਦਿੱਤਾ ਗਿਆ। ਉਸਨੇ ਪੰਜਾਬ ਦੇ ਮੁੱਖ ਮੰਤਰੀ ਅਤੇ ਡੀ ਜੀ ਪੀ ਪੰਜਾਬ ਨੂੰ ਅਪੀਲ ਕੀਤੀ ਕਿ ਉਹ ਆਮ ਸ਼ਹਿਰੀਆਂ ਵਾਂਗ ਅਪਰਾਧ ਮੁਕਤ ਜਿੰਦਗੀ ਬਤੀਤ ਕਰਨਾ ਚਾਹੁੰਦਾ ਹੈ ਇਸ ਲਈ ਉਨ੍ਹਾਂ ਨਾਲ ਧੱਕੇਸ਼ਾਹੀ ਕਰਨ ਦੀ ਬਜਾਏ ਸਹਿਯੋਗ ਦਿੱਤਾ ਜਾਵੇ। ਸੋਨੂੰ ਸਲੇਮਪੁਰ ਨੇ ਕਿਹਾ ਕਿ ਉਹ ਵੀ ਚਿੱਟੇ ਦਾ ਕਾਰੋਬਾਰ ਕਰਦਾ ਸੀ। ਚਿੱਟੇ ਦੇ ਵਪਾਰੀਆਂ ਨੇ ਪਹਿਲਾਂ ਉਸਨੂੰ ਚਿੱਟਾ ਪੀਣ ਲਗਾਇਆ ਅਤੇ ਫੇਰ ਇਸ ਦੀ ਪੂਰਤੀ ਕਰਨ ਅਤੇ ਪੈਸਾ ਕਮਾਉਣ ਦਾ ਲਾਲਚ ਦੇ ਕੇ ਚਿੱਟਾ ਵੇਚਣ ਲਗਾ ਦਿੱਤਾ। ਉਸਨੇ ਦੱਸਿਆ ਕਿ ਨਸ਼ਾ ਤਸਕਰ ਉਸਨੂੰ 20 ਤੋਂ 25 ਹਜਾਰ ਦੀ ਸਪਲਾਈ ਉਧਾਰ ਤੱਕ ਦੇ ਦਿੰਦੇ ਸਨ ਜਿਸਨੂੰ ਉਹ ਅੱਗੇ ਵੇਚ ਦਿੰਦਾ ਸੀ। ਉਸਨੇ ਦੱਸਿਆ ਕਿ ਨਸ਼ਾ ਤਸਕਰ ਅਣਜਾਣ ਨੰਬਰਾਂ ਤੋਂ ਫੋਨ ਕਰਕੇ ਚੰਡੀਗੜ੍ਹ ਰੋਡ ਤੇ ਬੁਲਾ ਕੇ ਮੂੰਹ ਢੱਕ ਨਸ਼ੇ ਦੀ ਸਪਲਾਈ ਦਿੰਦੇ ਸਨ ਅਤੇ ਸਪਲਾਈ ਦੇਣ ਤੋਂ ਬਾਅਦ ਨੰਬਰ ਬੰਦ ਹੋ ਜਾਂਦੇ ਸਨ ਇਸ ਲਈ ਉਹ ਵੱਡੇ ਤਸਕਰਾਂ ਤੋਂ ਅਣਜਾਣ ਹੀ ਰਹੇ। ਉਸਨੇ ਦੱਸਿਆ ਕਿ ਜਦੋਂ ਉਹ ਨਸ਼ਾ ਵੇਚਣ ਦਾ ਕੰਮ ਕਰਦਾ ਸੀ ਉਦੋਂ ਕੋਈ ਪਰਚਾ ਦਰਜ ਨਹੀ ਕੀਤਾ ਗਿਆ ਅਤੇ ਜਦੋਂ ਉਸਨੇ ਨਸ਼ਾ ਵੇਚਣਾ ਬੰਦ ਕਰ ਦਿੱਤਾ ਉਦੋਂ ਕੁਝ ਦਿਨ ਪਹਿਲਾਂ ਉਸ ਤੇ ਪਰਚਾ ਦਰਜ ਕਰ ਦਿੱਤਾ ਗਿਆ। ਉਸਨੇ ਏਹ ਵੀ ਦੱਸਿਆ ਕਿ ਏਹ ਪਰਚਾ ਦਰਜ ਹੋਣ ਤੋਂ ਰੋਕਣ ਲਈ ਕਿਸੇ ਅਟਬਾਲ ਸਿੰਘ ਨਾਮ ਦੇ ਵਿਆਕਤੀ ਨੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਤੋਂ 20 ਹਜਾਰ ਰੁਪਏ ਵੀ ਲੈ ਲਏ ਪਰਚਾ ਫੇਰ ਵੀ ਦਰਜ ਹੋ ਗਿਆ ਅਤੇ ਬਾਅਦ ਵਿੱਚ ਉਸਨੇ 10 ਹਜਾਰ ਦੀ ਹੋਰ ਮੰਗ ਕੀਤੀ। ਏਹ ਰਾਸ਼ੀ ਨਾ ਦੇਣ ਤੇ ਉਸਨੇ ਮੇਰੇ ਪਰਿਵਾਰਿਕ ਮੈਂਬਰਾਂ ਨੂੰ ਧਮਕਾਉਣਾ ਸੁਰੂ ਕਰ ਦਿੱਤਾ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਕਿਸੇ ਫੈਕਟਰੀ ਵਿੱਚ ਕੰਮ ਕਰਦਾ ਹੈ ਅਤੇ ਉਸਨੇ ਚਿੱਟਾ ਪੀਣਾ ਜਾਂ ਵੇਚਣਾ ਤਾਂ



ਦੂਰ ਕਦੇ ਦੇਖਿਆ ਤੱਕ ਨਹੀ ਫੇਰ ਵੀ ਉਸਤੇ ਪਰਚਾ ਦਰਜ ਕਰ ਦਿੱਤਾ ਗਿਆ। ਸੁੱਚਾ ਸਿੰਘ ਅਤੇ ਮੁੱਖਾ ਸਿੰਘ ਦੀਆਂ ਪਤ-ਨੀਆਂ ਨੇ ਕਿਹਾ ਕਿ ਉਨ੍ਹਾਂ ਦੇ ਪਤੀ ਨਸ਼ਾ ਕਰਦੇ ਹਨ ਅਤੇ ਇਸਦੀ ਪੂਰਤੀ ਲਈ ਨਸ਼ਾ ਵੇਚਦੇ ਵੀ ਹਨ। ਜਿਸ ਦਿਨ ਉਨ੍ਹਾਂ ਨੂੰ ਸਵੇਰੇ ਘਰੋਂ ਚੁੱਕ ਕੇ ਪਰਚਾ ਦਰਜ ਕੀਤਾ ਗਿਆ ਉਸ ਦਿਨ ਉਨ੍ਹਾਂ ਤੋਂ ਕੋਈ ਵੀ ਨਸ਼ਾ ਬਰਾਬਦ ਨਹੀ ਕੀਤਾ ਗਿਆ। ਨਰਿੰਦਰ ਸਿੰਘ ਨੇ ਕਿਹਾ ਕਿ ਉਹ ਡੋਡੇ ਪੀਂਦਾ ਹੈ ਪਰ ਨਸ਼ੇ ਵੇਚਦਾ ਨਹੀ। ਪੁਲਿਸ ਨੇ ਦੋਵਾਂ ਭਰਾਵਾਂ ਨੂੰ ਜਬਰੀ ਚੁੱਕ ਕੇ ਚਿੱਟਾ ਪਾਊਡਰ ਪਾ ਦਿੱਤਾ। ਸੋਮਾ ਨਾਮ ਦੀ ਔਰਤ ਨੇ ਕਿਹਾ ਕਿ ਉਸਦਾ ਘਰ ਵਾਲਾ ਕਈ ਸਾਲ ਪਹਿਲਾਂ ਨਸ਼ਾ ਵੇਚਦਾ ਅਤੇ ਕਰਦਾ ਜਰੂਰ ਸੀ ਜਿਸ ਕਾਰਨ ਉਸ ਤੇ ਪਰਚਾ ਵੀ ਦਰਜ ਹੋ ਗਿਆ ਸੀ ਜਿਸ ਦਾ 3000 ਰੁਪਏ ਜੁਰਮਾਨੇ ਤੋਂ ਬਾਅਦ ਨਿਪਟਾਰਾ ਵੀ ਹੋ ਚੁੱਕਿਆ ਹੈ। ਹੁਣ ਪੁਲਿਸ ਉਸ ਨੂੰ ਜਬਰੀ ਪ੍ਰੇਸ਼ਾਨ ਕਰ ਰਹੀ ਹੈ ਜਿਸ ਕਾਰਨ ਉਸਨੇ ਘਰ ਤੱਕ ਛੱਡ ਦਿੱਤਾ ਹੈ। ਏਸੇ ਦੁੱਖ ਵਿੱਚ 40 ਦਿਨ ਪਹਿਲਾਂ ਮੇਰੀ ਸੱਸ ਦੀ ਮੌਤ ਤੱਕ ਹੋ ਚੁੱਕੀ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜਰ ਰਾਏ ਸਿੱਖ ਭਾਈਚਾਰੇ ਦੇ ਲੋਕਾਂ ਨੇ ਕਿਹਾ ਕਿ ਰਾਏ ਬਰਾਬਰੀ ਦੀ ਹੋਣ ਕਾਰਨ ਉਨ੍ਹਾਂ ਨਾਲ ਏਹ ਸਲੂਕ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਅਸੀ ਨਸ਼ੇ ਦੀ ਤਸਕਰੀ ਕਰਦੇ ਹੋਈਏ ਤਾਂ ਸਾਡੇ ਘਰਾਂ ਦੇ ਹਾਲਾਤ ਬਦ ਤੋਂ ਬਦਤਰ ਨਾ ਹੋਣ। ਇਸ ਮੌਕੇ ਡਾ: ਸੁਖਜਿੰਦਰ ਸਿੰਘ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੂੰ ਅੱਜ ਚੰਗੀ ਕੌਂਸਲਿੰਗ ਦੀ ਜਰੂਰਤ ਹੈ। ਪੁਲਿਸ ਪ੍ਰਤੀ ਇਨ੍ਹਾਂ ਲੋਕਾਂ ਵਿੱਚ ਖੌਫ ਹੈ ਇਸ ਨਹੀ ਇਨ੍ਹਾਂ ਦੀ ਕੌਂਸਲਿੰਗ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਬਜਾਏ ਪ੍ਰਸ਼ਾਸਨ ਦੇ ਅਧਿਕਾਰੀ ਕਰਨ। ਉਨ੍ਹਾਂ ਕਿਹਾ ਕਿ ਏਹ ਲੋਕ ਮੁੱਖ ਧਾਰਾ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹਨ ਜਿਸ ਦੇ ਲਈ ਸਹਿਯੋਗ ਦੀ ਮੰਗ ਵੀ ਕਰਦੇ ਹਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਅਤੇ ਡੀ ਜੀ ਪੀ ਸ੍ਰੀ ਸੁਰੇਸ਼ ਅਰੋੜਾ ਤੋਂ ਇਨ੍ਹਾਂ ਦੇ ਲਈ ਪੁਲਿਸ ਤੋਂ ਸੁੱਰਖਿਆ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਰਾਏ ਭਾਈਚਾਰੇ ਦੇ ਜੋ ਲੋਕ ਨਸ਼ੇ ਨਾ ਵੇਚਣ ਦਾ ਪ੍ਰਣ ਕਰਨਗੇ ਉਨ੍ਹਾਂ ਦੀ ਮੱਦਦ ਲਈ ਉਹ ਤਿਆਰ ਰਹਿਣਗੇ ਅਤੇ ਅਜਿਹੇ ਲੋਕਾਂ ਨੂੰ ਬੇਵੱਜਾ ਤੰਗ ਪ੍ਰੇਸ਼ਾਨ ਕਰਨ ਵਾਲੇ ਪੁਲਿਸ ਮੁਲਾਜਮਾਂ ਅਤੇ ਅਧਿਕਾਰੀਆਂ ਨੂੰ ਵੀ ਉਹ ਬਖਸ਼ਣਗੇ ਨਹੀ ਅਤੇ ਇਨ੍ਹਾਂ ਤੇ ਕਾਰਵਾਈ ਲਈ ਉੱਚ ਅਧਿਕਾਰੀਆਂ ਤੱਕ ਪਹੁੰਚ ਕਰਨ ਦੇ ਨਾਲ ਨਾਲ ਹਾਈ ਕੋਰਟ ਅਤੇ ਸੁਪਰੀਮ ਕੋਰਟ ਤੱਕ ਜਾਣ ਤੋਂ ਗੁਰੇਜ ਨਹੀ ਕਰਨਗੇ। ਉਨ੍ਹਾਂ ਕਿਹਾ ਕਿ ਜੋ ਨਸ਼ੇ ਵੇਚਣ ਤੋਂ ਨਹੀ ਹੱਟਣਗੇ ਉਨ੍ਹਾਂ ਤੇ ਕਾਰਵਾਈ ਲਈ ਉਹ ਖੁਦ ਅੱਗੇ ਆਉਣਗੇ ਅਤੇ ਅਜਿਹੇ ਮਾੜੇ ਅਨਸਰਾਂ ਦਾ ਸਮਾਜਿਕ ਬਾਈਕਾਟ ਕਰਨ ਤੋਂ ਵੀ ਗੁਰੇਜ ਨਹੀ ਕਰਨਗੇ।

# ਖੇਲੋ੍ਹ ਪੰਜਾਬ, ਪੜ੍ਹੋ ਪੰਜਾਬ ਤਹਿਤ ਮੈਰਾਥਨ ਅਤੇ ਲੋਕ ਖੇਡਾਂ ਕਰਵਾਈਆਂ

**ਬਰੇਟਾ (ਗੁਰਦੀਪ ਦੀਪ)** ਮਿਸ਼ਨ ਤੰਦਰੁਸਤ ਪੰਜਾਬ ਅਧੀਨ ਖੇਲ੍ਹੋ ਪੰਜਾਬ, ਪੜ੍ਹੋ ਪੰਜਾਬ ਤਹਿਤ ਮੈਰਾਥਨ ਅਤੇ ਲੋਕ ਖੇਡਾਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਰੇਟਾ (ਮਾਨਸਾ) ਵਿਖੇ ਕਰਵਾਈਆ ਗਈਆਂ। ਮੈਰਾਥਨ ਦੌੜ ਦੀ ਸ਼ੁਰੂਆਤ ਸਰਕਾਰੀ ਹਾਈ ਸਕੂਲ, ਖੁਡਾਲ ਕਲਾਂ (ਮਾਨਸਾ) ਤੋਂ ਸਵੇਰੇ 6:30 ਵਜੇ ਪਿੰਡ ਖੁਡਾਲ ਦੇ ਸਾਬਕਾ ਸਰਪੰਚ ਸ. ਮੋਹਨ ਸਿੰਘ ਦੁਆਰਾ ਹਰੀ ਝੰਡੀ ਦਿਖਾ ਕੇ ਕੀਤੀ ਗਈ।



ਮੈਰਾਥਨ ਦਾ ਸਮਾਪਤੀ ਪੁਆਇੰਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਰੇਟਾ (ਮਾਨਸਾ) ਰੱਖਿਆ ਗਿਆ। ਲੋਕ ਖੇਡਾਂ ਤਹਿਤ ਵਿਰਾਸਤੀ ਖੇਡਾਂ-ਰੱਸਾਕੱਸੀ, ਰੁਮਾਲ ਚੁੱਕਣਾ, ਜਲੇਬੀ ਰੇਸ, ਪੀਚੋ ਬੱਕਰੀ, ਪਿੱਠੂ ਆਦਿ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ ਬੱਚਿਆਂ ਨੇ ਦਿਲਚਸਪੀ ਨਾਲ ਭਾਗ ਲਿਆ। ਪ੍ਰਿੰਸੀਪਲ ਮੈਡਮ ਸਤਵਿੰਦਰ ਕੌਰ ਜੀ ਦੀ ਰਹਿਨੁਮਾਈ ਹੇਠ ਜੇਤੂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸਹਿਯੋਗੀ ਸੱਜਣਾਂ ਵੱਲੋਂ ਸ. ਹਰਬਲਾਸ ਸਿੰਘ (ਸਰਪੰਚ), ਸ਼੍ਰੀ ਅਸਵਨੀ ਖੁਡਾਲ (ਸਕੂਲ ਮੁੱਖੀ), ਸ਼੍ਰੀ ਖਜਾਨਚੀ ਰਾਮ ਆਦਿ ਦਾ ਧੰਨਵਾਦ ਕੀਤਾ ਗਿਆ। ਇਸ ਸਮੁੱਚੇ ਸਟਾਫ਼ ਨੇ ਸਮੂਲੀਅਤ ਕੀਤੀ।


FARMERS INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
ਮਨਜੀਤ ਕੌਰ
Cell: 916-412-5222
Tel: 916-550-0318
Fax: 916-891-5109
Email: mkaur@farmersagent.com
COVERED CALIFORNIA
7651 Daly Ave, Suite Sacramento CA 95842

Buying, Selling any Kind of Real Estate or just need friendly advice call
DALVIR 'DIL' NIJJAR
916-628-2210
Dil.realtor@gmail.com
RE/MAX
2081 Arena Blvd. @ 100
Sacramento CA 95835
Realtor,
Lic # 01418648

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics
9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਵਿਚ 'ਚਿੱਟੇ ਦੇ ਵਿਰੁਧ ਕਾਲ਼ਾ ਹਫ਼ਤਾ' ਦੀ ਪ੍ਰੋੜ੍ਹਤਾ

**ਹੁਸ਼ਿਆਰਪੁਰ-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਮੀਟਿੰਗ ਪ੍ਰਧਾਨ ਮਦਨ ਵੀਰਾ ਅਤੇ ਸੂਫ਼ੀ ਗਾਇਕ ਗੁਰਦੀਪ ਸਿੰਘ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿਚ ਸਭ ਤੋਂ ਪਹਿਲਾਂ ਪਿਛਲੇ ਦਿਨੀਂ ਡਾ. ਕਰਮਜੀਤ ਸਿੰਘ ਦੇ ਮਾਤਾ ਜੀ ਦੇ ਅਚਨਚੇਤ ਵਿਛੋੜਾ ਦੇ ਜਾਣ ਕਾਰਨ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਪਰਿਵਾਰ ਨਾ਼ਲ ਸੰਵੇਦਨਾ ਪ੍ਰਗਟ ਕੀਤੀ ਗਈ।ਪੰਜਾਬ ਵਿਚ ਨਸ਼ਿਆਂ ਦੇ ਪ੍ਰਕੋਪ ਨਾਲ ਤਬਾਹ ਹੋ ਰਹੀ ਜਵਾਨੀ ਦੇ ਮੁਦੇ ਤੇ ਆਮ ਲੋਕਾਂ ਵਲੋਂ ਮਨਾਏ ਜਾ ਰਹੇ 'ਚਿੱਟੇ ਦੇ ਵਿਰੁਧ ਕਾ਼ਲਾ ਹਫ਼ਤਾ' ਦੀ ਪ੍ਰੋੜਤਾ ਕਰਦਿਆਂ ਡਾ. ਕਰਮਜੀਤ ਸਿੰਘ ਵਲੋਂ ਪੇਸ਼ ਕੀਤੇ ਗਏ ਸੰਵੇਦਨਸ਼ੀਲ ਵਿਚਾਰਾਂ ਦੇ ਅਧਾਰ ਤੇ ਇਸ ਸਬੰਧੀ ਮਤਾ ਵੀ ਪਾਸ ਕੀਤਾ ਗਿਆ।ਆਮ ਲੋਕਾਂ ਵਲੋਂ ਸ਼ੁਰੂ ਕੀਤੀ ਗਈ ਇਸ ਮੁਹਿੰਮ ਦੇ ਨਾ਼ਲ ਲੇਖਕਾਂ ਅਤੇ ਸਮਾਜ ਦੇ ਹੋਰ ਬੁਧੀਜੀਵੀਆਂ ਨੂੰ ਵੀ ਇਸ ਸੰਘਰਸ਼ ਵਿਚ ਕੁਦਣ ਦੀ ਅਪੀਲ ਕੀਤੀ ਗਈ।ਪਿਛਲੇ ਮਹੀਨੇ ਸਾਹਿਤ ਸਭਾ ਵਲੋਂ ਦੋ ਪੁਸਤਕਾਂ "ਹਰਿਆਣੇ ਦੇ ਪੰਜਾਬੀ ਲੋਕ ਗੀਤ" ਅਤੇ "ਕਾ਼ਲੇ ਵਰਕੇ ਵਸਤੂ, ਬਿਰਤਾਂਤ ਤੇ ਸੰਰਚਨਾ" ਤੇ ਕਰਵਾਈ ਗਈ ਗੋਸ਼ਟੀ ਦੀ ਵੀ ਪੜਚੋਲ ਕੀਤੀ



ਗਈ। ਇਸ ਮੌਕੇ ਚਿਰਾ਼ਗ ਮੈਗਜ਼ੀਨ ਦਾ 100ਵਾਂ ਅੰਕ ਜੋ ਕਾਰਲ ਮਾਰਕਸ ਦੇ ਦੋ ਸੌਵੇਂ ਜਨਮ ਦਿਵਸ ਨੂੰ ਸਮਰਪਿਤ ਹੈ ਵੀ ਲੋਕ ਅਰਪਣ ਕੀਤਾ ਗਿਆ।

ਉਪਰੰਤ ਰਚਨਾਵਾਂ ਦੇ ਦੌਰ ਵਿਚ ਸਾਹਿਤਕਾਰਾਂ ਵਲੋਂ ਕਵਿਤਾਵਾਂ, ਗ਼ਜ਼ਲਾਂ, ਕਹਾਣੀਆਂ ਅਤੇ ਲੇਖਾਂ ਨਾਲ ਖ਼ੂਬ ਰੰਗ ਬੰਨਿਆਂ ਗਿਆ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਮਦਨ ਵੀਰਾ ਅਤੇ ਗੁਰਦੀਪ ਸ਼ੇਰਗੜ੍ਹ ਨੇ ਪੇਸ਼ ਕੀਤੀਆਂ ਗਈਆਂ ਰਚਨਾਵਾਂ ਤੇ ਭਾਵਪੂਰਤ ਟਿੱਪਣੀਆਂ ਕੀਤੀਆਂ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਡਾ. ਮਨਮੋਹਨ ਸਿੰਘ ਤੀਰ, ਪ੍ਰਿੰ. ਸਤਵੰਤ ਕਲੋਟੀ, ਸ਼ਮਸ਼ੇਰ ਮੋਹੀ, ਤ੍ਰਿਪਤਾ ਕੇ ਸਿੰਘ, ਡਾ. ਅਵਤਾਰ ਹੋਠੀ, ਪਰਮਜੀਤ ਸਿੰਘ ਗੇਰਾ, ਸੰਦੀਪ ਕੁਮਾਰ, ਗੁਰਬਖਸ਼ ਸਿੰਘ ਡੋਗਰਾ, ਪ੍ਰਿੰ. ਗੁਰਦਿਆਲ ਸਿੰਘ ਫੁੱਲ, ਸੁਰਿੰਦਰ ਕੰਗਵੀ, ਲਖਵਿੰਦਰ ਰਾਮ, ਆਂਯੂਸ਼ ਸ਼ਰਮਾ,ਇਕਬਾਲ ਕੌਰ, ਸ਼ਾਇਨ, ਪੂਨਮ, ਮੁੰਨਾ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**
**(91-98158-25999)**

# ਸਿਆਟਲ ਪਲਾਸਟਿਕ ਦੇ ਡਿਸਪੋਜ਼ੇਬਲ ਸਾਮਾਨ ਨਾ ਵਰਤਣ ਵਾਲਾ ਅਮਰੀਕਾ ਦਾ ਪਹਿਲਾ ਸ਼ਹਿਰ ਬਣਿਆ

**ਸਿਆਟਲ (ਹਰਮਨਪ੍ਰੀਤ ਸਿੰਘ)-** ਸਿਆਟਲ ਦੀ ਸਿਟੀ ਕਾਸਲ ਵਲੋਂ ਇਕ ਇਤਿਹਾਸਕ ਫ਼ੈਸਲਾ ਬੀਤੇ ਦਿਨੀਂ ਕੀਤਾ ਗਿਆ, ਜਿਸ ਵਿਚ ਸਿਟੀ ਆਫ਼ ਸਿਆਟਲ ਨੇ ਇਕ ਹੁਕਮ ਜਾਰੀ ਕਰ ਕੇ ਰੈਸਟੋਰੈਂਟਾਂ ਤੇ ਹੋਰ ਖਾਣ-ਪੀਣ ਦੀਆਂ ਥਾਵਾਂ 'ਤੇ ਵਰਤੇ ਜਾਂਦੇ ਪਲਾਸਟਿਕ ਦੇ ਡਿਸਪੋਜ਼ੇਬਲ ਸਾਮਾਨ ਜਿਸ ਵਿਚ ਤਰਲ ਪਦਾਰਥ ਪੀਣ ਲਈ ਵਰਤੇ ਜਾਂਦੇ ਸਟਰਾਅ, ਪਲਾਸਟਿਕ ਦੇ ਚਮਚੇ, ਪਲੇਟਾਂ, ਗਲਾਸ ਤੇ ਹੋਰ ਸਾਮਾਨ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ । ਇਸ ਦੀ ਉਲੰਘਣਾ ਕਰਨ ਵਾਲੇ ਨੂੰ ਭਾਰੀ ਜੁਰਮਾਨੇ ਕੀਤੇ ਜਾ ਸਕਦੇ ਹਨ । ਇਸ ਹੁਕਮ ਨਾਲ ਸਿਆਟਲ ਦੇ ਪੰਜ ਹਜ਼ਾਰ ਤੋਂ ਵੱਧ ਰੈਸਤਰਾਂ ਪ੍ਰਭਾਵਿਤ ਹੋਏ ਹਨ । ਪਰ ਇਸ ਦੇ ਬਦਲੇ ਗਲਨਯੋਗ



ਡਿਸਪੋਜ਼ੇਬਲ ਸਾਮਾਨ ਬਾਜ਼ਾਰ ਵਿਚ ਉਪਲਬੱਧ ਹੋ ਗਿਆ ਹੈ, ਜਿਸ ਦੀ ਵਰਤੋਂ ਰੈਸਤਰਾਂ ਵਾਲੇ ਕਰ ਸਕਣਗੇ। ਇਹ ਹੁਕਮ ਤੁਰੰਤ ਲਾਗੂ ਹੋ ਗਿਆ ਹੈ, ਇਸ ਹੁਕਮ ਨਾਲ ਸਿਆਟਲ ਅਮਰੀਕਾ ਦਾ ਪਹਿਲਾ ਸ਼ਹਿਰ ਬਣ ਗਿਆ ਹੈ, ਜਿਥੇ ਪਲਾਸਟਿਕ ਦੇ ਡਿਸਪੋਜ਼ੇਬਲ ਸਾਮਾਨ ਦੀ ਵਰਤੋਂ 'ਤੇ ਪਾਬੰਦੀ ਲੱਗੀ ਹੈ । ਯਾਦ ਰਹੇ ਸਿਆਟਲ ਸ਼ਹਿਰ ਵਿਚ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਵਰਤੋਂ 'ਤੇ ਕਾਫ਼ੀ ਸਮਾਂ ਪਹਿਲਾਂ ਤੋਂ ਪਾਬੰਦੀ ਲੱਗੀ ਹੋਈ ਹੈ । ਹੁਣ ਇਸ ਤੋਂ ਬਾਅਦ ਅਮਰੀਕਾ ਦੇ ਦੂਸਰੇ ਸ਼ਹਿਰਾਂ ਸਾਨਫਰਾਂਸਿਸਕੋ, ਲਾਸ ਏਂਜਲਸ, ਨਿਊਯਾਰਕ, ਸ਼ਿਕਾਗੋ ਤੇ ਕਈ ਹੋਰ ਵੱਡੇ ਸ਼ਹਿਰਾਂ 'ਚ ਇਹ ਪਾਬੰਦੀ ਆਉਣ ਵਾਲੇ ਕੁਝ ਦਿਨਾਂ ਵਿਚ ਲੱਗ ਸਕਦੀ ਹੈ।

# ਸਿਆਟਲ ਦੇ ਕਾਰੋਬਾਰੀ ਬਲਵੀਰ ਸਿੰਘ ਉਸਮਾਨਪੁਰ ਵਲੋਂ ਬੈਕਰਸਫਿਲਡ ਵਿਖੇ ਖਰੀਦੀ ਨਵੀ ਇਮਾਰਤ ਦਾ ਉਦਘਾਟਨ

**ਸਿਆਟਲ (ਹਰਮਨਪ੍ਰੀਤ ਸਿੰਘ)-** ਸਿਆਟਲ ਦੇ ਧਨਾਢ ਕਾਰੋਬਾਰੀ ਬਲਵੀਰ ਸਿੰਘ ਉਸਮਾਨਪੁਰ ਨੇ ਬੀਤੇ ਦਿਨੀਂ ਕੈਲੀਫੋਰਨੀਆ ਦੇ ਸ਼ਹਿਰ ਬੈਕਰਸਫਿਲਡ ਦੇ ਡਾਊਨ ਟਾਊਨ ਵਿਚ ਕਾਫ਼ੀ ਰਕਮ ਖਰਚ ਕੇ ਖਰੀਦੀ ਛੇ ਮੰਜ਼ਿਲਾ ਇਮਾਰਤ ਵਾਲੇ ਪੂਰੇ ਬਲਾਕ ਦਾ ਉਦਘਾਟਨ ਸਮਾਰੋਹ ਕੀਤਾ । ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਕਰਵਾ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਗਿਆ । ਇਸ ਮੌਕੇ ਬਲਵੀਰ ਸਿੰਘ ਨੇ ਦੱਸਿਆ ਕਿ ਇਸ ਇਮਾਰਤ ਵਿਚ ਪਹਿਲਾਂ ਤੋਂ ਹੀ ਕਾਫ਼ੀ ਵਕੀਲਾਂ ਦੀਆਂ ਫਰਮਾਂ ਦੇ ਦਫ਼ਤਰ ਹਨ ਅਤੇ ਹੇਠਲੀ ਮੰਜ਼ਿਲ 'ਤੇ ਰੈਸਟੋਰੈਂਟ ਤੇ ਹੋਰ ਸਟੋਰ ਚੱਲ ਰਹੇ ਹਨ । ਉਨ੍ਹਾਂ ਹੋਰ ਦੱਸਿਆ ਕਿ ਇਸ ਦੇ ਨਾਲ ਹੀ ਬੈਕਰਸਫਿਲਡ ਵਿਚ ਹੀ ਇਕ-ਇਕ 12 ਏਕੜ ਵਿਚ ਬਣਿਆ ਪਲਾਜ਼ਾ ਵੀ ਉਨ੍ਹਾਂ ਵਲੋਂ ਖਰੀਦਿਆ ਗਿਆ ਹੈ, ਜਿਸ ਦਾ ਉਦਘਾਟਨ ਵੀ ਜਲਦੀ ਕੀਤਾ ਜਾਵੇਗਾ ਤੇ ਪੰਜਾਬੀਆਂ ਤੇ ਬਾਕੀ ਭਾਈਚਾਰਿਆਂ ਦੀ ਸਹੂਲਤ ਲਈ ਬੈਕਰਸਫਿਲਡ ਵਿਚ ਹੀ 2000 ਲੋਕਾਂ ਦੀ ਸਮਰੱਥਾ ਵਾਲਾ ਇਕ ਆਲੀਸ਼ਾਨ ਮੈਰਿਜ ਪੈਲੇਸ ਵੀ ਜਲਦੀ ਹੀ ਬਣਾਇਆ ਜਾ ਰਿਹਾ ਹੈ । ਇਸ ਉਦਘਾਟਨੀ ਸਮਾਰੋਹ 'ਚ ਮਹਿੰਦਰ ਸਿੰਘ ਉਸਮਾਨਪੁਰ, ਹਰਜਾਪ ਸਿੰਘ ਉਸਮਾਨਪੁਰ, ਗੁਰਮੇਲ ਸਿੰਘ ਬਨਵੈਤ, ਅਮਰਜੀਤ ਸਿੰਘ ਗਿਰਨ, ਜੈ ਸਿੰਘ ਚੌਹਾਨ, ਪਿੰਦਰ ਸਿੰਘ ਬੈਨੀਪਾਲ, ਸਟੀਵ ਲਿਨਸ, ਜੋਰਜ਼ੀ ਗੋਗੀ, ਅਜੈਬ ਸਿੰਘ ਗਰੇਵਾਲ, ਹਰਨੇਕ ਸਿੰਘ ਢਿੱਲੋਂ, ਮਨਜੀਤ ਸਿੰਘ ਬੋਲਾ ਅਤੇ ਪਰਮਜੀਤ ਸਿੰਘ ਆਦਿ ਹਾਜ਼ਰ ਸਨ । ਇਸ ਮੌਕੇ ਬੈਕਰਸਫਿਲਡ ਸਿਟੀ ਦੇ ਕਈ ਉੱਚ ਅਧਿਕਾਰੀ ਵੀ ਸਮਾਗਮ 'ਚ ਸ਼ਾਮਿਲ ਹੋਏ।




# ਸਿਆਟਲ 'ਚ ਵਿਸ਼ੇਸ਼ ਗ਼ਦਰ ਪਾਰਟੀ ਸਮਾਗਮ 14 ਨੂੰ

**ਸਿਆਟਲ (ਹਰਮਨਪ੍ਰੀਤ ਸਿੰਘ)-** ਸਿਆਟਲ ਦੇ ਨਾਲ ਲੱਗਦੇ ਸਟੇਟ ਓਰੀਗਨ ਦੇ ਸ਼ਹਿਰ ਅਸਟੋਰੀਆ ਵਿਖੇ ਨਵੀਂ ਬਣੀ ਸਮਾਜਿਕ ਜਥੇਬੰਦੀ 'ਗ਼ਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਅਸਟੋਰੀਆ' ਵਲੋਂ 14 ਜੁਲਾਈ ਨੂੰ ਗ਼ਦਰ ਮੈਮੋਰੀਅਲ ਪਾਰਕ ਅਸ-ਟੋਰੀਆ ਓਰੀਗਨ ਵਿਖੇ ਪਹਿਲਾ ਵਿਸ਼ੇਸ਼ ਗ਼ਦਰ ਪਾਰਟੀ ਸਮਾਗਮ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਕਰਵਾਇਆ ਜਾ ਰਿਹਾ ਹੈ । ਪ੍ਰੋਗਰਾਮ ਸਬੰਧੀ ਫਾਊਂਡੇਸ਼ਨ ਪ੍ਰਧਾਨ ਬਹਾਦਰ ਸਿੰਘ ਸੈਲਮ ਨੇ 'ਅਜੀਤ' ਨੂੰ ਦੱਸਿਆ ਕਿ ਇਸ ਪਹਿਲੇ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਕੈਟੀ ਬਰਾਊਨ ਗਵਰਨਰ ਓਰੀਗਨ ਸਟੇਟ, ਸਟੇਟ ਦੇ ਅਟਾਰਨੀ ਜਨਰਲ ਇਲੈਨ ਰੋਸੀਨਬਲੂਮ, ਓਰੀਗਨ ਜ਼ਿਲ੍ਹਾ 16 ਦੇ ਸੈਨੇਟਰ ਬਿਟਸੀ ਜਾਹਨਸਨ, ਅਸਟੋਰੀਆ ਸ਼ਹਿਰ ਦੇ ਮੇਅਰ ਅਤੇ ਸ਼ਹਿਰ ਦੇ ਬਾਕੀ ਅਧਿਕਾਰੀ ਸ਼ਾਮਿਲ ਹੋਣਗੇ । ਸਮਾਗਮ ਦੀ ਸ਼ੁਰੂਆਤ ਗੁਰਬਾਣੀ ਕੀਰਤਨ ਨਾਲ ਕੀਤੀ ਜਾਵੇਗੀ । ਇਸ ਮੌਕੇ ਗੱਭਰੂ ਤੇ ਕੁੜੀਆਂ ਭੰਗੜੇ-ਗਿੱਧੇ ਦੇ ਜੌਹਰ ਦਿਖਾਉਣਗੇ, ਜਦਕਿ ਬੱਚਿਆਂ ਦੇ ਖੇਡਣ ਦਾ ਖ਼ਾਸ ਪ੍ਰਬੰਧ ਕੀਤਾ ਗਿਆ ਹੈ ।



# ਗੁੰਮ ਸ਼ੁਦਾ ਦੀ ਤਲਾਸ਼!

**ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਯੂਨੀਅਨ ਸਿਟੀ ਨਿ-ਵਾਸੀ ਗੁਰਦੀਪ ਸਿੰਘ ਧਾਲੀਵਾਲ (ਦੀਪਾ/ ਟੋਨੀ) ਉਮਰ 55 ਸਾਲ ਕੱਦ 5 ਫੁੱਟ 11 ਇੰਚ ਜਿਹੜਾ ਕਿ ਪਿਛਲੇ ਸੋਮਵਾਰ ਤੋਂ ਲਾਪਤਾ ਹੈ। ਗੁਰਦੀਪ ਨੂੰ ਪਿਛਲੇ ਸੋਮਵਾਰ ਦੁਪਹਿਰ 1:30 ਵਜੇ ਦੇ ਕਰੀਬ 164 ਅਤੇ ਫੁੱਟਹਿੱਲ ਸਟ੍ਰੀਟ ਲਾਗੇ ਅਤੇ ਫੇਰ ਫਰੂਟਵੇਲ ਬਾਰਟ ਸਟੇਸ਼ਨ ਓਕਲੈਂਡ ਲਾਗੇ ਵੇਖਿਆ ਗਿਆ ਸੀ। ਉਹ ਦੀਮਾਗੀ ਪ੍ਰੇਸ਼ਾਨੀ ਦਾ ਸ਼ਿਕਾਰ ਸੀ । ਗੁਰਦੀਪ ਦਾ ਪਿਛਲਾ ਪਿੰਡ ਰਾਊਕੇ ਕਲਾਂ ਜ਼ਿਲ੍ਹਾ ਮੋਗਾ ਵਿੱਚ ਹੈ, ਉਸਦੇ ਪਿਤਾ ਦਾ ਨਾਮ ਉਜਾਗਰ ਸਿੰਘ ਹੈ। ਅਗਰ ਕਿਸੇ ਕੋਲ ਗੁਰਦੀਪ ਸਿੰਘ ਧਾਲੀਵਾਲ ਸਬੰਧੀ ਕੋਈ ਵੀ ਜਾਣਕਾਰੀ ਹੋਵੇ ਤਾਂ ਕਿਰਪਾ ਮਨਜੀਤ ਸਿੰਘ ਗਿੱਲ 510-750-5224, ਜਗਜੀਤ ਸਿੰਘ ( ਜੋਈ) 510-750-8887 ਜਾਂ ਪਾਲ ਤੂਰ ਨਾਲ 510-938-7731 ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਜਨਮ ਦਿਨ ਮੁਬਾਰਕ



ਦੀਪਇੰਦਰ ਸਿੰਘ ਸਪੁੱਤਰ ਪਰਮਿੰਦਰ ਸਿੰਘ, ਮਾਤਾ ਗੁਰਦੀਪ ਕੌਰ ਲੁਧਿਆਣਾ

# ਬਹੁਜਨ ਸਮਾਜ ਲਈ ਚਿੰਤਾ ਦਾ ਵਿਸ਼ਾ

ਜਿਹੜੇ ਦੇਸ਼ ਦੇ ਕਰੋੜਾਂ ਦਲਿਤ SC/ST ਐਕਟ ਜਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨਹੀਂ ਬਚਾ ਸਕੇ ਉਹ ਦੇਸ਼ ਨੂੰ ਹਿੰਦੂ ਰਾਸ਼ਟਰ ਬਣਨ ਤੋਂ ਕਿਸ ਤਰਾਂ ਰੋਕ ਲੈਣਗੇ? ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ ਬਹੁਜਨ ਸਮਾਜ ਲਈ। ਮੰਨ ਲਓ SC/ST ਐਕਟ ਵਿਚ ਬਦਲਾਅ ਤਾਂ ਸੁਪਰੀਮ ਕੋਰਟ ਦਾ ਫੈਸਲਾ ਸੀ, ਪਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਜੋ ਦਲਿਤ ਵਿਦਿਆਰਥੀਆਂ ਲਈ ਹੈ, ਇਸ ਸਕੀਮ ਨੂੰ ਬਦਲਕੇ ਨਵੀਂ ਸਕੀਮ ਮੋਦੀ ਸਰਕਾਰ ਨੇ ਸ਼ੁਰੂ ਕੀਤੀ, ਜਿਸ ਤਹਿਤ ਦਲਿਤ ਗਰੀਬ ਵਿਦਿਆਰਥੀਆਂ ਨੂੰ ਦਾਖਲਾ ਲੈਣ ਸਮੇਂ ਸਾਰੀ ਫੀਸ ਪਹਿਲਾਂ ਜਮਾਂ ਕਰਾਉਣੀ ਪਵੇਗੀ । ਜਿਨ੍ਹਾਂ ਕੋਲ ਫੀਸ ਲਈ ਪੈਸੇ ਨਹੀਂ ਹੋਣਗੇ, ਉਹ ਗਰੀਬ ਦਲਿਤ ਦਾਖਲਾ ਨਹੀਂ ਲੈ ਸਕਣਗੇ। ਪੁਛੋ ਬੀਜੇਪੀ ਦੇ ਦਲਿਤ ਐਮ ਪੀ ਤੇ ਐਮ ਐਲ ਏ ਨੂੰ ਕਿ ਇਕ ਸਮੈਸਟਰ 6 ਮਹੀਨੇ ਦੀ 60 ਜਾਂ 70 ਹਜਾਰ ਰੁਪਏ ਫੀਸ ਗਰੀਬ ਕਿਥੋਂ ਲੈ ਕੇ ਆਉਣਗੇ । ਮੋਦੀ ਨੇ ਗਰੀਬਾਂ ਦੀਆਂ ਸਾਰੀਆਂ ਆਸਾਂ ਤੇ ਪਾਣੀ ਫੇਰ ਦਿੱਤਾ। ਦਲਿਤ ਸੁੱਤੇ ਤੇ ਬੀਜੇਪੀ ਵਿਚ ਬੈਠੇ ਦਲਿਤ ਅੰਨੇ ਮੋਦੀ ਭਗਤ ਮੋਦੀ ਦੇ ਨਾਂ ਦੀਆਂ ਟਲੀਆਂ ਵਜਾਈ ਜਾ ਰਹੇ ਹਨ। ਪੰਜਾਬ ਦੀ ਕਾਂਗਰਸ ਸਰਕਾਰ ਨੇ ਵੀ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਲੋਕਾਂ ਦੀਆਂ ਅੱਖਾਂ ਵਿਚ ਸੁਆਹ ਪਾ ਦਿੱਤੀ, ਜਿਸ ਵਿਚ ਕੈਪਟਨ ਨੇ ਕਿਹਾ ਸੀ ਕਿ ਕਿਸੇ ਦਲਿਤ ਵਿਦਿਆਰਥੀ ਦਾ ਦਾਖਲਾ ਨਹੀਂ ਰੁਕਣ ਦਿਆਂਗੇ। ਪੰਜਾਬ ਸਰਕਾਰ ਆਪਣੇ ਕੋਲੋਂ ਦਾਖਲਾ ਭਰੇਗੀ। ਕੈਪਟਨ ਸਾਹਿਬ ਨੂੰ ਤਾਂ ਚੋਣਾਂ ਵਿਚ ਕੀਤੇ ਵਾਅਦੇ ਯਾਦ ਨਹੀਂ ਹਨ। ਆਓ ਆਉਣ ਵਾਲੀਆਂ ਸਾਲ 2019 ਵਿਚ ਹੋਣ ਵਾਲੀਆਂ ਚੋਣਾਂ ਵਿਚ ਆਪਣੀ ਸਰਕਾਰ ਬਣਾਉ ਅਤੇ ਸੰਵਿਧਾਨ ਬਚਾਉ।


## Matrimonials

Parents seek suitable medico match for their Dentist Doctor daughter, US Citizen, 34 yrs, 5'-4", attractive, never married, family oriented. Caste no bar. Call or text, Ph: 916-254-6378 or E-mail:psmiles1212@gmail.com

--------------

Punjabi (Ramdasia Sikh) Clean shave boy age 27 yrs. 5' 7" In San Jose, California. BA Degree in Accounting. Working in a corporate office as a Sr. Accountant. We are looking for a girl in a Sikh family. Caste: No Bar Contact: 408.528.4489 Email: tsumman@yahoo.com


## ਸੰਪਾਦਕ ਦੀ ਡਾਕ

ਨਸ਼ਿਆਂ ਨੇ ਪੰਜਾਬ ਦੀ ਜਵਾਨੀ ਦਾ ਲੱਕ ਤੋੜਕੇ ਰੱਖ ਦਿਤਾ ਹੈ ਚਿੱਟੇ ਦੇ ਪਰਕੋਪ ਨਾਲ ਹਰ ਘਰ ਵਿਚ ਸੱਥਰ ਵਿਛਿਆ ਹੋਇਆ ਹੈ ਸਮੇਂ ਦੀਆ ਸਰਕਾਰਾਂ ਦੇ ਜਾਪਦੈ ਕਿ ਹੱਥ ਹੀ ਖੜ੍ਹੇ ਨੇ ਸ਼ਰੇਆਮ ਇਹ ਧੰਦਾ ਜੋਰਾਂ ਤੇ ਹਾਲੇ ਵੀ ਚਲਦਾ ਹੈ!ਸਾਰਾ ਪੰਜਾਬ ਹੀ ਇਨਾਂ ਨਸ਼ਿਆਂ ਦੇ ਖਿਲਾਫ ਅਵਾਜ਼ ਬੁਲੰਦ ਕਰ ਰਿਹਾ ਹੈ ਐਸੀਆਂ ਕਿਹੜੀਆਂ ਤਾਕਤਾਂ ਨੇ ਜਿਨਾਂ ਨੇ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ ਦਾ ਹੀ ਤੁਹੱਈਆ ਕੀਤਾ ਹੋਇਆ ਹੈ!ਖੁਫੀਆਂ ਏਜੰਸੀਆਂ ਕੁੰਭ ਕਰਨੀ ਨੀਂਦ ਸੁੱਤੀਆਂ ਹੋਈਆਂ ਨੇ!ਕੀ ਠੋਸ ਕਿਸੇ ਉਪਰਾਲੇ ਨਾਲ ਕੋਈ ਸਥਾਈ ਹੱਲ ਲੱਭ ਰਹੀਆਂ ਨੇ ਸਰਕਾਰਾਂ?ਹਾਲੇ ਕਿੰਨਾਂ ਕੁ ਚਿਰ ਮਾਵਾਂ ਦੇ ਪੁਤਰ ਹੋਰ ਮਰਦੇ ਰਹਿਣਗੇ! ਪੰਜਾਬ ਦੀ ਕਿਸਾਨੀ ਦਾ ਪਹਿਲਾਂ ਹੀ ਅੰਤਾਂ ਦੀ ਮਹਿੰਗਾਈ ਨਾਲ ਤੇ ਨਕਲੀ ਕੀਟਨਾਸ਼ਕਾਂ ਨਾਲ ਲੱਕ ਟੁੱਟਿਆ ਹੋਇਆ ਹੈ ਤੇ ਹੁਣ ਇਸ ਨਾਮੁਰਾਦ ਚਿੱਟੇ ਨਾਮ ਦੇ ਨਸ਼ੇ ਨੇ ਪੂਰੇ ਪੰਜਾਬ ਨੂੰ ਆਪਣੇ ਕਲਾਵੇ ਵਿਚ ਲੈ ਰੱਖਿਆ ਹੈ !ਜੇਕਰ ਹਾਲੇ ਵੀ ਇਸਤੇ ਸਖਤੀ ਨਾਲ ਕੰਟਰੋਲ ਨਾ ਕੀਤਾ ਗਿਆ ਤਾਂ ਓਹ ਦਿਨ ਦੂਰ ਨਹੀ ਜਦ ਪੰਜਾਬ ਦੇ ਹਾਲਾਤ ਬਦ ਤੋ ਬਦਤਰ ਬਣ ਜਾਣਗੇ! ਸਰਕਾਰਾਂ ਨੂੰ ਨਸ਼ੇ ਦੇ ਸਮਗਲਰਾਂ ਤੇ ਪੂਰੀ ਤਰਾਂ ਨਕੇਲ ਕਸਣੀ ਪਵੇਗੀ!



**ਜਸਵੀਰ ਸ਼ਰਮਾ**
**ਦੱਦਾਹੂਰ**
**ਸ਼੍ਰੀ ਮੁਕਤਸਰ ਸਾਹਿਬ**
**91-94176-22046**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਦੇਸ਼ ਦੁਆਬਾ

# ਆਖਿਰ ਆਇਆ ਸੁੱਖ ਦਾ ਸਾਹ

ਸਾਰੀ ਦੁਨੀਆਂ ਦੇ ਲੋਕਾਂ ਨੇ ਮੰਗਲਵਾਰ ਨੂੰ ਉਸ ਵਕਤ ਸੁਖ ਦਾ ਸਾਹ ਲਿਆ ਜਦੋਂ ਥਾਈਲੈਂਡ ਦੀ ਥਾਮ ਲਿਐਂਗ ਗੁਫਾ ਅੰਦਰ ਪਿਛਲੇ 18 ਦਿਨ ਤੋਂ ਫਸੇ ਜੂਨੀਅਰ ਫੁਟਬਾਲ ਟੀਮ ਦੇ 12 ਖਿਡਾਰੀਆਂ ਅਤੇ ਉਹਨਾਂ ਦੇ ਕੋਚ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਇਹ ਕੰਮ ਬਹੁਤ ਮੁਸ਼ਕਿਲ ਅਤੇ ਚੁਣੌਤੀ ਭਰਿਆ ਸੀ। ਪੂਰੀ ਦੁਨੀਆਂ ਵੱਲੋਂ ਥਾਈਲੈਂਡ ਨੂੰ ਮਦਦ ਦੀਆਂ ਪੇਸ਼ਕਸ਼ਾਂ ਆਈਆਂ। ਇਹ ਤਹਿ ਕਰਨਾ ਮੁਸ਼ਕਿਲ ਹੋ ਰਿਹਾ ਸੀ ਕਿ ਇਹ ਖਿਡਾਰੀ ਸੁਰੱਖਿਅਤ ਬਾਹਰ ਨਿਕਲ ਸਕਣਗੇ ਕਿ ਨਹੀਂ? ਇਸ ਖਤਰਨਾਕ ਕੰਮ ਸਿਰੇ ਚਾੜ੍ਹਨ ਲਈ ਥਾਈਲੈਂਡ ਨੇਵੀ ਸੀਲਜ਼ ਦੇ 40 ਅਤੇ ਬ੍ਰਿਟੇਨ, ਆਸਟ੍ਰੇਲੀਆ, ਅਮਰੀਕਾ ਸਮੇਤ ਕਈ ਮੁਲਕਾਂ ਦੇ 50 ਵਿਦੇਸ਼ੀ ਗੋਤਾਖੋਰਾਂ ਨੇ ਕਈ ਦਿਨ ਲਗਾਤਾਰ ਮਿਹਨਤ ਕੀਤੀ। ਇਸ ਦਰਮਿਆਨ ਇਕ ਗੋਤਾਖੋਰ ਦੀ ਵੀ ਮੌਤ ਹੋ ਗਈ, ਜਦੋਂ ਉਹ ਅੰਦਰ ਆਕਸੀਜਨ ਦੀ ਸਪਲਾਈ ਦੇ ਕੇ ਵਾਪਸ ਆ ਰਿਹਾ ਸੀ। ਥਾਮ ਲਿਐਂਗ ਗੁਫਾ ਥਾਈਲੈਂਡ ਦੀ ਤੀਜੀ ਸਭ ਤੋਂ ਵੱਡੀ ਗੁਫਾ ਹੈ ਅਤੇ ਇਸ ਦੀ ਲੰਬਾਈ 10,316 ਮੀਟਰ ਹੈ। ਦੁਨੀਆਂ ਭਰ ਦੀਆਂ ਨਜ਼ਰਾਂ ਇਹਨਾਂ ਖਿਡਾਰੀਆਂ ਨੂੰ ਬਚਾਉਣ ਤੇ ਲੱਗੀਆਂ ਰਹੀਆਂ। ਹਾਲਾਂਕਿ ਹੁਣ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਖਿਡਾਰੀ ਗੁਫਾ ਵਿਚ ਗਏ ਕਿਉਂ ਅਤੇ ਫਸੇ ਕਿਵੇਂ? ਇਕ ਬੱਚੇ ਨੇ ਦੱਸਿਆ ਕਿ ਉਹ ਗੁਫਾ ਵਿਚ ਆਪਣੀ ਟਰੇਨਿੰਗ ਦੇ ਭਾਗ ਵਜੋਂ ਹੀ ਜਾਂਦੇ ਸਨ। ਇਸ ਵਾਰ ਜਦੋਂ ਟੀਮ ਗੁਫਾ ਵਿਚ ਉਤਰੀ ਤਾਂ ਮੀਂਹ ਪੈਣ ਲੱਗਾ। ਮੀਂਹ ਦਾ ਪਾਣੀ ਗੁਫਾ ਅੰਦਰ ਵੜਨਾ ਆਰੰਭ ਹੋ ਗਿਆ। ਅੰਦਰ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਸੀ, ਇਸ ਕਰਕੇ ਖਿਡਾਰੀ ਅਤੇ ਉਹਨਾਂ ਦਾ ਕੋਚ ਕਿਸੇ ਉਚੀ ਥਾਂ ਦੀ ਤਲਾਸ਼ ਵਿਚ ਅੱਗੇ ਵਧਣ ਲੱਗੇ। ਜਦੋਂ ਉਹਨਾਂ ਨੂੰ ਗੁਫਾ ਅੰਦਰ ਜਾ ਕੇ ਉਚੀ ਥਾਂ ਮਿਲੀ ਤਾਂ ਉਹ ਉਥੇ ਜਾ ਕੇ ਬੈਠ ਗਏ। ਇਹਨਾਂ ਦੀ ਗੁੰਮਸ਼ੁਦਗੀ ਤੋਂ ਬਾਅਦ 24 ਜੂਨ ਨੂੰ ਤਲਾਸ਼ ਆਰੰਭ ਹੋ ਗਈ। ਇਹਨਾਂ ਦੇ ਲਾਪਤਾ ਹੋਣ ਤੋਂ 10 ਦਿਨ ਬਾਅਦ ਇਕ ਬ੍ਰਿਟਿਸ਼ ਗੋਤਾਖੋਰ ਨੇ ਇਹਨਾਂ ਦਾ ਪਤਾ ਲਗਾਇਆ। ਇਸ ਤੋਂ ਬਾਅਦ ਇਹਨਾਂ ਨੂੰ ਖਾਣ ਦਾ ਸਮਾਨ, ਆਕਸੀਜਨ ਅਤੇ ਦਵਾਈਆਂ ਅਤੇ ਹੋਰ ਜ਼ਰੂਰੀ ਸਮਾਨ ਭੇਜਿਆ ਗਿਆ। ਫਿਰ ਰਾਹਤ ਕਾਰਜ ਜੰਗੀ ਪੱਧਰ ਤੇ ਆਰੰਭ ਹੋਏ। ਗੁਫਾ ਦੇ ਅੰਦਰੋਂ ਬਹੁਤ ਸਾਰਾ ਪਾਣੀ ਕੱਢਿਆ ਗਿਆ। ਬੱਚਿਆਂ ਨੂੰ ਬਾਹਰੋਂ ਸੰਦੇਸ਼ ਭੇਜ ਕੇ ਹੌਸਲਾ ਦਿੱਤਾ ਗਿਆ ਅਤੇ ਫਿਰ ਇਹ ਬਾਹਰ ਕੱਢੇ ਜਾ ਸਕੇ। ਹਾਲਾਂਕਿ ਕੁਦਰਤ ਅਤੇ ਮਨੁੱਖ ਵਿਚਕਾਰ ਜੱਦੋ-ਜਹਿਦ ਮਨੁੱਖਤਾ ਦੇ ਸ਼ੁਰੂ ਤੋਂ ਚਲਦੀ ਆ ਰਹੀ ਹੈ ਪਰ ਕਈ ਵਾਰ ਕੁਦਰਤ ਦਾ ਕਹਿਰ ਇੰਨਾ ਵਿਸ਼ਾਲ ਹੋ ਜਾਂਦਾ ਹੈ ਕਿ ਇਸ ਮੂਹਰੇ ਕਿਸੇ ਦੀ ਨਹੀਂ ਚਲਦੀ, ਫਿਰ ਵੀ ਦੁਨੀਆਂ ਭਰ ਵਿਚ ਤਕਨੀਕ ਅਤੇ ਮਨੁੱਖੀ ਮਦਦ ਦਾ ਆਦਾਨ ਪ੍ਰਦਾਨ ਤਕਲੀਫਾਂ ਘਟਾ ਦਿੰਦਾ ਹੈ। ਥਾਈਲੈਂਡ ਦੀ ਗੁਫਾ ਵਿਚੋਂ ਕੱਢੇ ਬੱਚਿਆਂ ਦਾ ਮਾਮਲਾ ਵੀ ਕੁਝ ਅਜਿਹਾ ਹੀ ਹੋ ਨਿੱਬੜਿਆ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-71

## ਗੁਰਬਾਣੀ ਚਾਨਣ ’ਚ ਕਊਆ ਬਿਰਤੀ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਗ੍ਰੰਥ ਸਾਹਿਬ ਦੀ ਬਾਣੀ ’ਚ ਕਾ, ਕਾਂ, ਕਾਕ, ਕਾਗ ਅਤੇ ਕਊਆ ਸ਼ਬਦ ਆਏ ਹਨ। ਕਾ ਤੇ ਬਿੰਦੀ ਲੱਗਣ ਨਾਲ ਕਾਂ ਬਣ ਜਾਂਦਾ ਹੈ। ਕਾਂ ਇੱਕ ਗੰਦਗੀ ਖਾਂਣ ਵਾਲਾ ਜਾਨਵਰ ਹੈ। ਸੰਸਕ੍ਰਿਤ ਵਿੱਚ ਕਾਂ ਨੂੰ ਕਾਕ, ਕਾਕਹ ਅਤੇ ਕਾਉਂ ਕਿਹਾ ਜਾਂਦਾ ਅਤੇ ਪੰਜਾਬੀ ਵਿੱਚ ਕਾਂ ਅਤੇ ਕਊਆ। ਜਿਵੇਂ ਕਾਂ ਹਮੇਸ਼ਾਂ ਗੰਦਗੀ ਫਰੋਲਦਾ ਹੈ ਉਸ ਨੂੰ ਕਪੂਰ ਭਾਵ ਸੁਗੰਧ ਦੀ ਕਦਰ ਨਹੀਂ-ਕਊਆ ਕਹਾ ਕਪੂਰ ਚਰਾਏ॥ ਕਊਆ ਕਾਂ, ਕਾਲੇ ਰੰਗ ਵਾਲਾ ਭਾਵ ਵਿਸ਼ੇ ਲੰਪਟ ਜੀਵ।

ਕਊਆ-ਮੁਰਦਾਰ ਖਾਣ ਵਾਲਾ ਕਾਂ ਵੇਖੋ-ਕਊਆ ਕਾਗ ਕਉ ਅੰਮ੍ਰਿਤੁ ਰਸੁ ਪਾਈਐ ਤ੍ਰਿਪਤੈ ਵਿਸ਼ਟਾ ਖਾਇ ਮੁਖਿ ਗੋਹੈ॥(੪੯੩) ਭਾਵੇਂ ਕਾਂ ਅੱਗੇ ਕੋਈ ਸੁਆਦਲਾ ਭੋਜਨ ਰੱਖੀਏ ਤਾਂ ਵੀ ਉਹ ਉਸ ਨੂੰ ਛੱਡ ਕੇ ਗੋਹੇ (ਵਿਸ਼ਟਾ) ਨੂੰ ਹੀ ਖਾਂਦਾ ਹੈ। ਵੇਖੋ ਅਜਿਹਾ ਕਊਆ ਬਿਰਤੀ ਵਾਲਾ ਮਨੁੱਖ ਵੀ ਸ਼ੁਭ ਗੁਣਾਂ ਨੂੰ ਛੱਡ, ਲੋਕਾਂ ਦੇ ਔਗੁਣਾਂ ਦਾ ਗੋਹਾ (ਗੂੰਹ) ਹੀ ਖਾਦਾ ਹੈ। ਪਰ ਕਊਆ ਬਿਰਤੀ ਮਨੁੱਖ ਜੇ ਸਤਿਗੁਰੂ ਦੇ ਨਾਮ ਜਲ ਦੇ ਸਰੋਵਰ ਚ ਨਹਾ ਲਵੇ ਤਾਂ ਉਸ ਦੀ ਬਿਰਤੀ ਹੰਸ ਹੋ ਜਾਂਦੀ ਹੈ ਫਿਰ ਉਹ ਗੁਣਾਂ ਨੂੰ ਛੱਡ, ਔਗੁਣਾਂ ਦੀ ਗੰਦਗੀ (ਗੋਹੇ) ਦੇ ਢੇਰ ਤੇ ਨਹੀਂ ਬੈਠਦਾ-ਅੰਮ੍ਰਿਤੁ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥(੪੯੩) ਕਾਲੀਆਂ ਕਰਤੂਤਾਂ ਵਾਲਾ ਮਨੁੱਖ ਮੁੜ ਮੁੜ ਵਿਸ਼ੇ ਵਿਕਾਰਾਂ (ਗੰਦਗੀ) ਦੀ ਫਾਹੀ ਵਿੱਚ ਫਸਦਾ ਤੇ ਫਿਰ ਪਛਤਾਉਂਦਾ ਹੈ ਹੁਣ ਕੀ ਹੋ ਗਿਆ-ਫਿਰਿ ਪਛੁਤਾਨਾ ਅਬ ਕਿਆ ਹੂਆ॥(ਗੁਰੂ ਗ੍ਰੰਥ) ਫਸਿਆ ਹੋਇਆ ਵੀ ਵਿਕਾਰਾਂ ਦੇ ਗੰਦ ਦਾ ਚੋਗਾ ਚੁਗਦਾ ਸਮਝਦਾ ਨਹੀਂ-ਫਾਥਾ ਚੋਗ ਚੁਗੈ ਨਹੀਂ ਬੂਝੈ॥(ਗੁਰੂ ਗ੍ਰੰਥਾਂ) ਪਰ ਜੇ ਕਿਤੇ ਕਊਆ ਬਿਰਤੀ ਮਨੁਖ ਸੱਚੇ ਗੁਰੂ ਨੂੰ ਮਿਲ ਪਵੇ ਤਾਂ ਉਸ ਨੂੰ ਸਾਹਮਣੇ ਪਈ ਗੰਦਗੀ ਦਿਸ ਪੈਂਦੀ ਹੈ ਭਾਵ ਫਿਰ ਉਹ ਵਿਕਾਰਾਂ ਦੀ ਗੰਦਗੀ ਵੱਲ ਨਹੀਂ ਜਾਂਦਾ, ਔਗੁਣ ਨਹੀਂ ਸਗੋਂ ਗੁਣ ਧਾਰਨ ਕਰਦਾ ਹੈ-ਸਤਗੁਰੁ ਮਿਲੈ ਤ ਆਖੀਂ ਸੂਝੈ॥(੯੩੫) ਪ੍ਰਭੂ ਸਿਮਰਨ (ਯਾਦ) ਤੋਂ ਬਿਨਾ ਕਊਆ ਬਿਰਤੀ ਮਨੱਖ ਦੇ ਮੂੰਹ ਚ ਨਿੰਦਾ (ਯਥਾਰਥ ਦੇ ਉਲਟ ਸੋਚਣ) ਦੇ ਗੰਦੇ ਵਿਚਾਰ ਹੀ ਰਹਿੰਦੇ ਹਨ-ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ॥ ਕਾਗ ਬਤਨ ਬਿਸਟਾ ਮਹਿ ਵਾਸ॥(੨੩੯) ਵੇਖੋ ਜੇ ਕੋਈ ਸੱਚ ਬੋਲਦਾ ਹੈ ਤਾਂ ਕੂੜਾ ਮਨੁੱਖ ਜਲਦਾ ਹੈ, ਝੂਠ ਦਾ ਵਪਾਰੀ ਝੂਠ ’ਚ ਹੀ ਪ੍ਰਸੰਨ ਹੁੰਦਾ ਹੈ ਜਿਵੇਂ ਕਾਂ ਵਿਸ਼ਟਾ (ਗੰਦ) ਖਾ ਕੇ-ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ॥ ਕੂੜਿਅਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ॥(646) ਗੁਰ-ਉਪਦੇਸ਼ ਹੀਨ ਪ੍ਰਾਣੀ ਦਾ ਜਨਮ ਫਿਟਕਾਰਯੋਗ ਤੇ ਉਹ ਮੂਰਖ ਕੁੱਤੇ, ਸੂਰ, ਖੋਤੇ, ਕਾਂ ਅਤੇ ਸੱਪ ਦੇ ਬਰਾਬਰ ਹੈ-ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥੩੩॥(੧੩੫੬) ਕਊਆ ਬਿਰਤੀ ਮਨੁੱਖ ਇਉਂ ਵਿਲਕਦੇ ਹਨ ਜਿਵੇਂ ਸੁੰਞੇਂ ਘਰ ਕਊਆ, ਕਾਂ ਕਾਂ ਕਰਦਾ ਹੈ-ਨਾਨਕ ਅਨਦਿਨ ਬਿਲਪਤੇ ਜਿਉਂ ਸੁੰਞੈ ਘਰਿ ਕਾਉ॥ (੫੨੪) ਜਿਸ ਤੇ ਪ੍ਰਭੂ ਦੀ ਮਿਹਰ ਹੋ ਜਾਵੇ ਉਹ ਕਾਗ (ਕਾਂ) ਬਿਰਤੀ ਤੋਂ ਹੰਸ ਬਿਰਤੀ ਵਾਲਾ ਹੋ ਜਾਂਦਾ ਹੈ-ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੈ॥ ਜੇ ਤਿਸ ਭਾਵੈ ਨਾਨਕਾ ਕਾਗਹੁ ਹੰਸ ਕਰੇ॥੧੨੪॥ (੧੩੮੪)

ਜਿਵੇਂ ਕਾਂ ਕਾਲਾ ਹੈ ਇਵੇਂ ਹੀ ਵਿਕਾਰੀ ਮਨੁੱਖ ਦਾ ਹਿਰਦਾ ਵੀ ਕਾਲਾ ਹੋ ਜਾਂਦਾ ਹੈ। ਕਊਆ ਬਿਰਤੀ ਮਨੁੱਖ ਆਪਣੇ ਘਰ ਦੇ ਨਾਲ ਨਾਲ ਦੂਜਿਆਂ ਦੇ ਘਰ ਵੀ ਚੁਗਲੀ, ਨਿੰਦਿਆ, ਹਉਮੇ, ਹੰਕਾਰ, ਈਰਖਾ, ਦਵੈਤ, ਨਫਰਤ, ਸਾੜਾ, ਜਾਤਾਂ-ਪਾਤਾਂ, ਉਚ-ਨੀਚ, ਛੂਆ-ਛਾਤ, ਭਰਮ-ਭੁਲੇਖਿਆਂ, ਵਹਿਮਾਂ-ਭਰਮਾਂ ਅਤੇ ਅੰਧ ਵਿਸ਼ਵਾਸ਼ਾਂ ਦਾ ਗੰਦ ਖਿਲਾਰਦਾ ਹੈ। ਅੱਜ ਬਹੁਤੇ ਪ੍ਰਚਾਰਕਾਂ ਤੇ ਅਖੌਤੀ ਸੰਤਾਂ ਵੱਲੋਂ ਸਾਡੇ ਚ ਕਊਆ ਬਿਰਤੀ ਵਾਲੇ ਸੰਤ ਤੇ ਗ੍ਰੰਥ ਪ੍ਰਚਾਰੇ ਜਾ ਰਹੇ ਹਨ ਜਿੰਨਾਂ ਕਰਕੇ ਸਾਡੀ ਕੌਮ ਚ ਕਾਵਾਂ ਰੌਲੀ ਪਈ ਹੋਈ ਹੈ। ਸੋ ਸਾਨੂੰ ਹਮੇਸ਼ਾਂ ਕਊਆ ਬਿਰਤੀ ਤੋਂ ਬਚਣਾ ਚਾਹੀਦਾ ਹੈ। ਗੁਰਬਾਣੀ ਵਿਚਾਰ, ਚੰਗੀ ਸੰਗਤ ਕਰਨ ਅਤੇ ਸ਼ੁਭ ਗੁਣ ਧਾਰਨ ਨਾਲ ਹੀ ਕਊਆ ਬਿਰਤੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

# ਸਿਨਸਿਨਾਟੀ ਦੇ ਪਹਿਲੇ ਵਿਸ਼ਵ ਧਰਮ ਸੰਮੇਲਨ ਵਿਚ ਸਿੱਖਾਂ ਨੇ ਕੀਤੀ ਸ਼ਮੂਲੀਅਤ

## ਸਿੱਖ ਧਰਮ ਬਾਰੇ ਪ੍ਰਦਰਸ਼ਨੀ ਵੀ ਲਗਾਈ ਗਈ



**ਸਿਨਸਿਨਾਟੀ, ਓਹਾਇਓ (ਹੁਸਨ ਲੜੋਆ ਬੰਗਾ)** ਅਮਰੀਕਾ ਦੇ ਸੂਬੇ ਓਹਾਈਓ ਦੇ ਸ਼ਹਿਰ ਸਿਨਸਿਨਾਟੀ ਦੀ ਜ਼ੇਵੀਅਰ ਯੂਨੀਵਰਸਿਟੀ ਵਿਖੇ ਪਹਿਲਾਂ ‘ਫੈਸਟੀਵਲ ਆਫ ਫੇਥਸਉ (ਵਿਸ਼ਵ ਧਰਮ ਸੰਮੇਲਨ) ਕਰਾਇਆ ਗਿਆ। ਇਸ ਸੰਮੇਲਨ ਵਿਚ ਬਾਰਾਂ ਪ੍ਰਮੁੱਖ ਵਿਸ਼ਵ ਧਰਮਾਂ ਦੇ ਲੋਕ ਅਤੇ 80 ਤੋਂ ਵੀ ਵੱਧ ਸੰਸਥਾਵਾਂ ਨੇ ਭਾਗ ਲਿਆ। ਇਹ ਸ਼ਹਿਰ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੀ ਕਿ ਵੱਖ-ਵੱਖ ਧਰਮਾਂ ਬਾਰੇ ਸਿੱਖਿਆ ਦੇਣ ਲਈ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ।

ਸਿਨਸਿਨਾਤੀ ਅਤੇ ਨੇੜਲੇ ਇਲਾਕੇ ਡੇਟਨ ਦੇ ਸਿੱਖਾਂ ਨੇ ਵੀ ਇਸ ਸਮਾਗਮ ਵਿੱਚ ਹਿੱਸਾ ਲਿਆ ਤੇ ਸਮਾਗਮ ਵਿਚ ਆਏ ਹੋਏ ਲੋਕਾਂ ਨੂੰ ਪਗੜੀ ਦਾ ਤਜਰਬਾ ਕਰਨ ਲਈ ਦਸਤਾਰ ਸਜਾਉਣ ਦੇ ਸੈਸ਼ਨ ਦਾ ਪ੍ਰਬੰਧ ਕੀਤਾ। ਉਹਨਾਂ ਨੇ ਦਸਤਾਰ ਦੀ ਮਹੱਤਤਾ ਬਾਰੇ ਜਾਣਿਆ। ਬਹੁਤ ਸਾਰੇ ਲੋਕਾ_ ਲਈ ਇਹ ਇਲਾਕੇ ਵਿਚਲੇ ਸਿੱਖ ਭਾਈਚਾਰੇ ਬਾਰੇ ਪਹਿਲਾ ਤਜਰਬਾ ਸੀ। ਵੱਖ-ਵੱਖ ਰੰਗਾਂ ਦੀਆ ਦਸਤਾਰਾਂ ਸਜਾਈ ਇਹ ਸਮਾਗਮ ਸਿੱਖ ਸਭਿਆਚਾਰ ਦੇ ਰੰਗਾਂ ਅਤੇ ਪਰੰਪਰਾਵਾਂ ਵਿਚ ਲੀਨ ਹੋ ਗਿਆ।

ਦਸਤਾਰ ਸਜਾ ਕੇ ਬੱਚੇ, ਵੱਡੇ, ਬਜ਼ੁਰਗ ਬਹੁਤ ਹੀ ਉਤਸ਼ਾਹਿਤ ਹੁੰਦੇ, ਤਸਵੀਰਾਂ ਲੈਂਦੇ ਅਤੇ ਮਾਣ ਨਾਲ ਆਪਣੇ ਸਿਰ ਤੇ ਤਾਜ ਦੇ ਨਾਲ ਸੰਮੇਲਨ ਵਿਚ ਘੁੰਮਦੇ ਰਹੇ।

ਫੈਸਟੀਵਲ ਦਾ ਉਦਘਾਟਨ ਵੱਖ-ਵੱਖ ਧਰਮਾਂ ਦੀ ਅਰਦਾਸ ਨਾਲ ਹੋਇਆ। ਸਿੱਖ ਪ੍ਰਦਰਸ਼ਨੀ ਵਿਚ ਪੁਸਤਕਾਂ, ਬਰੋਸ਼ਰ, ਕਾਕਰਾਂ ਅਤੇ ਸਪਿਨਿੰਗ ਵਹੀਲ ਗੇਮ ਵਿਚ ਸਿੱਖਾ_ ਦੇ ਸਵਾਲਾ_ ਦੇ ਜਵਾਬ ਦੇਣ ਨਾਲ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਗਈ। ਸਿਨਸਿਨਾਤੀ ਸਿੱਖ ਭਾਈਚਾਰੇ ਦੇ ਮੈਂਬਰ ਜੈਪਾਲ ਸਿੰਘ ਨੇ ਕਿਹਾ, “ਪਹਿਲੀ ਵਾਰ, ਸਿਨਸਿਨਾਤੀ ਭਾਈਚਾਰਾ ਇਸ ਦਿਨ ਨੂੰ ਮਨਾਉਣ ਲਈ ਇਕੱਠਾ ਹੋਇਆ ਹੈ। ਵੱਖ-ਵੱਖ ਧਰਮਾਂ ਦੇ ਲੋਕ ਇਕ ਛੱਤ ਹੇਠ ਇਕੱਠੇ ਹੋ ਕੇ ਇਕ ਦੂਜੇ ਨਾਲ ਸਾਂਝ ਵਧਾਉਣ ਦੀ ਗੱਲ ਕਰ ਰਹੇ ਸਨ। ਉਹਨਾਂ ਸਿਨਸਿਨਾਟੀ ਔ ਡੇਟਨ ਦੀ ਸੰਗਤ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਦਸਤਾਰਾਂ, ਪ੍ਰਦਰਸ਼ਨੀ ਟੇਬਲ, ਗੱਤਕਾ, ਗੁਰਮਤਿ ਸੰਗੀਤ ਅਤੇ ਵੱਖੋ-ਵੱਖਰੀਆਂ ਪੇਸ਼ਕਾਰੀਆਂ ਦੁਆਰਾ ਗੁਰੂ ਦੀ ਵਿਰਾਸਤ ਨੂੰ ਹੋਰ ਧਰਮਾਂ ਦੇ ਲੋਕਾਂ ਨਾਲ ਸਾਂਝਾ ਕੀਤਾ।

ਪ੍ਰੋਗਰਾਮ ਹਾਲ ਦੇ ਬਾਹਰ, ਗੱਤਕਾ ਪ੍ਰਦਰਸ਼ਨ ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਅਕੈਡਮੀ ਵਲੋਂ ਕੀਤਾ ਗਿਆ ਜੋ ਕਿ 600 ਮੀਲ ਦੂਰੋਂ ਨਿਊਯਾਰਕ ਤੋਂ ਖਾਸ ਕਰਕੇ ਇਸ ਸਮਾਰੋਹ ਵਿਚ ਹਿੱਸਾ ਲੈਣ ਲਈ ਆਏ ਸਨ। ਪ੍ਰਦਰਸ਼ਨੀਆਂ ਤੋਂ ਇਲਾਵਾ, ਸਮਾਗਮ ਵਿਚ ਸੰਗੀਤ ਦਾ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

# ਅਫਗਾਨਿਸਤਾਨ ਵਿਚ ਮਾਰੇ ਗਏ ਸਿੱਖਾਂ ਲਈ ਅਰਦਾਸ ਸਮਾਗਮ ਵਿਚ ਅਫਗਾਨਿਸਤਾਨ ਦੇ ਕੌਂਸਲ ਜਨਰਲ ਨੇ ਕੀਤੀ ਸ਼ਮੂਲੀਅਤ




**ਨਿਊਯਾਰਕ (ਹੁਸਨ ਲੜੋਆ ਬੰਗਾ)-** ਅਫਗਾਨਿਸਤਾਨ ਦੇ ਜਲਾਲਾਬਾਦ ਸ਼ਹਿਰ ਵਿਚ ਹੋਏ ਇਕ ਆਤਮਘਾਤੀ ਹਮਲੇ ਵਿਚ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਅਰਦਾਸ ਸਮਾਗਮ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿਲ ਨਿਊਯਾਰਕ ਵਿਖੇ ਕਰਵਾਇਆ ਗਿਆ, ਜਿਸ ਵਿਚ ਸਥਾਨਕ ਗੁਰੂ ਘਰ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਸਿੱਖ ਆਗੂਆਂ ਨੇ ਹਾਜ਼ਰੀ ਭਰੀ। ਨਿਊਯਾਰਕ ਵਿਚ ਵੱਡੀ ਗਿਣਤੀ ਵਿਚ ਰਹਿੰਦੇ ਅਫਗਾਨ ਸਿੱਖਾਂ ਨੇ ਵੀ ਸ਼ਮੂਲੀਅਤ ਕੀਤੀ। ਵਿਛੜੀਆਂ ਰੂਹਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਅਫਗਾਨਿਸਤਾਨ ਦੇ ਕੌਂਸਲ ਜਨਰਲ ਅਬਦੁਲ ਸਤਾਰ ਹਕਬਿਨ ਨੇ ਵਿਸ਼ੇਸ਼ ਤੌਰ ’ਤੇ ਹਾਜ਼ਰੀ ਭਰੀ ਅਤੇ ਇਸ ਦੁੱਖ ਦੀ ਘੜੀ ਵਿਚ ਸਿੱਖਾਂ ਨਾਲ ਖਲੋਣ ਦਾ ਭਰੋਸਾ ਦਿੱਤਾ। ਇਸ ਹਮਲੇ ਵਿਚ ਮਾਰੇ ਗਏ ਹਿੰਦੂ ਅਤੇ ਮੁਸਲਮਾਨ ਭਰਾਵਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਸਟੇਜ ਦੀ ਸੇਵਾ ਸਰਦਾਰ ਗੁਲਾਟੀ ਵੱਲੋਂ ਨਿਭਾਈ ਗਈ ਅਤੇ ਅੰਤ ਨੂੰ ਗੁਰੂ ਘਰ ਦੇ ਮੁੱਖ ਸੇਵਾਦਾਰ ਮੋਹਨ ਸਿੰਘ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ ‘ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸ੍ਰੀ ਗੁਰੂ ਰਵਿਦਾਸ ਭਵਨ ਦਾ ਨੀਹ ਪੱਥਰ ਸੰਤ ਕ੍ਰਿਸ਼ਨ ਨਾਥ ਜੀ ਨੇ ਰੱਖਿਆ






**ਨਕੋਦਰ (ਸ਼ਿਵਾ)** ਸਥਾਨਕ ਮਹੁੱਲਾ ਰਵਿਦਾਸਪੁਰਾ ਵਿਖੇ ਸ੍ਰੀ ਗੁਰੂ ਰਵਿਦਾਸ ਭਵਨ ਦੇ ਨਿਰਮਾਣ ਲਈ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ। ਇਸ ਦਾ ਨੀਂਹ ਪੱਥਰ ਰੱਖਣ ਲਈ ਉਚੇਚੇ ਤੌਰ ਤੇ ਡੇਰਾ ਸੰਤ ਬਾਬਾ ਫੂਲ ਨਾਥ ਜੀ ਨਾਨਕ ਨਗਰੀ ਜੀ.ਟੀ ਰੋਡ ਚਹੇੜੂ ਦੇ ਗੱਦੀ ਨਸ਼ੀਨ ਸਤਿਕਾਰਯੋਗ ਸੰਤ ਕ੍ਰਿਸ਼ਨ ਨਾਥ ਜੀ ਪਹੁੰਚੇ । ਉਨ੍ਹਾਂ ਇੱਥੇ ਪਹੁੰਚ ਕੇ ਆਪਣੇ ਸ਼ੁੱਭ ਕਰ ਕਮਲਾਂ ਨਾਲ ਭਵਨ ਦਾ ਨੀਂਹ ਪੱਥਰ ਰੱਖਿਆ। ਇਸ ਭਵਨ ਦਾ ਨਿਰਮਾਣ ਸਥਾਨਕ ਸੰਗਤਾਂ ਅਤੇ ਐਨ.ਆਰ.ਆਈ ਸੰਗਤਾਂ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਜਿਸ ਵਾਸਤੇ ਦਾਨੀ ਸੱਜਣ ਆਪਣੀਆਂ ਨੇਕ ਕਮਾਈਆਂ ਚੋਂ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਇੱਕ ਜਾਣਕਾਰੀ ਅਨੁਸਾਰ ਇਸ ਭਵਨ ਦੇ ਨਿਰਮਾਣ ਤੇ ਲਗਪਗ ਇੱਕ ਕਰੋੜ ਰੁਪਏ ਦੀ ਲਾਗਤ ਆਉਣ ਦਾ ਅਨੁਮਾਨ ਹੈ। ਇਸ ਦੀ ਜਾਣਕਾਰੀ ਦਿੰਦਿਆਂ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੀਰਾ ਮਹਿਤਾ ਸ਼ਿਵਾ ਨੇ ਦੱਸਿਆ ਕਿ ਨਵੀਂ ਨਵੀਨਤਮ ਇਮਾਰਤ ਸਾਜੀ ਭਵਨ ਦੀ ਉਸਾਰੀ ਆਧੁਨਿਕ ਤਰੀਕੇ ਅਨੁਸਾਰ ਸਾਲ ਵਿੱਚ ਮੁਕੰਮਲ ਹੋ ਜਾਵੇਗੀ।ਸੰਤ ਕ੍ਰਿਸ਼ਨ ਨਾਥ ਜੀ ਨੇ ਇਸ ਮੌਕੇ ਆਪਣੇ ਵੱਲੋਂ ਧਨ ਰਾਸ਼ੀ ਦੇਣ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਸੰਗਤਾਂ ਵੱਲੋਂ ਆਰੰਭੇ ਕਾਰਜ ਲਈ ਸੰਤ ਸਮਾਜ ਦੇ ਨਾਲ ਇਧਰਲੀਆਂ ਤੇ ਵਿਦੇਸ਼ੀ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾਣਾ ਸਿੱਧ ਕਰਦਾ ਹੈ। ਕਿ ਇਹ ਭਵਨ ਦਾ ਨਿਰਮਾਣ ਬਹੁਤ ਜਲਦ ਨੇਪਰੇ ਚੜ੍ਹ ਜਾਵੇਗਾ। ਉਨ੍ਹਾਂ ਕਿਹਾ ਕਿ ਸੰਗਤਾਂ ਵੱਲੋਂ ਆਰੰਭ ਇਸ ਕਾਰਜ ਵਿੱਚ ਸਭ ਦਾ ਸਹਿਯੋਗ ਦੇਣ ਮੁੱਖ ਕਾਰਜ ਹੋਣਾ ਚਾਹੀਦਾ ਹੈ।

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਡਾ.ਚੈਨ ਰਾਮ ਵਾਈਸ ਚੇਅਰਮੈਨ ਰਾਹੁਲ ਚਾਹਲ, ਪ੍ਰਧਾਨ ਹੀਰਾ ਮਹਿਤਾ ਸ਼ਿਵਾ, ਵਾਈਸ ਪ੍ਰਧਾਨ ਅਜੇ ਕੌਲ, ਜਨਰਲ ਸੈਕਟਰੀ, ਮੁਕੇਸ਼ ਚਾਹਲ, ਕੈਸ਼ੀਅਰ ਨਰਿੰਦਰ ਕੌਲ, ਡਾ ਬੀ.ਆਰ ਮੈਮੋਰੀਅਲ ਕਮੇਟੀ ਦੇ ਵਾਈਸ ਪ੍ਰਧਾਨ ਵਿਜੇ ਕੁਮਾਰ ਮਹਿਤਾ, ਜਨਰਲ ਸੈਕਟਰੀ ਜਗਦੀਸ਼ ਚੰਦਰ ਕੋਲ ,ਰਾਹੁਲ ਚਾਹਲ, ਹੰਸਰਾਜ ਕੋਲ, ਤਰਸੇਮ ਲਾਲ, ਦੇਸ ਰਾਜ, ਮੋਹਨ ਲਾਲ, ਸੋਮ ਲਾਲ, ਗੁਰਦਿਆਲ, ਦੇਸ ਰਾਜ ਕੋਲ, ਨਰਿੰਦਰ ਕੁਮਾਰ, ਤਰਲੋਕ, ਬਲਵਿੰਦਰ ਕੁਮਾਰ, ਕਾਸ਼ਦੀਪ, ਜੀਵਨ, ਰੋਸ਼ਨ ਲਾਲ, ਹਨੀ ਆਦਿ ਹਾਜਰ ਸਨ।

# ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਵਲੋਂ ਵਾਅਦੇ ਪੂਰੇ ਨਾ ਕਰਨ ਦੇ ਵਿਰੋਧ 'ਚ ਬਸਪਾ ਨੇ ਲਾਇਆ ਧਰਨਾ





**ਫਗਵਾੜਾ (ਰੱਤੂ)-** ਬਹੁਜਨ ਸਮਾਜ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਵਲੋਂ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਅਤੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਲੋਕਾਂ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਨਾ ਕਰਨ ਦਾ ਦੋਸ਼ ਲਾਉਂਦੇ ਹੋਏ ਜੋਨ ਇੰਚਾਰਜ ਰਮੇਸ਼ ਕੌਲ ਕੌਂਸਲਰ ਦੀ ਅਗਵਾਈ ਹੇਠ ਸਥਾਨਕ ਰੈਸਟ ਹਾਉਸ ਵਿਖੇ ਧਰਨਾ ਦੇ ਕੇ ਜਬਰਦਸਤ ਰੋਸ ਮੁਜਾਹਰਾ ਕੀਤਾ ਗਿਆ। ਧਰਨੇ ਵਿਚ ਬਸਪਾ ਪੰਜਾਬ ਦੇ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਧਰਨੇ ਤੋਂ ਬਾਅਦ ਸਮੂਹ ਵਰਕਰ ਰੋਸ ਮਾਰਚ ਕੱਢਿਆ ਅਤੇ ਐਸ.ਡੀ.ਐਮ. ਜਯੋਤੀ ਬਾਲਾ ਮੱਟੂ ਨੂੰ ਰਾਜਪਾਲ ਪੰਜਾਬ ਦੇ ਨਾਂ ਇਕ ਮੰਗ ਪੱਤਰ ਦਿੱਤਾ ਗਿਆ। ਇਸ ਤੋਂ ਪਹਿਲਾਂ ਧਰਨਾ ਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਮੀਟਿੰਗਾ ਕਰਦੇ ਹੋਏ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਸੋਂਹ ਲਈ ਸੀ ਕਿ ਨਸ਼ਿਆਂ ਨੂੰ ਇਕ ਮਹੀਨੇ ਵਿਚ ਜੜੋਂ ਖਤਮ ਕਰਨਗੇ ਪਰ ਅੱਜ 'ਤੰਦਰੁਸਤ ਪੰਜਾਬ' ਮੁਹਿਮ ਸ਼ੁਰੂ ਕਰਕੇ ਕੈਪਟਨ ਸਰਕਾਰ ਨੇ ਸਵੀਕਾਰ ਕੀਤਾ ਹੈ ਕਿ ਇਹ ਸਰਕਾਰ 14 ਮਹੀਨੇ ਬਾਅਦ ਵੀ ਨਸ਼ਿਆਂ ਨੂੰ ਨੱਥ ਨਹੀਂ ਪਾ ਸਕੀ। ਉਹਨਾਂ ਕਾਂਗਰਸੀ ਮੰਤਰੀਆਂ, ਵਿਧਾਇਕਾਂ ਅਤੇ ਅਹੁਦੇਦਾਰਾਂ ਵਲੋਂ ਕਰਵਾਏ ਜਾ ਰਹੇ ਡੋਪ ਟੈਸਟ ਨੂੰ ਡਰਾਮੇਬਾਜੀ ਦੱਸਿਆ ਅਤੇ ਕਿਹਾ ਕਿ ਇਹਨਾਂ ਦੇ ਡੋਪ ਟੈਸਟ ਦੀ ਰਿਪੋਰਟ ਵੀ ਇਹਨਾਂ ਦੀ ਮਰਜੀ ਮੁਤਾਬਕ ਹੀ ਤਿਆਰ ਹੋਣੀ ਹੈ ਜਿਸਦਾ ਕੋਈ ਫਾਇਦਾ ਨਹੀਂ। ਉਹਨਾਂ ਕਿਹਾ ਕਿ ਨੌਜਵਾਨਾਂ ਲਈ ਵਾਅਦੇ ਮੁਤਾਬਕ ਰੁਜਗਾਰ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਹੈ। ਰੋਜਾਨਾ ਹੀ ਨੌਜਵਾਨਾਂ ਦੇ ਨਸ਼ਿਆਂ ਦੀ ਭੇਟ ਚੜ੍ਹ ਕੇ ਜਾਨ ਗੁਆਉਣ ਦੇ ਸਮਾਚਾਰ ਆ ਰਹੇ ਹਨ। ਸੂਬੇ ਵਿਚ ਨਸ਼ਾ ਖੋਰੀ ਘਟਨ ਦੀ ਬਜਾਏ ਹੋਰ ਵੱਧ ਰਹੀ ਹੈ। ਸੂਬੇ ਦੀ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ। ਲੁੱਟਾਂ ਖੋਹਾਂ ਅਤੇ ਬਲਾਤਕਾਰ ਆਮ ਗੱਲ ਹੋ ਗਈ ਹੈ। ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨਾਲ ਛੇੜਛਾੜ ਕਰਕੇ ਐਸ.ਸੀ.ਬੀ.ਸੀ. ਤੇ ਓ.ਬੀ.ਸੀ. ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਦੀ ਗਲਤ ਨੀਤੀ ਸਦਕਾ 80ਗ ਲੋੜਵੰਦ ਬੱਚੇ ਉੱਚ ਸਿੱਖਿਆ ਤੋਂ ਵਾਂਝੇ ਰਹਿ ਜਾਣਗੇ। ਬੱਸਾਂ ਦੇ ਕਿਰਾਏ ਚੁਪਚਾਪ ਵਧਾ ਦਿੱਤੇ ਗਏ ਹਨ। ਐਸ.ਸੀ. ਵਰਗ ਦੇ ਬਿਜਲੀ ਦੇ ਮਾਫ ਕੀਤੇ ਬਿਲ ਚੋਰ ਰਸਤਿਆਂ ਰਾਹੀਂ ਦੁਬਾਰਾ ਵਸੂਲੇ ਜਾ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੇ ਅਸਲ ਦੋਸ਼ੀਆਂ ਨੂੰ ਹੁਣ ਤਕ ਗਿਰਫਤਾਰ ਨਹੀਂ ਕੀਤਾ ਗਿਆ।

ਉਹਨਾਂ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਨੂੰ ਜਨਤਕ ਕੀਤੇ ਜਾਣ ਦੀ ਮੰਗ ਵੀ ਕੀਤੀ। ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਕੌਂਸਲਰ ਰਮੇਸ਼ ਕੌਲ ਨੇ ਕਿਹਾ ਕਿ 2019 ਦੀਆਂ ਲੋਕਸਭਾ ਚੋਣਾਂ ਵਿਚ ਬਸਪਾ ਦੇ ਹੱਕ ਵਿਚ ਵੱਧ ਤੋਂ ਵੱਧ ਵੋਟਾਂ ਪਾਈਆਂ ਜਾਣ ਤਾਂ ਜੋ ਭੈਣ ਮਾਇਆਵਤੀ ਨੂੰ ਭਾਰਤ ਦੀ ਪ੍ਰਧਾਨ ਮੰਤਰੀ ਦੇਖਣ ਦਾ ਸਾਹਿਬ ਕਾਂਸ਼ੀ ਰਾਮ ਦਾ ਸੁਪਨਾ ਪੂਰਾ ਕੀਤਾ ਜਾ ਸਕੇ ਅਤੇ ਦੇਸ਼ ਵਿਚ ਬਹੁਜਨ ਸਮਾਜ ਦੀ ਸਰਕਾਰ ਕਾਬਿਜ ਹੋ ਸਕੇ।

ਇਸ ਮੌਕੇ ਸੀਨੀਅਰ ਬਸਪਾ ਆਗੂ ਪਰਵੀਨ ਬੰਗਾ, ਲੇਖਰਾਜ ਜਮਾਲਪੁਰ, ਲਖਵੀਰ ਚੌਧਰੀ, ਤਰਸੇਮ ਥਾਪਰ (ਸਾਰੇ ਇੰਚਾਰਜ), ਐਡਵੋਕੇਟ ਕੁਲਦੀਪ ਭੱਟੀ ਜਨਰਲ ਸਕੱਤਰ ਜਿਲ੍ਹਾ ਕਪੂਰਥਲਾ, ਫਗਵਾੜਾ ਪ੍ਰਧਾਨ ਚਿਰੰਜੀ ਲਾਲ ਕਾਲਾ, ਪਰਮਜੀਤ ਖਲਵਾੜਾ ਪਰਮਿੰਦਰ ਪਲਾਹੀ, ਸਰਬਜੀਤ ਭੁਲੱਥ, ਬਿੰਦਰ ਮਸੀਹ ਭੁਲੱਥ, ਮੋਹਨ ਸਿੰਘ ਭਿੱਲਾ ਕਪੂਰਥਲਾ, ਡਾ. ਜਸਵੰਤ ਸਿੰਘ ਸੁਲਤਾਨਪੁਰ, ਰਾਮ ਲਾਲ ਸੁਲਤਾਨਪੁਰ, ਸੰਤੋਖ ਲਾਲ ਢੱਡਾ, ਹਰਭਜਨ ਖਲਵਾੜਾ ਮੈਂਬਰ ਜਿਲ੍ਹਾ ਪਰੀਸ਼ਦ, ਦੇਸਰਾਜ ਕਾਂਸ਼ੀ ਨਗਰ, ਪਿਆਰਾ ਸੰਧੂ ਕੋਟਰਾਣੀ, ਚਰਨਦਾਸ ਜੱਸਲ, ਲੈਹਿੰਬਰ ਬਲਾਲੋਂ, ਪਰਮਜੀਤ ਗੰਢਵਾ, ਹੁਸਨ ਲਾਲ ਮੇਹਟਾਂ, ਡਾ. ਰਾਕੇਸ਼ ਅਠੌਲੀ, ਮਨੋਜ ਚਾਚੋਕੀ, ਨਿਰਮਲ ਪਲਾਹੀ, ਨਿਰਮਲ ਸਿੰਘ ਮਲਕਪੁਰ, ਸਤਪਾਲ ਗੋਬਿੰਦਪੁਰਾ, ਬਲਦੇਵ ਚੌਧਰੀ, ਸੁਰਿੰਦਰ ਵਿਰਦੀ, ਬਿਸ਼ੰਭਰ ਭਬਿਆਣਾ, ਪ੍ਰਨੀਸ਼ ਬੰਗਾ, ਸੁਰਜੀਤ ਭੁੱਲਾਰਾਈ, ਪਰਮਿੰਦਰ ਬੋਧ, ਪੁਸ਼ਪਿੰਦਰ ਕੌਰ, ਤੇਜਪਾਲ ਬਸਰਾ ਆਦਿ ਹਾਜਰ ਸਨ।

# ਸਭ ਤੋਂ ਵੱਧ ਸਫਲ ਪ੍ਰਧਾਨ ਮੰਤਰੀ ਸਿੱਧ ਹੋਵੇਗੀ ਕੁਮਾਰੀ ਮਾਇਆਵਤੀ- ਘੁੜਿਆਲ

**ਜਲੰਧਰ-** ਵੱਖ ਵੱਖ ਪਿੰਡਾਂ ਦੀਆਂ ਸਫਲ ਮੀਟਿੰਗਾਂ ਤੋਂ ਬਾਅਦ ਬੀਤੀ ਸ਼ਾਮ ਬਹੁਜਨ ਸਮਾਜ ਪਾਰਟੀ ਹਲਕਾ ਆਦਮਪੁਰ ਦੀ ਸੀਨੀਅਰ ਲੀਡਰਸ਼ਿਪ ਵਿਧਾਨ ਸਭਾ ਆਦਮਪੁਰ ਦੇ ਪਿੰਡ ਭਗਵਾਨ ਪੁਰ ਪਹੁੰਚੀ। ਮੀਟਿੰਗ ਦਾ ਪ੍ਰਬੰਧ ਬਸਪਾ ਆਗੂ ਗੁਰਮੇਲ ਚੰਦ ਜੀ ਨੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਕੀਤਾ। ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਵਿੱਚ ਕੀਤੀ ਗਈ ਇਸ ਮੀਟਿੰਗ ਵਿੱਚ ਬਹੁਜਨ ਸਮਾਜ ਪਾਰਟੀ ਹਲਕਾ ਆਦਮਪੁਰ ਦੇ ਜਨਰਲ ਸਕੱਤਰ ਸ ਕੁਲਵੀਰ ਸਿੰਘ ਘੁੜਿਆਲ ਅਤੇ ਕਮਲਜੀਤ ਸਿੰਘ ਮਾਣਕੋ ਵਿਸ਼ੇਸ਼ ਤੋਰ ਤੇ ਪਹੁੰਚੇ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਬਸਪਾ ਆਗੂ ਪ੍ਰਬੰਧਕ ਗੁਰਮੇਲ ਚੰਦ ਨੇ ਪਿੰਡ ਵਿੱਚ ਆਉਣ ਤੇ ਸੀਨੀਅਰ ਬਸਪਾ ਲੀਡਰਸ਼ਿਪ ਦਾ ਧੰਨਵਾਦ ਕੀਤਾ। ਇਸ ਤੋਂ ਬਾਅਦ ਜਨਰਲ ਸਕੱਤਰ ਕਮਲਜੀਤ ਸਿੰਘ ਮਾਣਕੋ ਨੇ ਦੇਸ਼ ਅੰਦਰ SC,BC, MINORTIES ਨਾਲ ਹੋ ਰਹੀਆਂ ਵਧੀਕੀਆਂ ਤੋਂ ਪਿੰਡ ਵਾਸੀਆਂ ਨੂੰ ਜਾਣੂ ਕਰਵਾਇਆ। ਅੰਤ ਵਿੱਚ ਬੋਲਦਿਆਂ ਮੁੱਖ ਬੁਲਾਰੇ ਜਨਰਲ ਸਕੱਤਰ ਕੁਲਵੀਰ ਸਿੰਘ ਘੁੜਿਆਲ ਨੇ ਦੱਸਿਆ ਕਿ ਇਹਨਾਂ ਭਾਜਪਾ ਕਾਂਗਰਸ ਵਰਗੀਆਂ ਮਨੂੰਵਾਦੀ ਸਰਕਾਰਾਂ ਨੇ ਦੇਸ਼ ਅੰਦਰ ਰਹਿ ਰਹੇ ਲੋਕਾਂ ਦੀ ਭਲਾਈ ਲਈ ਘਟੀਆਂ ਕਿਸਮ ਦੀਆਂ ਯੋਜਨਾਵਾਂ ਬਣਾ ਕੇ ਸਿਰਫ ਦੇਸ਼ ਦੇ ਪੈਸੇ ਦੀ ਬਰਬਾਦੀ ਕੀਤੀ ਹੈ, ਜਿਹਨਾਂ ਦਾ ਰਤੀ ਭਰ ਵੀ ਜਨਤਾ ਨੂੰ ਲਾਭ ਨਹੀਂ ਹੋਇਆ। ਦੂਜੇ ਪਾਸੇ ਦੇਸ਼ ਦਾ ਪ੍ਰਧਾਨ ਮੰਤਰੀ ਮੋਦੀ 4 ਸਾਲਾਂ ਵਿੱਚ ਹਵਾਈ ਯਾਤਰਾਵਾਂ ਦੇ ਰਾਹੀਂ ਦੇਸ਼ ਦਾ ਅਰਬਾਂ ਰੁਪਇਆ ਖਰਾਬ ਕਰ ਚੁੱਕਾ ਹੈ । ਉਹਨਾਂ ਕਿਹਾ ਦੇਸ਼ ਅੰਦਰ ਇੱਕ ਪਾਸੇ ਲੱਖਾਂ ਵਿਦਿਆਰਥੀ ਆਪਣੀ ਉੱਚ ਸਿਖਿਆ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਦਾ ਫੰਡ ਜਾਰੀ ਕਰਵਾਉਣ ਲਈ ਰੋਜ ਧਰਨਾ ਪ੍ਰਦਰਸ਼ਨ ਦੇ ਜਰੀਏ ਕੇਂਦਰ ਸਰਕਾਰ ਦਾ ਪੁਤਲਾ ਫੂਕਦੇ ਹਨ , ਦੂਜੇ ਪਾਸੇ ਕੇਂਦਰ ਸਰਕਾਰ ਕਰਨਾਟਕ ਵਰਗੇ ਸੂਬਿਆਂ ਵਿੱਚ ਆਪਣੀ ਸਾਖ ਬਚਾਉਣ ਲਈ ਇੱਕ ਐਮ ਐਲ ਏ ਨੂੰ ਸੋ ਕਰੋੜ ਦਾ ਆਫਰ ਦੇ ਰਹੀ ਹੈ । ਇਸ ਤੋਂ ਕੇਂਦਰ ਸਰਕਾਰ ਦੇ ਲੋਕ ਵਿਰੋਧੀ ਹੋਣ ਦੀ ਤਸਵੀਰ ਸਾਫ ਹੋ ਜਾਂਦੀ ਹੈ। ਕੁਲਵੀਰ ਸਿੰਘ ਘੁੜਿਆਲ ਨੇ ਕਿਹਾ ਕਿ ਐ ਮੇਰੇ ਸਮਾਜ ਦੇ ਲੋਕੋ ਤੁਸੀਂ ਲੋਕ ਸਰਕਾਰਾਂ ਬਣਾਉਣ ਤੇ ਡਿਗਾਉਣ ਵਾਲੇ ਲੋਕ ਹੋ ,2019 ਵਿੱਚ ਹੰਭਲਾ ਮਾਰੋ ਆਪਣੀ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਬਣਾਓ ਤਾਂ ਜੋ ਤੁਹਾਡੇ 70 ਸਾਲਾਂ ਤੋਂ ਵਿਗੜੇ ਕੰਮ ਸੰਵਰ ਜਾਣ। ਕੁਲਵੀਰ ਸਿੰਘ ਘੁੜਿਆਲ ਨੇ ਕਿਹਾ ਕਿ ਮੈਂ ਮਾਣ ਨਾਲ ਕਹਿ ਸਕਦਾ ਹਾਂ ਜਿਸ ਤਰਾਂ ਭੈਣ ਕੁਮਾਰੀ ਮਾਇਆਵਤੀ ਉੱਤਰ ਪ੍ਰਦੇਸ਼ ਸੂਬੇ ਦੀ ਸਭ ਤੋਂ ਵੱਧ ਸਫਲ ਮੁੱਖ ਮੰਤਰੀ ਸਿੱਧ ਹੋਈ ਹੈ , ਇਸੇ ਤਰਾਂ 2019 ਵਿੱਚ ਸਭ ਤੋਂ ਵੱਧ ਸਫਲ ਪ੍ਰਧਾਨ ਮੰਤਰੀ ਸਿੱਧ ਹੋਵੇਗੀ।



ਇਸ ਮੌਕੇ ਸਰਪੰਚ ਰਾਮ ਚੰਦ ਅਤੇ ਪੁਰਾਣੇ ਬਸਪਾ ਸੈਕਟਰੀ ਗੁਰਦੇਵ ਚੰਦ ਦਾ ਸਨਮਾਣ ਕਰਨ ਮਗਰੋਂ ਸੀਨੀਅਰ ਬਸਪਾ ਲੀਡਰਸ਼ਿਪ ਨੇ ਗੋਪੀ ਚੰਦ ਨੂੰ ਬੂਥ ਪ੍ਰਧਾਨ, ਜਰਨੈਲ ਸਿੰਘ ਨੂੰ ਬੂਥ ਜਨਰਲ ਸਕੱਤਰ, ਗੁਰਮੇਲ ਚੰਦ ਨੂੰ ਬੂਥ ਖਜਾਨਚੀ, ਗੁਰਮੇਲ ਰਾਮ ਅਤੇ ਸੁਰਜੀਤ ਰਾਮ ਨੂੰ ਬੂਥ ਸੱਕਤਰ, ਗੁਰਮੀਤ ਕੌਰ ਨੂੰ ਪ੍ਰਧਾਨ ਅਤੇ ਪ੍ਰਕਾਸ਼ ਕੌਰ ਨੂੰ ਮੀਤ ਪ੍ਰਧਾਨ ਮਹਿਲਾ ਵਿੰਗ ਨਿਯੁਕਤ ਕੀਤਾ। ਇਸ ਮੌਕੇ ਕੁਲਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਸਕੱਤਰ ਸੈਕਟਰ ਡਰੋਲੀ ਕਲਾਂ, ਸੁਰਿੰਦਰ ਕੌਰ, ਨਿਰਮਲ ਕੌਰ, ਸੋਨੀਆ, ਰੇਖਾ ਰਾਣੀ ਤੋਂ ਇਲਾਵਾ ਹੋਰ ਬਹੁਤ ਸਾਰੇ ਸਾਥੀ ਹਾਜਿਰ ਸਨ ।

## ਨਸ਼ਿਆਂ ਬਾਰੇ ਹੁਣ ਕੈਪਟਨ ਅਮਰਿੰਦਰ ਸਿੰਘ ਦਾ ਨਵਾਂ ਐਲਾਨ

**(ਸਫਾ 1 ਦੀ ਬਾਕੀ)** ਦੇ ਟਵਿੱਟਰ ਹੈਂਡਲ ਤੋਂ ਕੀਤਾ ਗਿਆ। ਉਨ੍ਹਾਂ ਲਿਖਿਆ, ''ਅੰਤਰਰਾਜੀ ਨਸ਼ਾ ਤਸਕਰੀ ਨੂੰ ਲੈ ਕੇ ਬੇਹੱਦ ਚਿੰਤਤ ਹਾਂ। ਨਸ਼ਾ ਗੁਆਂਢੀ ਸੂਬਿਆਂ ਤੋਂ ਪੰਜਾਬ ਵਿੱਚ ਆ ਰਿਹਾ ਹੈ। ਮੈਂ ਜਲਦ ਹੀ ਇਹ ਮੁੱਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਚੁੱਕਾਂਗਾ ਤਾਂ ਜੋ ਇਸ 'ਤੇ ਠੱਲ੍ਹ ਪਾਈ ਜਾ ਸਕੇ।'' ਕੈਪਟਨ ਅਮਰਿੰਦਰ ਸਿੰਘ ਇਸ ਤੋ ਪਹਿਲਾਂ ਨਸ਼ਾ ਤਸਕਰਾਂ ਲਈ ਫਾਂਸੀ ਦੀ ਸਜ਼ਾ ਦੀ ਅਪੀਲ ਕਰ ਚੁੱਕੇ ਹਨ। ਉਨ੍ਹਾਂ ਮੰਤਰੀਆਂ ਸਮੇਤ ਸਿਆਸੀ ਆਗੂਆਂ ਤੇ ਸਰਕਾਰੀ ਮੁਲਾਜ਼ਮਾਂ ਨੂੰ ਡੋਪ ਟੈਸਟ ਦਾ ਚੈਲੇਂਜ ਦਿੱਤਾ ਹੈ। ਕੈਪਟਨ ਪੰਜਾਬ ਦੇ ਕਲਾਕਾਰਾਂ ਅਤੇ ਗਾਇਕਾਂ ਨੂੰ ਵੀ ਨਸ਼ੇ ਦੇ ਮਾਰੂ ਅਸਰ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ ਅਪੀਲ ਕਰ ਚੁੱਕੇ ਹਨ।

# ਪਾਕਿਸਤਾਨ: ਪਹਿਲੇ ਸਿੱਖ ਟਰੈਫਿਕ ਪੁਲੀਸ ਅਫ਼ਸਰ ਨੂੰ ਕੀਤਾ ਘਰੋਂ ਬੇਘਰ

**ਜਲੰਧਰ-** ਪਾਕਿਸਤਾਨ ਦੇ ਪਹਿਲੇ ਸਿੱਖ ਟਰੈਫਿਕ ਪੁਲੀਸ ਅਫ਼ਸਰ ਗੁਲਾਬ ਸਿੰਘ ਸ਼ਾਹੀਨ, ਉਸ ਦੀ ਪਤਨੀ ਤੇ ਤਿੰਨ ਬੱਚਿਆਂ ਨੂੰ ਲਾਹੌਰ ਦੇ ਬਾਹਰਵਾਰ ਪਿੰਡ ਡੇਰਾ ਚਾਹਲ ਵਿਚਲੇ ਉਨ੍ਹਾਂ ਦੇ ਘਰ 'ਚੋਂ ਪੰਜਾਬ (ਪਾਕਿਸਤਾਨ) ਪੁਲਿਸ ਤੇ ਪਾਕਿਸਤਾਨ ਅਵੈਕਿਊ ਟਰੱਸਟ ਪ੍ਰਾਪਰਟੀ ਬੋਰਡ ਦੇ 100 ਅਫ਼ਸਰਾਂ ਦੇ ਦਸਤੇ ਨੇ 'ਗ਼ੈਰਕਾਨੂੰਨੀ' ਢੰਗ ਨਾਲ ਬੇਦਖ਼ਲ ਕਰ ਦਿੱਤਾ ਹੈ। ਗੁਲਾਬ ਸਿੰਘ ਦੇ 70 ਸਾਲਾਂ ਤੋਂ ਇਸ ਘਰ ਨੂੰ ਬਿਨਾਂ ਕਿਸੇ ਨੋਟਿਸ ਜਾਂ ਇਤਲਾਹ ਤੋਂ ਪੁਲੀਸ ਅਤੇ ਬੋਰਡ ਦੇ ਅਧਿਕਾਰੀਆਂ ਨੇ ਤਾਲਾ ਲਗਵਾ ਦਿੱਤਾ ਹੈ ਤੇ ਇਸ ਮੌਕੇ ਹੋਈ ਖਿੱਚ-ਧੂਹ ਦੌਰਾਨ ਗੁਲਾਬ ਸਿੰਘ ਦੀ ਪੱਗ ਲਹਿ ਗਈ ਜੋ ਅਧਿਕਾਰੀ ਜਬਰੀ ਨਾਲ ਲੈ ਗਏ। ਉਹ ਅੱਜ ਬਾਅਦ ਦੁਪਹਿਰ ਗੁਰਦੁਆਰਾ ਬੇਬੇ ਨਾਨਕੀ ਜਨਮ ਅਸਥਾਨ ਦੀ ਮਾਲਕੀ ਵਾਲੀ ਜ਼ਮੀਨ ਵਿੱਚ ਸਥਿਤ ਇਸ ਘਰ ਵਿੱਚ ਦਾਖ਼ਲ ਹੋਏ ਸਨ। ਪੀੜਤ ਨੇ ਦੋਸ਼ ਲਾਇਆ ਕਿ ਇਸ ਕਾਂਡ ਪਿੱਛੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਸਾਬਕਾ ਪ੍ਰਧਾਨ ਦਾ ਹੱਥ ਹੈ। ਗੁਲਾਬ ਸਿੰਘ ਨੇ ਕਿਹਾ "ਮੇਰੇ ਕੇਸ ਪੁੱਟੇ ਗਏ ਅਤੇ ਮੇਰੀ ਪਤਨੀ ਪਰਮਜੀਤ ਕੌਰ ਅਤੇ ਮੇਰੇ ਪੁੱਤਰਾਂ -ਗੁਰਪ੍ਰੀਤ ਸਿੰਘ, ਹਰਚਰਨਪ੍ਰੀਤ ਸਿੰਘ ਤੇ ਜਗਤਾਰ ਸਿੰਘ ਦੀ ਮੌਜੂਦਗੀ ਵਿੱਚ ਮੈਨੂੰ ਘਰ 'ਚੋਂ ਧੂਹਿਆ ਗਿਆ।'' ਗੁਲਾਬ ਸਿੰਘ 2006 ਵਿੱਚ ਉਦੋਂ ਸੁਰਖੀਆਂ ਵਿੱਚ ਆਏ ਸਨ ਜਦੋਂ ਉਹ ਪਾਕਿਸਤਾਨ ਦੀ ਟਰੈਫਿਕ ਪੁਲੀਸ ਲਈ ਚੁਣੇ ਗਏ ਸਨ ਤੇ ਇਸ ਅਹੁਦੇ 'ਤੇ ਨਿਯੁਕਤ ਹੋਣ ਵਾਲਾ ਉਹ ਪਾਕਿਸਤਾਨ ਦਾ ਪਹਿਲਾ ਸਿੱਖ ਸੀ। ਬਾਅਦ ਵਿੱਚ ਉਸ ਨੂੰ ਲਾਹੌਰ ਦੇ ਮੁਗ਼ਲਪੁਰਾ ਵਿੱਚ ਸਬ-ਇੰਸਪੈਕਟਰ (ਟਰੈਫਿਕ ਵਾਰਡਨ) ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਪਹਿਲਾਂ 4 ਅਪਰੈਲ ਨੂੰ ਪੀਈਟੀਪੀਬੀ ਦੇ ਅਫ਼ਸਰਾਂ ਨੇ ਉਸ ਨੂੰ ਘਰ 'ਚੋਂ ਬੇਦਖ਼ਲ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਉਦੋਂ ਮਾਰਕੁੱਟ ਵਿੱਚ ਗੁਲਾਬ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਬੋਰਡ ਦੇ ਅਫ਼ਸਰਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਪੁਲੀਸ ਦੀ ਮਦਦ ਨਾਲ ਗੁਰਦੁਆਰਾ ਚਾਹਲ ਲੰਗਰ ਹਾਲ 'ਤੇ ਟਰੈਫਿਕ ਪੁਲੀਸ ਅਫ਼ਸਰ ਵੱਲੋਂ ਕੀਤੇ ਨਾਜਾਇਜ਼ ਕਬਜ਼ੇ ਨੂੰ ਖਾਲੀ ਕਰਵਾ ਲਿਆ ਹੈ।



# ਬਸਪਾ ਵੱਲੋਂ ਸੰਗਰੂਰ ਵਿਖੇ ਰੋਸ ਪ੍ਰਦਰਸ਼ਨ

## ਐੱਸ.ਡੀ.ਐੱਮ. ਸੰਗਰੂਰ ਨੂੰ ਦਿੱਤਾ ਰਾਜਪਾਲ ਪੰਜਾਬ ਦੇ ਨਾਂ ਮੰਗ ਪੱਤਰ








**ਸੰਗਰੂਰ (ਕੁਲਵੰਤ ਸਿੰਘ ਟਿੱਬਾ)–** ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਰੋਕਣ ਦੇ ਮੰਤਵ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਬੰਦ ਕਰਨ, ਪੰਜਾਬ ਅੰਦਰ ਨਸ਼ਿਆਂ ਦੇ ਵੱਧ ਰਹੇ ਪ੍ਰਕੋਪ ਅਤੇ ਪੰਚਾਇਤ ਵਿਭਾਗ ਵੱਲੋਂ ਦਲਿਤ ਵਰਗ ਲਈ ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਨਾ ਦੇਣ ਦੇ ਵਿਰੋਧ ਵਿੱਚ ਬਹੁਜਨ ਸਮਾਜ ਪਾਰਟੀ ਵੱਲੋਂ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਦੇ ਸੱਦੇ ਤਹਿਤ ਸੰਗਰੂਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। ਸਥਾਨਕ ਬੱਸ ਅੱਡੇ ਅੱਗੇ ਬਾਬਾ ਹਿੰਮਤ ਸਿੰਘ ਧਰਮਸਾਲਾ ਵਿੱਚ ਬਸਪਾ ਵਰਕਰਾਂ ਨੇ ਇਕੱਠੇ ਹੋਣ ਉਪਰੰਤ ਜ਼ਿਲ੍ਹਾ ਕੰਪਲੈਕਸ ਤੱਕ ਰੋਹ ਭਰਪੂਰ ਰੋਸ ਮਾਰਚ ਕੀਤਾ ਅਤੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸ ਰੋਸ ਪ੍ਰਦਰਸ਼ਨ ਨੂੰ ਬਸਪਾ ਦੇ ਸੂਬਾਈ ਜਨਰਲ ਸਕੱਤਰ ਡਾ. ਮੱਖਣ ਸਿੰਘ ਸਮੇਤ ਜੋਨ ਇੰਚਾਰਜ ਚਮਕੌਰ ਸਿੰਘ ਵੀਰ, ਜ਼ਿਲ੍ਹਾ ਪ੍ਰਧਾਨ ਪਵਿੱਤਰ ਸਿੰਘ ਸੰਗਰੂਰ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਬਸਪਾ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬਸਪਾ ਦੇ ਸੂਬਾਈ ਆਗੂ ਡਾ.ਮੱਖਣ ਸਿੰਘ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਆਰ. ਐੱਸ. ਐੱਸ. ਦੇ ਇਸ਼ਾਰੇ 'ਤੇ ਦਲਿਤਾਂ ਅਤੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਨੂੰ ਉੱਚ ਸਿਖਿਆ ਤੋਂ ਵਾਂਝੇ ਕਰਨ ਦੇ ਮੰਤਵ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਬੰਦ ਕਰ ਦਿੱਤੀ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਤੁਰੰਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਲਾਗੂ ਨਹੀਂ ਕੀਤਾ ਤਾਂ ਦੇਸ ਪੱਧਰੀ ਅੰਦੋਲਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਦਲਿਤਾਂ ਅਤੇ ਪਛੜੇ ਵਰਗਾਂ ਦੇ ਸੰਵਿਧਾਨਿਕ ਹੱਕਾਂ ਨੂੰ ਖੋਹ ਰਹੀ ਹੈ, ਜਿਸ ਨੂੰ ਬਸਪਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ। ਡਾ.ਮੱਖਣ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਣ ਪੰਜਾਬ ਅੰਦਰ ਨਸ਼ਿਆਂ ਦਾ ਹੜ ਵਗ ਰਿਹਾ ਹੈ ਅਤੇ ਨਿੱਤ ਦਿਨ 'ਚਿੱਟੇ' ਦੀ ਵਰਤੋਂ ਕਾਰਣ ਨੌਜਵਾਨਾਂ ਦੀ ਜਾਨ ਜਾ ਰਹੀ ਹੈ ਪਰ ਕੈਪਟਨ ਸਰਕਾਰ ਨਸ਼ਿਆਂ ਸਬੰਧੀ ਗੰਭੀਰ ਕਾਰਵਾਈ ਕਰਨ ਦੀ ਥਾਂ ਫੋਕੀ ਬਿਆਨਬਾਜ਼ੀ ਕਰ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਵੱਲੋਂ ਤੁਰੰਤ ਇਸ ਮਾਮਲੇ 'ਤੇ ਸਰਬ ਪਾਰਟੀ ਮੀਟਿੰਗ ਸੱਦ ਕੇ ਕੋਈ ਠੋਸ ਰਣਨੀਤੀ ਤਿਆਰ ਕੀਤੀ ਜਾਵੇ ਤਾਂ ਕਿ ਪੰਜਾਬ ਦੇ ਨੌਜਵਾਨਾਂ ਦੀਆਂ ਨਸ਼ਿਆਂ ਕਾਰਣ ਹੋ ਰਹੀਆਂ ਮੌਤਾਂ ਨੂੰ ਰੋਕਿਆ ਜਾ ਸਕੇ।

ਇਸ ਮੌਕੇ ਸੰਬੋਧਨ ਕਰਦਿਆਂ ਬਸਪਾ ਦੇ ਲੁਧਿਆਣਾ ਜੋਨ ਦੇ ਇੰਚਾਰਜ ਅਤੇ ਸਾਬਕਾ ਪੀ. ਸੀ. ਐੱਸ. ਅਧਿਕਾਰੀ ਚਮਕੌਰ ਸਿੰਘ ਵੀਰ ਅਤੇ ਜ਼ਿਲ੍ਹਾ ਪ੍ਰਧਾਨ ਪਵਿੱਤਰ ਸਿੰਘ ਨੇ ਕਿਹਾ ਦਲਿਤਾਂ ਅਤੇ ਪੱਛੜੇ ਵਰਗਾਂ ਨੂੰ ਆਪਣੇ ਸੰਵਿਧਾਨਕ ਹੱਕਾਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ ਤਾਂ ਕਿ ਆਗਾਮੀ ਲੋਕ ਸਭਾ ਚੋਣਾਂ ਵਿੱਚ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਨੂੰ ਦੇਸ ਦੀ ਪ੍ਰਧਾਨ ਮੰਤਰੀ ਬਣਾ ਕੇ ਭਾਰਤੀ ਸੰਵਿਧਾਨ ਨੂੰ ਬਚਾਇਆ ਜਾ ਸਕੇ।

ਬਸਪਾ ਆਗੂਆਂ ਨੇ ਦੋਸ ਲਗਾਇਆ ਕਿ ਪੰਚਾਇਤ ਵਿਭਾਗ ਵੱਲੋਂ ਦਲਿਤ ਵਰਗ ਲਈ ਰਾਖਵੀਂ ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਮਜ਼ਦੂਰ ਵਰਗ ਲਈ ਦੇਣ ਮੌਕੇ ਆਨਾਕਾਨੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਪੰਚਾਇਤੀ ਜ਼ਮੀਨ ਦਾ ਰਾਖਵਾਂ ਤੀਜਾ ਹਿੱਸਾ ਦਲਿਤ ਵਰਗ ਲਈ ਘੱਟ ਕੀਮਤ 'ਤੇ ਠੇਕੇ ਪਰ ਦਿੱਤਾ ਜਾਵੇ ਤਾਂ ਕਿ ਗਰੀਬ ਲੋਕ ਮਾਣ ਸਨਮਾਨ ਨਾਲ ਆਪਣੀ ਜ਼ਿੰਦਗੀ ਬਤੀਤ ਕਰ ਸਕਣ।

ਬਸਪਾ ਆਗੂਆਂ ਨੇ ਰਾਜਪਾਲ ਪੰਜਾਬ ਦੇ ਨਾਂ ਇੱਕ ਮੰਗ ਪੱਤਰ ਐੱਸ.ਡੀ.ਐੱਮ.ਸੰਗਰੂਰ ਨੂੰ ਦਿੱਤਾ ਗਿਆ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਪਵਿੱਤਰ ਸਿੰਘ, ਜ਼ਿਲ੍ਹਾ ਜਰਨਲ ਸਕੱਤਰ ਮੋਤੀ ਲਾਲ ਛਾਛੀਆ, ਤਾਰਾ ਸਿੰਘ ਰੋਹੀੜਾ, ਜੋਰਾ ਸਿੰਘ ਚੀਮਾ, ਅਵਤਾਰ ਸਿੰਘ ਘਨੌਰੀ, ਕੁਲਵੰਤ ਸਿੰਘ ਟਿੱਬਾ,ਪ੍ਰਿੰਸੀਪਲ ਗੁਰਬਖ਼ਸ਼ ਸਿੰਘ ਧੂਰੀ, ਐਡਵੋਕੇਟ ਜਗਤਾਰ ਸਿੰਘ ਚੰਗਾਲ, ਅਮਨਦੀਪ ਸਿੰਘ ਬਿੱਟੂ ਸੰਗਰੂਰ, ਬੀਬੀ ਬਲਜੀਤ ਕੌਰ ਕਾਤਰੋਂ, ਬੰਤਾ ਸਿੰਘ ਕੈਂਪਰ, ਜਗਮੇਲ ਸਿੰਘ ਰੋਗਲਾ ਪ੍ਰਧਾਨ ਹਲਕਾ ਦਿੜ੍ਹਬਾ, ਸੰਭੂ ਰੰਗਾ ਪ੍ਰਧਾਨ ਹਲਕਾ ਲਹਿਰਾ,ਰਵੀ ਰਾਣਾ ਯੂਥ ਆਗੂ,ਵੀਰ ਇੱਕਲੱਭਿਆ, ਪਵਨ ਲੱਡਾ, ਐਡਵੋਕੇਟ ਅਮਨਦੀਪ ਸੰਗਰੂਰ, ਗਗਨਦੀਪ ਸਿੰਘ ਸੰਗਰੂਰ, ਹਰਬੰਸ ਸਿੰਘ ਹਰੀਗੜ੍ਹ ਇੰਚਾਰਜ ਜ਼ਿਲ੍ਹਾ ਸੰਗਰੂਰ, ਗੁਰਚਰਨ ਲੋਹਾਖੇੜਾ ਹਲਕਾ ਪ੍ਰਧਾਨ ਸੁਨਾਮ, ਰਣਧੀਰ ਸਿੰਘ ਨਾਗਰਾ ਹਲਕਾ ਪ੍ਰਧਾਨ ਸੰਗਰੂਰ, ਲਾਲਜੀਤ ਯੂਥ ਆਗੂ ਸੰਗਰੂਰ, ਅਮਰੀਕ ਸਿੰਘ ਕਾਲਾ ਐੱਮ.ਸੀ.ਧੂਰੀ, ਮੁਹੰਮਦ ਸ਼ਮਸ਼ਾਦ ਅਨਸਾਰੀ ਮਲੇਰਕੋਟਲਾ, ਅੰਜੁਮ ਪ੍ਰਵੇਜ਼, ਓਮ ਪ੍ਰਕਾਸ਼ ਹਲਕਾ ਪ੍ਰਧਾਨ ਮਾਲੇਰਕੋਲਾ, ਗੁਰਮੇਲ ਸਿੰਘ ਹਸਨਪੁਰ, ਪਰਮਜੀਤ ਕੌਰ ਲੱਡਾ, ਮੈਡਮ ਅਲਕਾ ਸਿੰਘ, ਸੋਨੀ ਭੜੋ, ਪਾਸਟਰ ਅਵਤਾਰ ਸਿੰਘ ਲਾਂਗੜੀਆਂ, ਜੋਗਾ ਸਿੰਘ ਅਮਰਗੜ੍ਹ, ਕਸ਼ਮੀਰਾ ਸਿੰਘ ਲੌਂਗੋਵਾਲ ਆਦਿ ਆਗੂ ਵੀ ਹਾਜ਼ਰ ਸਨ।

# ਹੁਸੈਨੀਵਾਲਾ ਤੋਂ ਨਸ਼ਿਆਂ ਦੇ ਵਿਰੋਧ 'ਚ ਨਿਕਲੇ ਵਫਦ ਦਾ ਸਮਰਾਲਾ 'ਚ ਭਰਵਾਂ ਸਵਾਗਤ

## ਸਮਰਾਲਾ ਤੋਂ ਇੱਕ ਜੱਥਾ ਉਨ੍ਹਾਂ ਦੇ ਨਾਲ ਮੁੱਖ ਮੰਤਰੀ ਪੰਜਾਬ ਨੂੰ ਮਿਲਣ ਲਈ ਹੋਇਆ ਰਵਾਨਾ



**ਸਮਰਾਲਾ (ਤਸਵਿੰਦਰ ਸਿੰਘ)–** ਇਨੀਂ ਦਿਨੀਂ ਪੰਜਾਬ 'ਚ ਨਸ਼ਿਆਂ ਦੀ ਹਨੇਰੀ ਝੁੱਲ ਰਹੀ ਹੈ ਤੇ ਦੂਜੇ ਬੰਨ੍ਹੇ ਸੂਬੇ ਦਾ ਸੁਲਝਿਆ ਵਰਗ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢਣ ਅਤੇ ਨਸ਼ਿਆਂ ਨੂੰ ਸੂਬੇ ਤੋਂ ਬਾਹਰ ਕਰਨ ਲਈ ਪੱਬਾਂ ਭਾਰ ਹੋਇਆ ਹੈ। ਇਸੇ ਸਬੰਧ 'ਚ ਪਿਛਲੇ ਕੁੱਝ ਦਿਨ ਪਹਿਲਾਂ ਤੋਂ ਹੁਸੈਨੀਵਾਲਾ (ਫਿਰੋਜ਼ਪੁਰ) ਤੋਂ ਮਨਿੰਦਰ ਸਿੰਘ ਭੁੱਲਰ ਦੀ ਅਗਵਾਈ 'ਚ ਇੱਕ ਵਫਦ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣ ਲਈ ਚੱਲਿਆ ਜੋ ਚੰਡੀਗੜ੍ਹ ਵਿਖੇ ਉਨ੍ਹਾਂ ਦੀ ਰਿਹਾਇਸ਼ ਪਹੁੰਚਣਾ ਹੈ। ਅੱਜ ਸਵੇਰੇ ਇੱਥੋਂ ਦੇ ਨੌਜਵਾਨਾਂ ਵੱਲੋਂ ਸਤੀਸ਼ ਕੁਮਾਰ ਦੀ ਅਗਵਾਈ 'ਚ ਇਸ ਵਫਦ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਸਮਰਾਲਾ ਦੇ ਨੌਜਵਾਨਾਂ ਦਾ ਇੱਕ ਕਾਫਲਾ ਆਪਣੀਆਂ ਕਾਰਾਂ ਸਮੇਤ ਵਫਦ ਦਾ ਹਿੱਸਾ ਬਣ ਕੇ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਵੱਲ ਰਵਾਨਾ ਹੋ ਗਿਆ। ਕਾਫਲੇ 'ਚ ਸ਼ਾਮਿਲ ਹੋਣ ਵਾਲੇ ਨੌਜਵਾਨਾਂ 'ਚ ਪਵਨ ਮੱਟੂ, ਮਿੰਟੂ ਸਮਰਾਲਾ, ਸੁਨੀਲ ਵਰਮਾ, ਦਲਵੀਰ ਸਿੰਘ, ਰੋਹਿਤ ਗਰਗ, ਲਖਵੀਰ ਸਿੰਘ, ਇਕਬਾਲ ਸਿੰਘ, ਗਗਨਦੀਪ ਸਿੰਘ, ਵਰਿੰਦਰ ਸਿੰਘ, ਸੁਖਦੀਪ ਕੁਮਾਰ, ਮੋਨੂੰ ਬੌਂਦਲੀ, ਹਨੀ ਸਮਰਾਲਾ ਅਤੇ ਹਰਵਿੰਦਰ ਸਿੰਘ ਆਦਿ ਹਾਜ਼ਰ ਹੋਏ।

# ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਨੇ ਬਲਾਕ ਪ੍ਰਧਾਨਾਂ ਸਮੇਤ ਸਿਵਲ ਹਸਪਤਾਲ 'ਚ ਕਰਵਾਇਆ ਡੋਪ ਟੈਸਟ



**ਫਗਵਾੜਾ (ਰੱਤੂ)–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਪੁਲਿਸ ਮਹਿਕਮੇ ਸਮੇਤ ਸੂਬੇ ਦੇ ਸਰਕਾਰੀ ਵਿਭਾਗਾਂ ਵਿਚ ਤਾਇਨਾਤ ਸਮੂਹ ਮੁਲਾਜਮਾ ਦੇ ਡੋਪ ਟੈਸਟ ਕਰਾਉਣ ਦੇ ਐਲਾਨ ਤੋਂ ਬਾਅਦ ਆਮ ਲੋਕਾਂ ਅਤੇ ਸੋਸ਼ਲ ਮੀਡੀਆ ਵਿਚ ਚਰਚਾ ਜੋਰਾਂ ਤੇ ਸੀ ਕਿ ਸਿਆਸੀ ਆਗੂਆਂ ਤੇ ਮੰਤਰੀਆਂ ਦੇ ਵੀ ਡੋਪ ਟੈਸਟ ਕਰਵਾਉਣੇ ਚਾਹੀਦੇ ਹਨ। ਲੋਕਾਂ ਦੀ ਇਸ ਆਵਾਜ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਕੈਬਿਨੇਟ ਮੰਤਰੀ ਜੋਗਿੰਦਰ ਸਿੰਘ ਮਾਨ ਨੇ ਸਥਾਨਕ ਸਿਵਲ ਹਸਪਤਾਲ ਵਿਖੇ ਆਪਣਾ ਡੋਪ ਟੈਸਟ ਕਰਵਾਇਆ। ਉਹਨਾਂ ਦੇ ਨਾਲ ਹੀ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਪ੍ਰਧਾਨ ਸੰਜੀਵ ਬੁੱਗਾ ਅਤੇ ਦਿਹਾਤੀ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ ਵਲੋਂ ਵੀ ਡੋਪ ਟੈਸਟ ਕਰਵਾਏ ਗਏ। ਇਸ ਮੌਕੇ ਸ੍ਰ. ਮਾਨ ਨੇ ਕਿਹਾ ਕਿ ਉਹਨਾਂ ਲੋਕਾਂ ਦੀ ਮੰਗ ਨੂੰ ਜਾਇਜ ਸਮਝਦੇ ਹੋਏ ਮਹਿਸੂਸ ਕੀਤਾ ਕਿ ਉਹਨਾਂ ਨੂੰ ਡੋਪ ਟੈਸਟ ਕਰਵਾਉਣਾ ਚਾਹੀਦਾ ਹੈ ਕਿਉਂਕਿ ਲੀਡਰ ਤਾਂ ਹੀ ਜਨਤਾ ਦਾ ਪ੍ਰਤੀਨਿਧੀ ਅਖਵਾ ਸਕਦਾ ਹੈ ਜੇਕਰ ਲੋਕਾਂ ਦਾ ਉਸ ਵਿਚ ਵਿਸ਼ਵਾਸ ਕਾਇਮ ਰਹੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਡੋਪ ਟੈਸਟ ਦੇ ਐਲਾਨ ਦਾ ਉਹੀ ਵਿਅਕਤੀ ਵਿਰੋਧ ਕਰੇਗਾ ਜੋ ਕਿਸੇ ਤਰ੍ਹਾਂ ਦੇ ਨਸ਼ੇ ਦੀ ਲਤ ਦਾ ਸ਼ਿਕਾਰ ਹੋਵੇਗਾ। ਇਸ ਦੌਰਾਨ ਐਸ.ਐਮ.ਓ. ਡਾ. ਦਵਿੰਦਰ ਸਿੰਘ ਨੇ ਸ੍ਰ. ਮਾਨ ਅਤੇ ਹੋਰਨਾਂ ਦੇ ਡੋਪ ਟੈਸਟ ਕਲੀਅਰ ਹੋਣ ਦੀ ਪੁਸ਼ਟੀ ਵੀ ਕੀਤੀ। ਇਸ ਮੌਕੇ ਉਹਨਾਂ ਦੇ ਨਾਲ ਸੂਬਾ ਕਾਂਗਰਸ ਸਕੱਤਰ ਮਨੀਸ਼ ਭਾਰਦਵਾਜ, ਕੌਂਸਲਰ ਮਨੀਸ਼ ਪ੍ਰਭਾਕਰ, ਜਤਿੰਦਰ ਵਰਮਾਨੀ, ਸਾਬਕਾ ਕੌਂਸਲਰ ਸੁਸ਼ੀਲ ਮੈਨੀ ਤੇ ਗੁਰਜੀਤ ਪਾਲ ਵਾਲੀਆ ਆਦਿ ਵੀ ਸਨ।

# ਮਿਸ਼ਨ ਤੰਦਰੁਸਤ ਪੰਜਾਬ ਤਹਿਤ ਮੈਰਾਥਨ ਕਰਵਾਈ



**ਮੂਣਕ–** ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾ ਅਨੁਸਾਰ ਸ.ਪ੍ਰ.ਸ. ਬੰਗਾ ਵਿਖੇ "ਖੇਡੋ ਪੰਜਾਬ, ਪੜੋ ਪੰਜਾਬ" ਪ੍ਰੋਗਰਾਮ ਤਹਿਤ ਬੱਚਿਆ ਦੀ ਮੈਰਾਥਨ ਦੌੜ ਕਰਵਾਈ ਗਈ। ਇਸ ਨੂੰ ਸਕੂਲ ਮੁੱਖੀ ਸ.ਪਵਿੱਤਰ ਸਿੰਘ ਜੀ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਮੈਰਾਥਨ ਦੌੜ ਖੇਡ ਇੰਚਾਰਜ ਹਿਮਾਸ਼ੂ ਸਿੰਗਲਾ ਦੀ ਦੇਖ ਰੇਖ ਵਿੱਚ ਸ਼ੁਰੂ ਹੋਈ ਤੇ ਸਾਰੇ ਹੀ ਬੱਚਿਆ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਖੇਡ ਇੰਚਾਰਜ ਨੇ ਦੱਸਿਆ ਕਿ ਸਿੱਖਿਆ ਵਿਭਾਗ ਦੁਆਰਾ ਨਸ਼ਿਆ ਦੇ ਬਿਲਕੁਲ ਖਾਤਮੇ ਅਤੇ ਤੰਦਰੁਸਤ ਪੰਜਾਬ ਲਈ ਅੱਜ ਪੂਰੇ ਪੰਜਾਬ ਅੰਦਰ ਸਕੂਲੀ ਵਿਦਿਆਰਥੀਆਂ ਦੀ ਮੈਰਾਥਨ ਦੌੜ ਕਰਵਾਈ ਜਾ ਰਹੀ ਹੈ ਜੋ ਕਿ ਸਲਾਘਾਯੋਗ ਉਪਰਾਲਾ ਹੈ। ਉਨ੍ਹਾਂ ਦੱਸਿਆ ਕਿ ਇਹੋ ਜਿਹੇ ਕਾਰਜਾਂ ਦੁਆਰਾ ਸਮਾਜ ਵਿੱਚ ਜਨ ਜਾਗ੍ਰਤੀ ਦੀ ਲਹਿਰ ਆਈ ਹੈ ਤੇ ਇਸ ਦੇ ਨਾਲ-ਨਾਲ ਬੱਚੇ ਵੀ ਮਾਨਸਿਕ ਤੇ ਸਰੀਰਕ ਪੱਖੋਂ ਤੰਦਰੁਸਤ ਹੋਣਗੇ। ਉਨ੍ਹਾ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਹੋ ਜਿਹੇ ਕਾਰਜ਼ ਜਾਰੀ ਰਹਿਣੇ ਚਾਹੀਦੇ ਹਨ। ਅੰਤ ਵਿੱਚ ਪਹਿਲੀ, ਦੂਜੀ, ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਮੁੱਖੀ ਸ. ਪਵਿੱਤਰ ਸਿੰਘ ਜੀ , ਖੇਡ ਇੰਚਾਰਜ ਹਿਮਾਸ਼ੂ ਸਿੰਗਲਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਮੈਡਮ ਮੋਨਿਕਾ, ਪ੍ਰਿਯੰਕਾ, ਸੁਰਿੰਦਰ, ਪੂਜਾ, ਜਰਨੈਲ, ਤੇ ਕਰਮਜੀਤ ਆਦਿ ਹਾਜ਼ਰ ਸਨ।

# ਲਾਇੰਨਜ ਕਲੱਬ ਮੁਸਕਾਨ ਐਸ ਕੇ ਪੁੰਜ ਦਾ ਜਨਮ ਦਿਨ ਮਨਾਇਆ



**ਬਟਾਲਾ (ਨਰਿੰਦਰ ਬਰਨਾਲ)–** ਸਮਾਜ ਵਿਚ ਬਹੁਤ ਸਾਰੀਆ ਇਹੋ ਜਿਹੀਆ ਸਭਾ ਸੁਸਾਇਟੀਆਂ ਹੋਣ ਗੀਆ ਜਿਹੜੀਆ ਸਮਾਜ ਵਿਚ ਵੱਖ ਵੱਖ ਤੌਰ ਤਰੀਕਿਆ ਨਾਲ ਭਲੇ ਦੇ ਕੰਮ ਕਰਦੀਆ ਹਨ। ਪਰ ਲਾਇੰਨਜ ਕਲੱਬਾਂ ਦਾ ਵਿਸਵਭਰ ਵਿਚ ਇਕ ਅਹਿਮ ਰੋਲ ਹੈ। ਇਸ ਮਕਸਦ ਨੂੰ ਸਮਰਪਿਤ ਲਾਇੰਨਜ਼ ਕਲੱਬ ਮੁਸਕਾਨ ਬਟਾਲਾ 321-ਡੀ ਨੇ ਬੀਤੇ ਦਿਨ ਸਾਂਈ ਇਸਟੀਚਿਊਟ ਆਫ ਕਾਲਜਿਜ ਦੇ ਚੇਅਰਮੈਨ ਐਸ ਕੇ ਪੁੰਜ ਦਾ ਜਨਮ ਦਿਨ ਲਾਇੰਨਜ ਕਲੱਬ ਦੇ ਮੈਬਰਾ ਵੱਲੋ ਸਰਕਾਰੀ ਪ੍ਰਾਇਮਰੀ ਸਕੂਲ ਪੁੰਦਰ ਬਲਾਕ ਬਟਾਲਾ-2 ਵਿਖੇ ਮਨਾਇਆ ਗਿਆ। ਪ੍ਰਧਾਨ ਲਖਵਿੰਦਰ ਸਿੰਘ ਢਿਲੋ ਦੀ ਪ੍ਰਧਾਨਗੀ ਹੇਠ ਸਕੂਲ ਦੇ ਵਿਦਿਆਰਥੀਆਂ ਦੀ ਭਲਾਈ ਵਾਸਤੇ ਇਕ ਆਰ ਓ ਸਿਸਟਮ ਦਿਤਾ ਗਿਆ। ਇਸ ਸਬੰਧ ਵਿਚ ਪ੍ਰਧਾਨ ਲਾਇੰਨ ਮੈਬਰ ਲਖਵਿੰਦਰ ਸਿੰਘ ਨੇ ਦੱਸਿਆ ਕਲੱਬ ਦਾ ਮਕਸਦ ਵਿਦਿਆਰਥੀ ਭਲਾਈ ਤੇ ਸਮਾਜ ਵਿਚ ਗੁਣਾਤਮਿਕ ਕਦਰਾਂ ਕੀਮਤਾਂ ਦੀ ਸਿਰਜਣਾ ਕਰਨਾ ਹੈ। ਇਸ ਮੌਕੇ ਹਾਜਰ ਲਾਇੰਨ ਮੈਬਰਾਂ ਵਿਚ ਬਖਸਿੰਦਰ ਸਿੰਘ, ਚੇਅਰਮੈਨ ਭਾਰਤ ਭੂਸਨ, ਰੋਬਿੰਨ, ਹਰਭਜਨ ਸਿੰਘ ਸੇਖੋ ਤੋ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਪੁੰਦਰਾ ਦਾ ਸਟਾਫ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਬਰ ਹਾਜਰ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com,
www.ambedkartimes.com

ਸੂਰਜ ਕਿਰਣਿ ਮਿਲੇ, ਜਲ ਕਾ ਜੁਲ ਹੁਆ ਰਾਮ।। ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ।।

ਬ੍ਰਹਮਲੀਨ 108 ਸੰਤ ਬਾਬਾ ਨਰਾਇਣ ਦਾਸ ਮਹਾਰਾਜ ਜੀ
ਬ੍ਰਹਮਲੀਨ 108 ਸੰਤ ਬੀਬੀ ਜੁਆਲੀ ਰਾਮ ਜੀ ਮਹਾਰਾਜ
ਬ੍ਰਹਮਲੀਨ 108 ਸੰਤ ਬਾਬਾ ਅਮਰਦਾਸ ਜੀ ਮਹਾਰਾਜ

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ
ਪੂਜਯ ਗੁਰੂਦੇਵ ਬ੍ਰਹਮ ਗਿਆਨੀ ਬ੍ਰਮਬੇਤਾ ਮਹਾਨ ਪਰਉਪਕਾਰੀ ਨਾਮ ਦੇ ਰਸੀਏ

## ਬ੍ਰਹਮਲੀਨ 108 ਸੰਤ ਬਾਬਾ ਅਮਰਦਾਸ ਜੀ ਮਹਾਰਾਜ



108 ਸੰਤ ਬਾਬਾ ਅਮਰਦਾਸ ਜੀ ਮਹਾਰਾਜ

ਦੀ
9ਵੀਂ ਬਰਸੀ
ਮਿਤੀ 17 ਜੁਲਾਈ 2018
ਦਿਨ ਮੰਗਲਵਾਰ ਨੂੰ ਡੇਰਾ ਬਾਬਾ ਕੱਲਰਾਂ, ਪਿੰਡ ਸ਼ੇਰਪੁਰ ਢੱਕੋ, (ਹੁਸ਼ਿਆਰਪੁਰ) ਵਿਖੇ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਈ ਜਾ ਰਹੀ ਹੈ।
ਆਪ ਜੀ ਨੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

**ਪ੍ਰੋਗਰਾਮ**

ਦਿਨ ਐਤਵਾਰ 15 ਜੁਲਾਈ 2018
ਆਰੰਭ ਸ੍ਰੀ ਅੰਡ ਪਾਠ ਸਾਹਿਬ ਜੀ 10.30 ਵਜੇ ਸਵੇਰੇ
ਦਿਨ ਮੰਗਲਵਾਰ 17 ਜੁਲਾਈ 2018
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10.00 ਵਜੇ ਸਵੇਰੇ
ਗੁਰਬਾਣੀ ਕੀਰਤਨ 10 ਤੋਂ 12 ਵਜੇ ਤੱਕ
ਮਹਾਂਪੁਰਸ਼ਾਂ ਦੇ ਪ੍ਰਵਚਨ 12 ਤੋਂ 2 ਵਜੇ ਤੱਕ
ਪੰਡਾਲ ਦੀ ਸਮਾਪਤੀ 2 ਵਜੇ ਦੁਪਹਿਰ

**ਦਰਸ਼ਨ ਅਭਿਲਾਸ਼ੀ**

ਸ਼੍ਰੀਮਾਨ 108 ਸੰਤ ਰਾਮ ਕ੍ਰਿਸ਼ਨ ਜੀ
ਸ਼੍ਰੀਮਾਨ 108 ਸੰਤ ਚਰਨ ਦਾਸ ਜੀ
ਪ੍ਰਧਾਨ ਸ਼੍ਰੀਮਾਨ 108 ਸੰਤ ਨਿਰਮਲ ਦਾਸ ਜੀ
ਸ਼੍ਰੀਮਾਨ 108 ਸੰਤ ਬੀਬੀ ਨੰਤੀ ਰਾਮ ਜੀ
ਅਤੇ ਸਮੂਹ ਸੰਗਤ ਡੇਰਾ ਬਾਬਾ ਕੱਲਰਾਂ, ਪਿੰਡ ਸ਼ੇਰਪੁਰ ਢੱਕੋਂ
ਡਾ. ਬਾਹੋਵਾਲ, ਹੁਸ਼ਿਆਰਪੁਰ

**ਸੰਗਤਾਂ ਦੇ ਦਾਸ**

ਗੱਦੀ ਨਸ਼ੀਨ ਸ਼੍ਰੀਮਾਨ 108 ਸੰਤ ਰਮੇਸ਼ ਦਾਸ ਜੀ
01884-243355,
98726-69445, 94634-71795

# "ਸਾਉਣ ਮਹੀਨਾਂ ਦਿਨ ਤੀਆਂ ਦੇ"

ਨਵਪੀਤ ਸਿੰਘ
91-87278-61771

ਸਾਉਣ ਮਹੀਨਾਂ ਸਾਡੇ ਅਮੀਰ ਸੱਭਿਆਚਾਰ ਦਾ ਅਟੁੱਟ ਅੰਗ ਹੈ।ਇਸ ਮਹੀਨੇ ਜਿੱਥੇ ਜੇਠ- ਹਾੜ ਦੀ ਤੱਪਦੀ ਗਰਮੀ ਤੋਂ ਰਾਹਤ ਮਿਲਦੀ ਹੈ, ਉਥੇ ਹੀ ਤੀਆਂ ਦਾ ਤਿਉਹਾਰ ਵੀ ਇਸ ਮਹੀਨੇ ਚ ਆਉਦਾ ਹੈ। ਸਾਉਣ ਦੀ ਝੜੀ ਧਰਤੀ ਦੀ ਪਿਆਸ ਬੁਝਾਉਣ ਦਾ ਕਾਰਜ ਕਰਦੀ ਹੈ,ਨਾਲ ਹੀ ਪਸ਼ੂਆਂ-ਪੰਛੀਆਂ ਵਿੱਚ ਵੀ ਆਨੰਦ ਦਾ ਵਾਤਾਵਰਨ ਨਜ਼ਰੀ ਆਉਦਾ ਹੈ। ਸਾਉਣ ਸਭਨਾਂ ਲਈ ਖੁਸ਼ੀਆਂ ਲੈ ਆਉਦਾ ਹੈ। ਇਸ ਮਹੀਨੇ ਦੀ ਉਡੀਕ ਸਭ ਤੋਂ ਵੱਧ ਸਜ-ਵਿਆਹੀ ਮੁਟਿਆਰ ਨੂੰ ਹੁੰਦੀ ਹੈ, ਕਿਉਕਿ ਉਹ ਅਲੋਕਿਕ ਆਨੰਦ ਦਿੰਦੀਆਂ ਹਨ। ਕੋਇਲ ਦੀ ਅਵਾਜ਼ ਮੀਂਹ ਵਿੱਚ ਬਹੁਤ ਪਿਆਰੀ ਲੱਗਦੀ ਹੈ। ਹਰ ਪਾਸੇ ਹਰਿਆ- ਭਰਿਆ ਮਾਹੋਲ ਤੇ ਮੀਂਹ ਨਾਲ ਰੁੱਖਾਂ ਦੇ ਪੱਤੇ ਸਾਫ ਹੋ ਜਾਂਦੇ ਹਨ। ਬੱਚੇ ਅਕਸਰ ਖੇਡਾਂ ਖੇਡਦੇ ਜ਼ਿਕਰ ਕਰਦੇ ਹਨ-

"ਰੱਬਾ,ਰੱਬਾ ਮੀਂਹ ਵਰਸਾ,
ਸਾਡੀ ਕੋਠੀ ਦਾਣੇ ਪਾ ।"

ਸੱਭਿਆਚਾਰ ਇੱਕ ਗਤੀਸ਼ੀਲ ਵਰਤਾਰਾ ਹੈ, ਸਮੇਂ ਨਾਲ ਇਸ ਵਿੱਚ ਕੁਝ ਤਬਦੀਲੀਆਂ ਆਉਣੀਆਂ ਜਾਇਜ਼ ਹਨ। ਪਰ ਅਜੋਕੇ



**ਪੀ.ਸੀ.ਐਸ.ਸੈਕਰਾਮੈਂਟੋ/ ਐਲਕਗਰੋਵ 'ਚ 15 ਜੁਲਾਈ ਨੂੰ ਤੀਆਂ ਦਾ ਮੇਲਾ**

ਇਹ ਤਿਉਹਾਰ ਆਪਣੇ ਪੇਕੇ- ਘਰ ਮਾਂ- ਬਾਪ, ਭੈਣ ਭਾਈਆਂ ਤੇ ਭਰਜ਼ਾਈਆਂ ਚ ਮਿਨਾਉਣ ਦੀ ਤਾਂਘ ਰੱਖਦੀ ਹੈ। ਰਲ ਮਿਲ ਸਭੇ ਸਹੇਲੀਆਂ ਰੁੱਖਾਂ ਤੇ ਪੀਘਾਂ ਪਾ ਲੈਂਦੀਆਂ ਹਨ, ਪੀਘਾਂ ਝੂਟਦੀਆਂ ਇੱਕ ਦੂਸਰੀ ਨੂੰ ਟਿੱਚਰਾਂ ਕਰਦੀਆਂ ਖੁਸ਼ੀ ਚ ਫੁੱਲੇ ਨੀ ਸੁਮਾਓਂਦੀਆਂ। ਸਾਉਣ ਮਹੀਨੇ ਚ ਹਰ ਥਾਂ ਜਸ਼ਨ ਦਾ ਮਾਹੋਲ ਨਜ਼ਰੀ ਪੈਂਦਾ ਹੈ।ਮੇਲਿਆਂ ਵਿੱਚ ਲੋਕਾਂ ਦੀ ਭੀੜ ਦੂਰ -ਦੂਰ ਤੱਕ ਵੇਖੀ ਜਾ ਸਕਦੀ ਹੈ। ਇਸ ਮਹੀਨੇ ਦੀ ਝਲਕ ਸਾਡੇ ਪੰਜਾਬੀ ਸਾਹਿਤ ਚ ਵੀ ਨਜ਼ਰ ਆਉਦੀ ਹੈ। ਹਰ ਘਰ ਵਿੱਚ ਰਿੱਝਦੀ ਖੀਰ ਤੇ ਮਾਲ ਪੂੜੇ ਮੋਸਮ ਨੂੰ ਹੋਰ ਵੀ ਰੰਗੀਨ ਬਣਾ ਦਿੰਦੇ ਹਨ। ਤੀਆਂ ਵਿੱਚ ਮੁਟਿਆਰਾਂ ਗਿੱਧਾ ਪਾਉਂਦੀਆਂ ਨਾਂ ਥੱਕਦੀਆਂ ਹਨ, ਨਾ ਹੀ ਉਹਨਾਂ ਕੋਲੋਂ ਬੋਲੀਆਂ ਮੁੱਕਦੀਆਂ ਹਨ। ਇਸ ਤਰਾਂ ਦੀ ਹੀ ਇੱਕ ਬੋਲੀ ਹੈ-

"ਸਾਉਣ ਮਹੀਨਾਂ ਦਿਨ ਗਿੱਧੇ ਦੇ ਸਭੇ ਸਹੇਲੀਆਂ ਆਈਆਂ,
ਭਿੱਜ ਗਈ ਰੂਹ ਮਿੱਤਰਾ, ਸ਼ਾਮ ਘਟਾ ਚੜ ਆਈਆਂ।"

ਕਾਲੀਆਂ ਘਟਾਵਾਂ ਤੇ ਠੰਡੀਆਂ ਹਵਾਵਾਂ ਮਨ ਨੂੰ ਵਿਸ਼ਵੀਕਰਨ ਤੇ ਉਨਤ ਸੰਚਾਰ ਸਾਧਨਾਂ ਦੇ ਅਸਰ ਹੇਠ ਸਾਡਾ ਸੱਭਿਆਚਾਰਿਕ ਵਰਤਾਰੇ ਵਿੱਚ ਲਗਾਤਾਰ ਪਰਿਵਰਤਨ ਆ ਰਿਹਾ ਹੈ । ਜਿਸ ਦਾ ਅਸਰ ਸਾਡੇ ਅਮੀਰ ਰੀਤੀ- ਰਿਵਾਜ਼ ਜੋ ਸਮਾਜ਼ ਨੂੰ ਬੰਨ ਕੇ ਰੱਖਦੇ ਹਨ, ਉਹਨਾਂ ਉੱਪਰ ਪਿਆ। ਜਿਸ ਨਾਲ ਇਹਨਾਂ ਤਿਓਹਾਰਾਂ ਤੇ ਮਿੱਥਾਂ ਦੀ ਚਮਕ -ਦਮਕ ਫਿੱਕੀ ਪੈਂਦੀ ਨਜ਼ਰ ਆ ਰਿਹੀ ਹੈ ।

ਹੋਰ ਤਾਂ ਹੋਰ ਹੁਣ ਮਾਲ-ਪੂੜੇ ਵੀ ਮਠਿਆਈ ਦੀਆਂ ਦੁਕਾਨਾਂ ਤੋਂ ਘਰਾਂ ਨੂੰ ਆਉਦੇ ਹਨ। ਹਰ ਕੋਈ ਸਮੇਂ ਦੇ ਚੱਕਰ ਵਿੱਚ ਫਸਿਆ ਨਜ਼ਰ ਆਉਦਾ ਹੈ। ਇਹ ਗੱਲ ਅੱਜ ਬੜੇ ਦੁੱਖ ਦੇ ਨਾਲ ਕਹੀ ਜਾ ਸਕਦੀ ਹੈ, ਜੇਕਰ ਅਸੀ ਆਪਣੀ ਅਮੀਰ ਵਿਰਾਸਤ ਦੀ ਸੰਭਾਲ ਨਾ ਕਰ ਸਕੇ ਤਾਂ ਉਹ ਸਮਾਂ ਦੂਰ ਨਹੀ ਜਦੋ ਆਉਣ ਵਾਲੀਆਂ ਨਸਲਾਂ ਨੂੰ ਦੇਣ ਲਈ ਸਿਵਾਏ ਨਿਰਾਸ਼ਾ ਦੇ ਕੁਝ ਹੋਰ ਨਹੀ ਬਚੇਗਾ। ਲੋੜ ਹੈ,ਸੱਭਿਆਚਾਰਿਕ ਕਦਰਾਂ- ਕੀਮਤਾਂ ਵਿੱਚ ਆਪਣੇ ਆਪ ਨੂੰ ਰੰਗਣ ਦੀ ਤੇ ਇਹ ਰੰਗ ਕਦੇ ਲਹਿਣਾ ਨਹੀ ਚਾਹੀਦਾ।

SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ
ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ
hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA MasterCard AMERICAN EXPRESS DISCOVER

We Provide All Autos, Trucks & Trailers Repair



Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

# ਓਲੰਪੀਅਨ ਪਰਗਟ ਸਿੰਘ ਨੇ ਕਿਉਂ ਕੀਤਾ ਡੋਪ ਟੈਸਟ ਕਰਾਉਣ ਤੋਂ ਇਨਕਾਰ

ਪੰਜਾਬ ਵਿੱਚ ਜਦੋਂ ਲੀਡਰਾਂ ਦੀ ਡੋਪ ਟੈਸਟ ਕਰਵਾਉਣ ਦੀ ਦੌੜ ਲੱਗੀ ਹੋਈ ਹੈ ਤਾਂ ਕਾਂਗਰਸ ਦੇ ਵਿਧਾਇਕ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਪਰਗਟ ਸਿੰਘ ਨੇ ਕਿਹਾ ਕਿ ਉਹ ਕਿਸੇ ਵੀ ਹਾਲਤ ਵਿਚ ਡੋਪ ਟੈਸਟ ਨਹੀਂ ਕਰਵਾਉਣਗੇ।



ਗੱਲਬਾਤ ਦੌਰਾਨ ਉਨ੍ਹਾਂ ਕਿਹਾ, " ਲੀਡਰਾਂ ਦੇ ਡੋਪ ਟੈਸਟ ਕਰਵਾਉਣ ਦੇ ਮੁੱਦੇ ਨੂੰ ਸਭ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਭਾਰਿਆ ਸੀ।"

ਉਨ੍ਹਾਂ ਕਿਹਾ,"ਪ੍ਰਕਾਸ਼ ਸਿੰਘ ਬਾਦਲ ਨੇ ਹੀ ਇਹ ਗੱਲ ਕਹੀ ਸੀ ਕਿ ਸਾਰੇ ਵਿਧਾਇਕਾਂ ਤੇ ਮੈਂਬਰ ਪਾਰਲੀਮੈਂਟਾਂ ਦਾ ਡੋਪ ਟੈਸਟ ਕਰਵਾਉਣਾ ਚਾਹੀਦਾ ਹੈ। ਅਜਿਹਾ ਕਰਕੇ ਉਨ੍ਹਾਂ ਨੇ ਨਸ਼ਿਆਂ ਦੇ ਅਸਲ ਮੁੱਦੇ ਤੋਂ ਧਿਆਨ ਲਾਂਭੇ ਕਰ ਦਿੱਤਾ ਹੈ, ਜਿਸ ਵਿਚ ਉਹ ਮਾਹਿਰ ਹਨ। ਇਹ ਮੁੱਦਾ ਉਭਰਨ ਨਾਲ ਅਸਲ ਮੁੱਦੇ ਤੋਂ ਧਿਆਨ ਭਟਕ ਗਿਆ ਹੈ।"

ਸਾਬਕਾ ਓਲੰਪੀਅਨ ਪਰਗਟ ਸਿੰਘ ਨੇ ਕਿਹਾ, "ਖਿਡਾਰੀਆਂ ਦਾ ਡੋਪ ਟੈਸਟ ਅਚਾਨਕ ਹੀ ਕੀਤਾ ਜਾਂਦਾ ਹੈ, ਨਾ ਕਿ ਲੀਡਰਾਂ ਵਾਂਗ ਆਪ ਡੋਪ ਟੈਸਟ ਕਰਵਾਉਣ ਲਈ ਹਸਪਤਾਲਾਂ ਵਿੱਚ ਜਾਣਾ ਪੈਂਦਾ ਹੈ। ਪਰਗਟ ਸਿੰਘ ਨੇ ਕਿਹਾ ਕਿ ਕੀ ਡੋਪ ਟੈਸਟ ਦੀ ਰਿਪੋਰਟ 'ਤੇ ਹੀ ਮੇਰੀ ਭਰੋਸੇਯੋਗਤਾ ਟਿਕੀ ਹੋਈ ਹੈ? ਹਰ ਬੰਦੇ ਨੂੰ ਇਹ ਭਲੀ ਭਾਂਤ ਪਤਾ ਹੁੰਦਾ ਹੈ ਕਿ ਉਹ ਰੋਜ਼ਾਨਾ ਕੀ ਖਾਂਦਾ ਹੈ ਤੇ ਕੀ ਪੀਂਦਾ ਹੈ। "

**"ਮੁੱਦਾ ਲੀਹ ਤੋਂ ਉੱਤਰਦਾ ਨਜ਼ਰ ਆ ਰਿਹਾ ਹੈ"**

ਪਰਗਟ ਸਿੰਘ ਨੇ ਕਿਹਾ,"ਅਸਲ ਮੁੱਦਾ ਤਾਂ ਨਸ਼ਿਆਂ ਦੇ ਮਾਮਲੇ ਵਿਚ ਪੁਲਿਸ ਅਤੇ ਰਾਜਸੀ ਲੀਡਰਾਂ ਦੇ ਬਣੇ ਗੱਠਜੋੜ ਨੂੰ ਨੰਗਿਆਂ ਕਰਨ ਦਾ ਹੈ। ਡੋਪ ਟੈਸਟ ਦੇ ਰੌਲੇ ਨਾਲ ਇਹ ਮੁੱਦਾ ਲੀਹ ਤੋਂ ਉੱਤਰਦਾ ਨਜ਼ਰ ਆ ਰਿਹਾ ਹੈ।"

ਉਨ੍ਹਾਂ ਕਿਹਾ, "ਪੰਜਾਬ ਵਿਚ ਨਸ਼ਿਆਂ ਦੇ ਗੋਰਖ ਧੰਦੇ ਵਿਚ ਲੱਗੇ ਪੁਲਿਸ ਅਫਸਰਾਂ ਤੇ ਉਨ੍ਹਾਂ ਨਾਲ ਅੰਦਰਖਾਤੇ ਲੀਡਰਾਂ ਨੂੰ ਫੜਨ ਦਾ ਮੁੱਦਾ ਉਭਰਿਆ ਸੀ ਪਰ ਲੀਡਰਾਂ ਨੇ ਆਪਣੇ ਆਪ ਨੂੰ ਆਪ ਹੀ ਇਸ ਪ੍ਰੀਖਿਆ ਵਿਚ ਪਾ ਲਿਆ ਹੈ।"

ਪਰਗਟ ਸਿੰਘ ਨੇ ਕਿਹਾ, "ਚੋਣਾਂ ਤੋਂ ਪਹਿਲਾਂ ਕਾਂਗਰਸ ਲੋਕਾਂ ਨਾਲ ਇਹ ਵਾਅਦਾ ਕਰਕੇ ਆਈ ਸੀ ਕਿ ਉਹ ਡਰੱਗ ਮਾਫੀਆ ਤੇ ਰਾਜਨੀਤਕ ਲੀਡਰਾਂ ਦੇ ਗੱਠਜੋੜ ਨੂੰ ਲੋਕਾਂ ਸਾਹਮਣੇ ਲਿਆਏਗੀ ਪਰ ਡੋਪ ਟੈਸਟ ਕਰਾਉਣ ਲਈ ਹੁਣ ਰਾਜਨੀਤਕ ਲੀਡਰ ਇੱਕ ਦੂਜੇ ਦੇ ਪੈਰ ਮਿੱਧ ਕੇ ਅੱਗੇ ਲੰਘ ਰਹੇ ਹਨ। ਪੰਜਾਬ ਨੂੰ ਇਕ ਹਾਂ ਪੱਖੀ ਏਜੰਡੇ 'ਤੇ ਕੰਮ ਕਰਨ ਦੀ ਸਖਤ ਲੋੜ ਹੈ, ਜਿਸ ਵਿਚ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਦਾ ਕੰਮ ਸਭ ਤੋਂ ਪਹਿਲਾਂ ਹੈ।" ਉਨ੍ਹਾਂ ਕਿਹਾ, "ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਸਿੱਖਿਆ ਦੇਣ ਦੇ ਨਾਲ ਨਾਲ ਹੀ ਖੇਡਾਂ ਵੱਲ ਉਤਸ਼ਾਹਤ ਕਰਨ ਦੀ ਲੋੜ ਹੈ। ਇਨ੍ਹਾਂ ਬੁਨਿਆਦੀ ਲੋੜਾਂ 'ਤੇ ਕਾਬੂ ਪਾਉਣ ਨਾਲ ਹੀ ਵੱਡੀਆਂ ਸਮੱਸਿਆਵਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ।" ਉਨ੍ਹਾਂ ਕਿਹਾ, ''ਇਸ ਵਾਰ ਕੈਪਟਨ ਸਰਕਾਰ ਨੇ ਸ਼ਰਾਬ ਦਾ ਕੋਟਾ ਘਟਾਇਆ ਜਦਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਇਸ ਨੂੰ ਹਰ ਸਾਲ ਵਧਾਉਂਦੀ ਆ ਰਹੀ ਸੀ। ਸਾਨੂੰ ਹੋਰ ਸਾਧਨਾਂ ਰਾਹੀਂ ਪੈਸੇ ਕਮਾਉਣ ਦੇ ਢੰਗ ਲੱਭਣੇ ਪੈਣਗੇ।" **-ਪਾਲ ਸਿੰਘ ਨੌਲੀ**

# ਪ੍ਰਸ਼ਾਸਨ ਵਲੋਂ ਬਟਾਲਾ ਵਿਖੇ ਮੈਡੀਕਲ ਸਟੋਰਾਂ ਦੀ ਵਿਸ਼ੇਸ਼ ਚੈਕਿੰਗ

## ਡਾਕਟਰ ਦੀ ਪਰਚੀ ਤੋਂ ਬਿਨਾਂ ਦਵਾਈ ਤੇ ਸਰਿੰਜਾਂ ਨਾ ਦੇਣ ਦੀ ਹਦਾਇਤ ਕੀਤੀ

**ਬਟਾਲਾ (ਨਰਿੰਦਰ ਬਰਨਾਲ)-** ਮਿਸ਼ਨ ਤੰਦਰੁਸਤ ਪੰਜਾਬ ਅਤੇ ਨਸ਼ਾ ਵਿਰੋਧੀ ਮੁਹਿੰਮ ਦੇ ਮੱਦੇਨਜ਼ਰ ਅੱਜ ਪ੍ਰਸ਼ਾਸਨ ਵਲੋਂ ਬਟਾਲਾ ਸ਼ਹਿਰ ਦੇ ਮੈਡੀਕਲ ਸਟੋਰਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਗਈ। ਤਹਿਸੀਲਦਾਰ ਬਟਾਲਾ ਸ. ਲਖਵਿੰਦਰ ਸਿੰਘ, ਐਸ. ਐਮ. ਓ ਬਟਾਲਾ ਸ. ਸੰਜੀਵ ਭੱਲਾ ਅਤੇ ਪੁਲਿਸ ਵਿਭਾਗ ਦੀ ਸਾਂਝੀ ਟੀਮ ਵਲੋਂ ਮੈਡੀਕਲ ਸਟੋਰਾਂ ਦੀ ਚੈਕਿੰਗ ਦੌਰਾਨ ਮੈਡੀਕਲ ਸਟੋਰਾਂ ਦੀਆਂ ਦਵਾਈਆਂ ਦੇ ਸਟਾਕ, ਬਿੱਲ ਅਤੇ ਹੋਰ ਰਿਕ-ਾਰਡ ਚੈੱਕ ਕੀਤੇ ਗਏ।



ਇਸ ਮੌਕੇ ਤਹਿਸੀਲਦਾਰ ਬਟਾਲਾ ਲਖਵਿੰਦਰ ਸਿੰਘ ਨੇ ਕੈਮਿਸਟ ਸ਼ਾਪ ਚਲਾਉਣ ਵਾਲੇ ਫਾਰਮਸਿਸਟਾਂ ਨੂੰ ਕਿਹਾ ਕਿ ਉਹ ਡਾਕਟਰ ਦੀ ਪਰਚੀ ਤੋਂ ਬਿਨਾਂ ਕਿਸੇ ਨੂੰ ਕੋਈ ਦਵਾਈ ਨਾ ਦੇਣ। ਉਹਨਾਂ ਕਿਹਾ ਕਿ ਇਸਦੇ ਨਾਲ ਹੀ ਬਿਨਾਂ ਡਾਕਟਰ ਦੀ ਪਰਚੀ 'ਤੇ ਲਿਖੇ ਕਿਸੇ ਨੂੰ ਸਰਿੰਜਾਂ ਵੀ ਨਾ ਦਿੱਤੀਆਂ ਜਾਣ। ਉਹਨਾਂ ਕਿਹਾ ਕਿ ਜੇਕਰ ਕੋਈ ਨੌਜਵਾਨ ਉਹਨਾਂ ਕੋਲੋਂ ਆ ਕੇ ਕਿਸੇ ਨਸ਼ੀਲੀ ਦਵਾਈ ਦੀ ਮੰਗ ਕਰਦਾ ਹੈ ਜਾਂ ਸਰਿੰਜਾਂ ਆਦਿ ਦੀ ਮੰਗ ਕਰਦਾ ਹੈ ਤਾਂ ਉਸ ਵਿਅਕਤੀ ਨਾਲ ਗੱਲਬਾਤ ਕਰਕੇ ਪਤਾ ਲਗਾਇਆ ਜਾਵੇ ਕਿ ਕਿਤੇ ਉਹ ਨਸ਼ੇ ਦਾ ਆਦੀ ਤਾਂ ਨਹੀਂ ਹੈ। ਜੇਕਰ ਉਹ ਵਿਅਕਤੀ ਨਸ਼ੇ ਦਾ ਆਦੀ ਹੈ ਤਾਂ ਉਸਦੀ ਵਿਸ਼ੇਸ਼ ਕੌਂਸਲਿੰਗ ਕੀਤੀ ਜਾਵੇ ਅਤੇ ਨਸ਼ਿਆਂ ਤੋਂ ਛੁਟਕਾਰਾ ਪਾਉਣ ਲਈ ਉਸ ਨੂੰ ਸਰਕਾਰੀ ਹਸਪਤਾਲ ਵਿੱਚ ਚੱਲ ਰਹੇ ਓਟ ਕੇਂਦਰ ਵਿੱਚ ਭੇਜਿਆ ਜਾਵੇ। ਇਸ ਮੌਕੇ ਐਸ. ਐਮ. ਓ. ਡਾ. ਭੱਲਾ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਮੈਡੀਕਲ ਸਟੋਰਾਂ ਉੱਪਰ ਵਿਸ਼ੇਸ਼ ਨਜ਼ਰ ਰੱਖੀ ਜਾ ਰਹੀ ਹੈ ਅਤੇ ਜੇਕਰ ਕੋਈ ਕੈਮਿਸਟ ਨਸ਼ੇ ਦੀ ਦਵਾਈ ਵੇਚੇਗਾ ਜਾਂ ਡਾਕਟਰ ਦੀ ਪਰਚੀ ਤੋਂ ਬਿਨਾਂ ਕਿਸੇ ਨੂੰ ਕੋਈ ਦਵਾਈ ਦੇਵੇਗਾ ਤਾਂ ਉਸ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਨਸ਼ਿਆਂ ਖਿਲਾਫ ਨਾਹਰਿਆਂ ਨਾਲ ਗੂੰਜੀਆਂ ਪਿੰਡ ਘੱਲਕਲਾਂ ਦੀਆਂ ਗਲੀਆਂ

**ਮੋਗਾ-** ਮਰੋ ਜਾਂ ਵਿਰੋਧ ਕਰੋ ਮਿਸ਼ਨ ਅਧੀਨ ਚਿੱਟੇ ਦੇ ਖਿਲਾਫ ਮਨਾਏ ਜਾ ਰਹੇ ਕਾਲੇ ਹਫਤੇ ਤਹਿਤ ਪਿੰਡ ਘਨਕਲਾਂ ਦੇ ਨੌਜਵਾਨਾਂ, ਔਰਤਾਂ, ਬੱਚਿਆਂ ਅਤੇ ਬਜੁਰਗਾਂ ਵੱਲੋਂ ਨਸ਼ਿਆਂ ਖਿਲਾਫ ਆਪਣੀ ਆਵਾਜ ਬੁਲੰਦ ਕਰਦਿਆਂ ਗੁਰਦੁਆਰਾ ਗੁਰੂਸਰ ਘੱਲਕਲਾਂ ਵਿੱਚ ਵੱਡੀ ਇਕੱਤਰਤਾ ਕੀਤੀ। ਇਹ ਇਕੱਤਰਤਾ ਘੱਲਕਲਾਂ ਬਲੱਡ ਡੋਨਰ ਕਲੱਬ, ਜਾਗੋ ਲਹਿਰ ਘੱਲਕਲਾਂ, ਦੋਨਾਂ ਗ੍ਰਾਮ ਪੰਚਾਇਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਦੇ ਤੇ ਕੀਤੀ ਗਈ । ਇਸ ਮੌਕੇ ਰੂਰਲ ਐਨ.ਜੀ.ਓ. ਮੋਗਾ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ, ਸਰਪੰਚ ਹਰਭਜਨ ਬਹੋਨਾ, ਡਾ. ਲੱਕੀ ਸ਼ਰਮਾ, ਪਰਦੀਪ ਸਿੰਘ ਅਤੇ ਲਖਵੀਰ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਵਿੱਚ ਨੌਜਵਾਨਾਂ ਦੀਆਂ ਹੋ ਰਹੀਆਂ ਧੜਾਧੜ ਮੌਤਾਂ ਅਤੇ ਪੰਜਾਬ ਵਿੱਚ ਚਿੱਟੇ ਅਤੇ ਹੋਰ ਸਿੰਥੈਟਿਕ ਨਸ਼ਿਆਂ ਦੀ ਹੋ ਰਹੀ ਵਿਕਰੀ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਰਸਤੇ ਤੋਂ ਭਟਕੇ ਹੋਏ ਨੌਜਵਾਨਾਂ ਨੂੰ ਸਿੱਧੇ ਰਸਤੇ ਲੈ ਕੇ ਆਉਣ ਲਈ ਇੱਕ ਠੋਸ ਨੀਤੀ ਬਣਾਈ ਜਾਵੇ ਤੇ ਉਹਨਾਂ ਨੂੰ ਦਿਮਾਗੀ ਮਰੀਜ ਸਮਝ ਕੇ ਉਹਨਾਂ ਦਾ ਇਲਾਜ਼ ਕੀਤਾ ਜਾਵੇ ਅਤੇ ਉਹਨਾਂ ਨੂੰ ਕਿੱਤਾਮੁਖੀ ਸਿਖਲਾਈ ਦੇ ਕੇ ਬੈਂਕਾਂ ਦੀ ਸਹਾਇਤਾ ਨਾਲ ਉਹਨਾਂ ਦੇ ਰੁਜਗਾਰ ਸ਼ੁਰੂ ਕਰਵਾਏ ਜਾਣ ਅਤੇ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰਾਂ ਵਿੱਚ ਸਭ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਉਹ ਫਿਰ ਤੋਂ ਇਸ ਰਸਤੇ ਨਾ ਤੁਰ ਸਕਣ । ਉਹਨਾਂ ਸਰਕਾਰ ਤੋਂ ਨਸ਼ੇ ਦੇ ਵੱਡੇ ਸੌਦਾਗਰਾਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। ਇਸ ਮੌਕੇ ਦਵਿੰਦਰਜੀਤ ਸਿੰਘ ਗਿੱਲ ਨੇ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਦੇ ਹੌਸਲੇ ਬਹੁਤ ਵਧ ਚੁੱਕੇ ਹਨ, ਕਿਉਂਕਿ ਪ੍ਰਸ਼ਾਸ਼ਨ ਉਹਨਾਂ ਖਿਲਾਫ ਸਖਤ ਕਾਰਵਾਈ ਕਰਨ ਵਿੱਚ ਅਸਫਲ ਰਿਹਾ ਹੈ । ਉਹਨਾਂ ਮੋਗਾ ਜਿਲ੍ਹੇ ਦੀਆਂ ਸਮੂਹ ਸਮਾਜ ਸੇਵੀ ਅਤੇ ਧਾਰਮਿਕ ਜੱਥੇਬੰਦੀਆਂ, ਮੁਲਾਜ਼ਮ, ਮਜਦੂਰ ਅਤੇ ਕਿਸਾਨ ਜੱਥੇਬੰਦੀਆਂ ਅਤੇ ਆਮ ਲੋਕਾਂ ਨੂੰ ਛੇ ਜੁਲਾਈ ਨੂੰ ਸ਼ਾਮ 6 ਵਜੇ ਨੇਚਰ ਪਾਰਕ ਮੋਗਾ ਵਿਖੇ ਪਹੁੰਚਣ ਦੀ ਅਪੀਲ ਕੀਤੀ, ਜਿੱਥੇ ਇੱਕ ਲੰਬੀ ਮਨੁੱਖੀ ਕੜੀ ਬਣਾ ਕੇ ਨਸ਼ਿਆਂ ਖਿਲਾਫ ਅਤੇ ਨੌਜਵਾਨਾਂ ਦੀ ਜਵਾਨੀ ਦੀ ਸਲਾਮਤੀ ਲਈ ਇਕਜੁਟਤਾ ਦਾ ਪ੍ਰਗਟਾਵਾ ਕੀਤਾ ਜਾਵੇਗਾ । ਇਸ ਮੌਕੇ ਸ਼ਹੀਦ ਭਗਤ ਸਿੰਘ ਕਲਾ ਮੰਚ ਚੜਿੱਕ ਦੀ ਟੀਮ ਵੱਲੋਂ ਪਿੰਡ ਦੀ ਸੱਥ ਵਿੱਚ ਨਸ਼ਿਆਂ ਤੇ ਇੱਕ ਨੁੱਕੜ ਨਾਟਕ ਵੀ ਕੀਤਾ, ਜਿਸ ਨੂੰ ਦੇਖ ਕੇ ਹਰ ਨਗਰ ਨਿਵਾਸੀ ਬਹੁਤ ਪ੍ਰਭਾਵਿਤ ਹੋਇਆ । ਇਸ ਮੌਕੇ ਨੌਜਵਾਨਾਂ ਨੇ ਹੱਥਾਂ ਵਿੱਚ ਮੋਮਬੱਤੀਆਂ ਫੜ ਕੇ ਪੰਜਾਬ ਦੇ ਨੌਜਵਾਨਾਂ ਦੇ ਸਿਹਤਮੰਦ ਅਤੇ ਨਸ਼ਾ ਰਹਿਤ ਭਵਿੱਖ ਦੀ ਕਾਮਨਾ ਕੀਤੀ । ਇਸ ਤੋਂ ਬਾਅਦ ਪੂਰੇ ਪਿੰਡ ਵਿੱਚ ਜਾਗਰੂਕਤਾ ਰੈਲੀ ਕੀਤੀ ਗਈ। ਇਸ ਮੌਕੇ ਸਰਪੰਚ ਬਲਜੀਤ ਸਿੰਘ, ਕਰਨੈਲ ਸਿੰਘ, ਮੇਜਰ ਸਿੰਘ, ਸੁਖਵੰਤ ਸਿੰਘ, ਮੀਤ ਸਿੰਘ ਪੰਚ, ਕਰਮ ਸਿੰਘ ਪੰਚ, ਬਲਜੀਤ ਸਿੰਘ, ਮਾ. ਪਰਮਜੀਤ ਸਿੰਘ, ਮਨੋਹਰ ਸਿੰਘ ਖਾਲਸਾ, ਬਲਕਾਰ ਸਿੰਘ, ਪ੍ਰੀਤਮ ਸਿੰਘ ਨੀਲਾ, ਵਿੱਕੀ ਡਰੋਲੀ, ਗੁਰਜੀਤ ਸਿੰਘ ਨਿੱਕਾ, ਕਮੇਟੀ ਮੈਂਬਰ ਜਰਨੈਲ ਸਿੰਘ, ਸ਼ਮਸ਼ੇਰ ਸਿੰਘ, ਜਗਤਾਰ ਸਿੰਘ ਤਾਰੀ, ਨਿਰੰਜਣ ਸਿੰਘ, ਲਖਵੀਰ ਸਿੰਘ, ਗੁਰਮੇਲ ਸਿੰਘ, ਪਰਮਜੀਤ ਇੰਸਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੇ ਨੌਜਵਾਨ, ਔਰਤਾਂ, ਬਜੁਰਗ ਅਤੇ ਬੱਚੇ ਹਾਜਰ ਸਨ ।




# ਕੇਂਦਰ ਅਤੇ ਸੂਬਾ ਸਰਕਾਰ ਦੀਆਂ ਨਲਾਇਕੀਆਂ ਵਿਰੁੱਧ ਬਸਪਾ ਨੇ ਲਗਾਇਆ ਧਰਨਾ

**ਲੁਧਿਆਣਾ-** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਕੇਂਦਰ ਅਤੇ ਸੂਬਾ ਸਰਕਾਰ ਦੇ ਹਰ ਫਰੰਟ ਤੇ ਫੇਲ ਹੋਏ ਢਾਂਚੇ ਨੂੰ ਉਹਨਾਂ ਦੀਆਂ ਨਲਾਇਕੀਆਂ ਕਰਾਰ ਦੇ ਕੇ ਅੱਜ ਪੰਜਾਬ ਭਰ ਵਿੱਚ ਜਿਲਾ ਹੈਡ ਕੁਆਟਰਾਂ ਤੇ ਧਰਨੇ ਮੁਜਾਹਰੇ ਕਰਨ ਦਾ ਫੈਸਲਾ ਲਿਆ ਸੀ ਉਸਨੂੰ ਅਮਲੀ ਜਾਮਾ ਪਹਿਨਾਉਂਦਿਆਂ ਅੱਜ ਲੁਧਿਆਣਾ ਜਿਲੇ ਵਿੱਚ ਡੀ ਸੀ ਦਫਤਰ ਵਿਖੇ ਸ਼ਹਿਰੀ ਪ੍ਰਧਾਨ ਜੀਤਰਾਮ ਬਸਰਾ ਅਤੇ ਦੇਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆ ਦੀ ਅਗਵਾਈ ਵਿੱਚ ਧਰਨਾ ਲਗਾਇਆ ਗਿਆ ਜਿਸ ਦੀ ਪ੍ਰਧਾਨਗੀ ਜੋਨ ਕੋਆਡੀਨੇਟਰ ਰਾਮ ਸਿੰਘ ਗੋਗੀ ਅਤੇ ਸੀਨੀਅਰ ਆਗੂ ਦੇਸ਼ਰਾਜ ਚੌਹਾਨ ਨੇ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜਰ ਬਸਪਾ ਵਰਕਰਾਂ ਨੇ ਪੋਸਟ ਮੈਟਰਿਕ ਸਕਾਲਰਸ਼ਿਪ, ਨਸ਼ਿਆਂ ਦੇ ਕਾਰਨ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੁੱਖ ਸਾਜਿਸ਼ ਘਾੜਿਆਂ ਤੇ ਅਜੇ ਤੱਕ ਕੋਈ ਵੀ ਕਾਰਵਾਈ ਨਾ ਕੀਤੇ ਜਾਣ, ਕਰਜਿਆਂ ਅਤੇ ਗਰੀਬੀ ਕਾਰਨ ਹੋ ਰਹੀਆਂ ਕਿਸਾਨਾਂ ਦੀਆਂ ਮੌਤਾਂ, ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਤੇ ਹੋ ਰਹੇ ਜਾਨਲੇਵਾ ਤਸੱਦਦ, ਤੇਲ ਦੀਆਂ ਵਧੀਆਂ ਕੀਮਤਾਂ ਨੂੰ ਅਜੇ ਤੱਕ ਕੰਟਰੋਲ ਨਾ ਕੀਤੇ ਜਾਣ ਵਰਗੀਆਂ ਸਮੱਸਿਆਵਾਂ ਨੂੰ ਫਲੈਕਸਾਂ ਤੇ ਲਿਖ ਕੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦਾ ਪਿੱਟ ਸਿਆਪਾ ਕੀਤਾ। ਡੀ ਸੀ ਦਫਤਰ ਵਿਖੇ ਲੱਗੇ ਇਸ ਧਰਨੇ ਤੋਂ ਬਾਅਦ ਇਹਨਾਂ ਦੇ ਜਲਦ ਹੱਲ ਲਈ ਡੀ ਸੀ ਰਾਹੀਂ ਗਵਰਨਰ ਅਤੇ ਰਾਸ਼ਟਰਪਤੀ ਦੇ ਨਾਮ ਤੇ ਮੰਗ ਪੱਤਰ ਵੀ ਭੇਜਿਆ ਗਿਆ। ਇਸ ਮੌਕੇ ਗੱਲ ਕਰਦਿਆਂ ਬਸਪਾ ਆਗੂਆਂ ਨੇ ਕਿਹਾ ਉਪਰੋਕਤ ਸਮੱਸਿਆਵਾਂ ਤੋਂ ਇਲਾਵਾ ਪਿੰਡਾਂ ਅਤੇ ਸ਼ਹਿਰਾਂ ਦੇ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਜਲਦੀ ਸੁਰੂ ਕਰਵ-ਾਉਣ, ਅਨੁਸੂਚਿਤ ਜਾਤੀਆਂ, ਜਨ ਜਾਤੀਆਂ ਅਤੇ ਪਿਛੜੇ ਵਰਗ ਦੀ ਭਲਾਈ ਲਈ ਲਾਹੇਬੰਧ ਯੋਜਨਾਵਾਂ ਬਣਾਉਣਾ, ਵਧ ਰਹੀਆਂ ਬਲਾਤਕਾਰ ਅਤੇ ਔਰਤਾਂ ਦੀ ਅਸੁੱਰਖਿਆ ਦੀਆਂ ਘਟਨਾਵਾਂ ਤੇ ਰੋਕ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਦਅਬੀ ਮੌਕੇ ਬੇਦੋਸ਼ੀ ਸਿੱਖ ਸੰਗਤ ਤੇ ਗੋਲੀ ਚਲਾਉਣ ਅਤੇ ਇਸ ਗੋਲੀਕਾਂਡ ਦੋ ਨੌਜਵਾਨਾਂ ਦੇ ਕਾਤਲ ਪੁਲਿਸ ਅਧਿਕਾਰੀਆਂ ਤੇ ਪਰਚੇ ਦਰਜ ਕਰਨ, ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਨੂੰ ਜਨਤਕ ਕਰਨ, ਪੋਸਟਮੈਟਰਿਕ ਸਕਾਲਰਸ਼ਿਪ ਦੀ ਰਾਸੀ ਰੁਕ ਜਾਣ ਕਾਰਨ ਬਰਬਾਦ ਹੋ ਰਹੇ ਵਿਦਿਆਰਥੀਆਂ ਦੇ ਭਵਿੱਖ ਨੂੰ ਬਚਾਉਣ ਲਈ ਫੌਰੀ ਉਪਰਾਲੇ ਕਰਨ, ਨਸ਼ੇੜੀਆਂ ਨੂੰ ਫੜਨ ਦੀ ਬਜਾਏ ਵੱਡੇ ਤਸਕਰਾਂ ਨੂੰ ਫੜ ਕੇ ਜੇਲਾਂ ਵਿੱਚ ਬੰਦ ਕਰਨ, ਨਸ਼ਿਆਂ ਦੇ ਆਦੀਆਂ ਦੇ ਮੁੜ ਵਸੇਵੇ ਦੇ ਪੁਖਤਾ ਪ੍ਰਬੰਧ ਕਰਨ, ਜਗਾ ਜਗਾ ਲਗਾਏ ਟੋਲ ਟੈਕਸ ਹਟਾਉਣ, ਬਿਜਲੀ ਦੇ ਰੇਟਾਂ ਵਿੱਚ ਕੀਤੇ ਵਾਧੇ ਨੂੰ ਵਾਪਸ ਲੈਣ ਅਤੇ ਰੁਜਗਾਰ, ਵਪਾਰ ਅਤੇ ਕਾਰੋਬਾਰ ਨੂੰ ਦਰੁਸਤ ਕਰਨ ਦੀ ਅਸੀ ਮੰਗ ਕਰਦੇ ਹਾਂ। ਆਗੂਆਂ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਨੇ ਇਸ ਸਬੰਧੀ ਕਦਮ ਨਾ ਚੁੱਕੇ ਤਾਂ ਅਸੀ ਹੋਰ ਵੀ ਤਿੱਖਾ ਸੰਘਰਸ਼ ਸੁਰੂ ਕਰਾਂਗੇ। ਆਗੂਆਂ ਨੇ ਸਾਫ ਆਖ ਦਿੱਤਾ ਕਿ ਮੌਜੂਦਾ ਸਮੇਂ ਪੈਦਾ ਹੋਏ ਹਲਾਤਾਂ ਲਈ ਦੋਵੇਂ ਸਰਕਾਰ ਬਰਾਬਰ ਦੀਆਂ ਜਿੰਮੇਵਾਰ ਹਨ ਜਿਹਨਾਂ ਨੂੰ ਬਸਪਾ ਵਾਅਦਾ ਖਿਲਾਫੀ ਕਰਕੇ ਭੱਜਣ ਨਹੀ ਦੇਵੇਗੀ।



ਇਸ ਮੌਕੇ ਜਨਰਲ ਪ੍ਰਗਣ ਬਿਲਗਾ, ਰਾਜਿੰਦਰ ਨਿੱਕਾ, ਚਰਨ ਸਿੰਘ ਲੁਹਾਰਾ, ਲਾਭ ਸਿੰਘ ਭਾਮੀਆਂ, ਕੈਪਟਨ ਮਹਿੰਦਰ ਸਿੰਘ, ਕੈਪਟਨ ਰਾਮਪਾਲ ਸਿੰਘ, ਨਰੇਸ਼ ਬਸਰਾ, ਹਰਦੇਵ ਸਿੰਘ ਧਾਲੀਆ, ਰਾਜਿੰਦਰ ਸਿੰਘ ਸੰਧੂ, ਹਰਬੰਸ ਸਿੰਘ ਬਾੜੇਵਾਲ, ਕੌਂਸਲਰ ਪੱਪੀ ਸਪਰਾ, ਜਸਵਿੰਦਰ ਸਿੰਘ ਖਾਲਸਾ, ਸੰਜੀਵ ਵਿਸ਼ਵਕਰਮਾ, ਮਨਜੀਤ ਸਿੰਘ ਬਾੜੇਵਾਲ, ਅਮਰੀਕ ਸਿੰਘ ਘੁਲਾਲ, ਸੁਰਿੰਦਰ ਮੇਹਰਬਾਨ, ਦਲਬੀਰ ਮੰਡਿਆਲਾ, ਵਿੱਕੀ ਬਹਾਦਰਕੇ, ਬਿੱਕਰ ਸਿੰਘ ਨੱਤ, ਬੂਟਾ ਸਿੰਘ ਸੰਗੋਵਾਲ, ਰਿਸ਼ੀਦੇਵ ਜਗਰਾਓ, ਜਸਪਾਲ ਭੌਰਾ, ਕਰਨੈਲ ਕਾਰਾਬਾਰਾ, ਭੁਪਿੰਦਰ ਸਿੰਘ ਆਤਮ ਨਗਰ, ਸੁਰਿੰਦਰ ਹੀਰਾ ਅਤੇ ਹੋਰ ਹਾਜਰ ਸਨ।

# ਧੁਦਿਆਲ 'ਚ 8ਵਾਂ ਮੁਫ਼ਤ ਆਯੁਰਵੈਦਿਕ ਕੈਂਪ ਸਮਾਪਤ

**ਸ਼ਾਮਚੁਰਾਸੀ (ਚੁੰਬਰ)-** ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਰਜਿ. ਵਲੋਂ ਵੈਦ ਹਰੀ ਸਿੰਘ ਬੱਧਣ ਦੀ ਅਗਵਾਈ ਹੇਠ ਪਿੰਡ ਧੁਦਿਆਲ ਵਿਖੇ ਡਾ. ਅੰਬੇਡਕਰ ਵੈਲਫੇਅਰ ਸੁਸਾਇਟੀ ਅਤੇ ਗ੍ਰਾਮ ਪੰਚਾਇਤ ਧੁਦਿਆਲ ਵਲੋਂ 8ਵਾਂ ਮੁਫ਼ਤ ਆਯੁਰਵੈਦਿਕ ਕੈਂਪ ਸਰਕਾਰੀ ਡਿਸਪੈਂਸਰੀ ਵਿਚ ਲਗਾਇਆ ਗਿਆ। ਇਸ ਕੈਂਪ ਵਿਚ ਕੋਈ 110 ਦੇ ਕਰੀਬ ਮਰੀਜਾਂ ਨੇ ਆਪਣੀਆਂ ਦੁੱਖ ਤਕਲੀਫਾਂ ਦੱਸ ਕੇ ਡਾਕਟਰ ਸਹਿਬਾਨਾਂ ਤੋਂ ਮੁਫ਼ਤ ਦਵਾਈਆਂ ਪ੍ਰਾਪਤ ਕੀਤੀਆਂ। ਇਸ ਮੌਕੇ ਡਾ. ਅੰਬੇਡਕਰ ਵੈਲਫੇਅਰ ਸੁਸਾਇਟੀ ਵਲੋਂ ਅਤੇ ਗ੍ਰਾਮ ਪੰਚਾਇਤ ਵਲੋਂ ਵੈਦ ਹਰੀ ਸਿੰਘ ਬੱਧਣ ਦਾ ਸਨਮਾਨ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਇਸ ਮੌਕੇ ਵੈਦ ਉਂਕਾਰ ਸਿੰਘ ਰਾਜੂ, ਜਸਪਾਲ ਸਿੰਘ, ਡਾ. ਰਮਨ ਸ਼ਰਮਾ, ਤਰਸੇਮ ਬੱਧਣ, ਗੁਰਦੇਵ ਰਾਜ, ਦਵਿੰਦਰ ਸੁਰੀਲਾ, ਰਾਮ ਨਾਥ, ਹਰੀਸ਼ ਕੁਮਾਰ, ਸੰਜੀਵ ਕੁਮਾਰ, ਸਰਪੰਚ ਅਮੀਤਾ ਰਾਣੀ, ਮਾ. ਧਰਮਪਾਲ ਸਿੰਘ, ਪ੍ਰਬੰਧਕ ਪ੍ਰਗਟ ਸਿੰਘ ਮੈਂਬਰ ਪੰਚਾਇਤ, ਕੁਲਦੀਪ ਸਿੰਘ ਸਾਬਕਾ ਪੰਚ, ਡਾ. ਜਸਵੀਰ ਸਿੰਘ ਪੰਚ, ਮਨਿੰਦਰ ਸਿੰਘ ਲੱਕੀ, ਰੂਪ ਲਾਲ, ਬੂਟਾ ਰਾਮ, ਵੀਨਾ ਰਾਣੀ ਭੋਗਪੁਰ, ਸਨੀ ਚੁੰਬਰ, ਸਾਧੂ ਸਿੰਘ, ਜਗਤਾਰ ਸਿੰਘ ਚੁੰਬਰ, ਬੌਬੀ ਚੁੰਬਰ, ਨੂਰ ਚੁੰਬਰ, ਸੁਰਜੀਤ ਸਿੰਘ, ਪਵੀ ਚੁੰਬਰ ਸਮੇਤ ਕਈ ਹੋਰ ਵੱਡੀ ਗਿਣਤੀ ਵਿਚ ਹਾਜ਼ਰ ਸਨ।



## ਲੱਖ ਖੁਸੀਆਂ ਪਾਤਸਾਹੀਆਂ ਜੇ ਸਤਿਗੁਰ ਨਦਿਰ ਕਰੇ

# ਨਈਅਰ ਪਰਿਵਾਰ ਨੇ ਆਪਣੇ ਗ੍ਰਹਿ ਵਿਖੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਉਪਰੰਤ ਮਨਾਇਆ ਬੱਚੇ ਅਰਨਵ ਦਾ ਪਲੇਠਾ ਜਨਮ ਦਿਨ












ਤਸਵੀਰਾਂ- Desh Doaba











1st Happy Birth Day Arnav Nayyar



(ਰਿਪੋਰਟ ਦੇਖੋ ਸਫਾ 3 'ਤੇ)



### ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ

# ਕਾਕਾ ਅਦਿੱਤਿਆ ਸਿੰਘ ਦਾ ਚੌਥਾ ਜਨਮ ਦਿਨ ਗੁਰੂ ਘਰ ਵਿਖੇ ਮਨਾਇਆ











**ਸੈਕਰਾਮੈਂਟੋ (ਬਿਊਰੋ)–** ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ. ਧਰਮਿੰਦਰ ਸਿੰਘ (ਗੋਲਡਨ ਸਟੇਟ ਟਰੱਕ ਸੇਲਜ਼ ਇੰਕ ਦੇ ਕਰਤਾ/ਧਰਤਾ) ਦੇ ਹੋਣਹਾਰ ਸਪੂਤ ਕਾਕਾ ਅਦਿੱਤਿਆ ਸਿੰਘ ਦਾ ਚੌਥਾ ਜਨਮ ਦਿਨ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਕੇ ਮਨਾਇਆ ਗਿਆ।

ਇਸ ਮੌਕੇ ਸ. ਧਰਮਿੰਦਰ ਸਿੰਘ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਸੱਜਣ/ ਮਿੱਤਰਾਂ ਨੇ ਇਕ ਸੰਗਤ ਵਜੋਂ ਗੁਰਦੁਆਰਾ ਸਾਹਿਬ ਹਾਜ਼ਰੀਆਂ ਭਰ ਕੇ ਜਿੱਥੇ ਗੁਰਬਾਣੀ ਸ਼ਬਦ ਗਾਇਨ ਸੁਣ ਕੇ ਆਨੰਦਮਈ ਹੋਈਆਂ, ਉਥੇ ਉਹਨਾਂ ਗੁਰੂ ਕੇ ਲੰਗਰ ਛਕਣ ਸਮੇਂ ਕਾਕਾ ਅਦਿੱਤਿਆ ਸਿੰਘ ਨੂੰ ਢੇਰ ਸਾਰਾ ਦਿਲੀ ਪਿਆਰ ਦਿੱਤਾ ਅਤੇ ਮਿਸਿਜ਼ ਐਂਡ ਮਿਸਟਰ ਧਰਮਿੰਦਰ ਸਿੰਘ ਨੂੰ ਵਧਾਈਆਂ ਦਿੱਤੀਆਂ।

ਅੱਜ ਦੇ ਇਸ ਸ਼ੁਭ ਮੌਕੇ ਅਲੱਗ-ਅਲੱਗ ਰਾਗੀ ਸਿੰਘ ਸਾਹਿਬਾਨ ਨੇ ਜਿੱਥੇ ਸ਼ਬਦ ਗਾਇਨ ਕੀਤਾ,ਉਥੇ ਉਹਨਾਂ ਕਥਾ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਿਆ। ਅਦਾਰਾ 'ਦੇਸ਼ ਦੁਆਬਾ' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ ਨੇ ਸ. ਧਰਮਿੰਦਰ ਸਿੰਘ ਤੇ ਉਹਨਾਂ ਦੇ ਸਮੂਹ ਪਰਿਵਾਰ ਨੂੰ ਵਧਾਈ ਦਿੰਦਿਆਂ ਅਤੇ ਕਾਕਾ ਅਦਿੱਤਿਆ ਸਿੰਘ ਨੂੰ ਪਿਆਰ ਦਿੰਦਿਆਂ ਉਸ ਦੇ ਚੰਗੇ ਭਵਿੱਖ ਲਈ ਵਾਹਿਗੁਰੂ ਪਾਸੋਂ ਕਾਮਨਾਵਾਂ ਮੰਗੀਆਂ।

ਅਖੀਰ ਸ. ਧਰਮਿੰਦਰ ਸਿੰਘ ਨੇ ਸਾਰੇ ਹੀ ਰਿਸ਼ਤੇਦਾਰ, ਸੱਜਣਾਂ/ਮਿੱਤਰਾਂ ਦਾ ਇਸ ਖੁਸ਼ੀ ਦੇ ਮੌਕੇ ਗੁਰੂ ਘਰ ਹਾਜ਼ਰੀਆਂ ਭਰਨ ਲਈ ਕੋਟਿਨ-ਕੋਟਿ ਧੰਨਵਾਦ ਕੀਤਾ।

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

ਅਬ ਕੀ ਬਾਰ ਬਖਸਿ ਬੰਦੇ ਕਉ, ਬਾਹੁਰਿ ਨ ਭਉਜਲਿ ਫੇਰਾ॥

# ਸੁਰਿੰਦਰ ਕੁਮਾਰ ਬੱਧਣ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ

**ਫਰਿਜ਼ਨੋ (ਬਿਊਰੋ)-** ਨਾਮੀ ਪਰਿਵਾਰਾਂ ਦੀ ਨਾਮਵਰ ਸ਼ਖਸੀਅਤ ਸ੍ਰੀ ਸੁਰਿੰਦਰ ਕੁਮਾਰ ਬੱਧਣ ਜੋ ਪਿਛਲੇ ਦਿਨੀਂ ਪ੍ਰਲੋਕ ਸਿਧਾਰ ਗਏ, ਦਾ 7 ਜੁਲਾਈ ਨੂੰ ਫਰਿਜ਼ਨੋ 'ਚ ਅੰਤਿਮ ਸਸਕਾਰ ਕਰ ਦਿੱਤਾ ਗਿਆ। ਉਸ ਉਪਰੰਤ ਸਵਰਗੀ ਸੁਰਿੰਦਰ ਕੁਮਾਰ ਬੱਧਣ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦੇ ਭੋਗ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਪਾਏ ਗਏ।

ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਨੇ ਫਿਊਨਰਲ ਹੋਮ ਅਤੇ ਗੁਰੂ ਵਿਖੇ ਪਾਠ ਕੀਤਾ ਅਤੇ ਵਿਛੜੀ ਰੂਹ ਦੀ ਸ਼ਾਂਤੀ ਲਈ ਅਤੇ ਪਿੱਛੇ ਸਮੂਹ ਬੱਧਣ ਪਰਿਵਾਰ ਅਤੇ ਸਕੇ-ਸਬੰਧੀ, ਰਿਸ਼ਤੇਦਾਰਾਂ, ਸੱਜਣਾਂ/ ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਕਾਲ ਪੁਰਖ ਅੱਗੇ ਅਰਜ਼ੋਈ ਕੀਤੀ। ਇਹਨਾਂ ਤੋਂ ਇਲਾਵਾ ਭਾਈ ਬਘੇਲ ਸਿੰਘ, ਭਾਈ ਚਮਕੌਰ ਸਿੰਘ, ਭਾਈ ਹਰਬਲਾਸ ਸਿੰਘ ਤੇ ਭਾਈ ਸੋਢੀ ਸਿੰਘ ਜੀ ਨੇ ਸ਼ਬਦ ਗਾਇਨ ਕੀਤਾ।

ਇਸ ਉਪਰੰਤ ਸਟੇਜ ਸਕੱਤਰ ਸ੍ਰੀ ਅਮਰ ਦੜੌਚ ਨੇ ਇਸ ਦੁੱਖ ਦੀ ਘੜੀ ਦੇ ਮੌਕੇ ਗੁਰੂ ਘਰ ਵੱਲੋਂ ਦੁਖੀ ਬੱਧਣ ਪਰਿਵਾਰ ਨਾਲ ਆਪਣੀ ਦਿਲੀ ਹਮਦਰਦੀ ਜਤਾਈ ਅਤੇ ਵੱਖ-ਵੱਖ ਸ਼ਖਸੀਅਤਾਂ ਨੂੰ ਸਟੇਜ ਤੇ ਸੱਦਾ ਦਿੱਤਾ, ਜਿਹਨਾਂ ਦੁੱਖੀ ਪਰਿਵਾਰ ਅਤੇ ਸੰਗਤ ਨਾਲ ਸਵਰਗੀ ਸੁਰਿੰਦਰ ਕੁਮਾਰ ਬੱਧਣ ਨਾਲ ਬਿਤਾਏ ਪਲ ਜਾਂ ਉਹਨਾਂ ਦੇ ਜੀਵਨ ਦੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਦਿਲੀ ਨਿੱਘੀ ਦੁੱਖੀ ਦਿਲ ਨਾਲ ਸ਼ਰਧਾਂਜਲੀ ਦਿੱਤੀ।ਉਹਨਾਂ ਵਿਚ ਸਰਵ ਸ੍ਰੀ ਨਿਰਮਲ ਸਿੰਘ ਨਿਊਯਾਰਕ ਤੋਂ, ਗੁਰੂ ਘਰ ਦੇ ਚੇਅਰਮੈਨ ਰਜਿੰਦਰ ਮੋਮੀ, ਬਲਵੀਰ ਸਿੰਘ ਢਿੱਲੋਂ, ਰਜਿੰਦਰ ਗੰਗੜ, ਕਰਮ ਸਿੰਘ ਬੰਗੜ, ਦੇਸ ਰਾਜ ਬੰਗੜ, ਰੂਪ ਲਾਲ ਗੁੱਡੂ, ਵਿਸ਼ਾਲ ਬੱਧਣ, ਪ੍ਰਮੋਦ ਲੋਈ ਅਤੇ ਮੁਲਖ ਰਾਜ ਬੱਧਣ ਆਦਿ ਸ਼ਾਮਲ ਸਨ। ਇਹਨਾਂ ਤੋਂ ਇਲਾਵਾ ਬੱਧਣ ਪਰਿਵਾਰ ਦੇ ਛੋਟੇ-ਛੋਟੇ ਬੱਚਿਆਂ ਨੇ ਆਪਣੀ ਸਤਿਕਾਰਯੋਗ ਸਦਾ-ਸਦਾ ਲਈ ਵਿਛੜੀ ਰੂਹ ਨੂੰ ਯਾਦ ਕਰਦਿਆਂ ਦਿਲੀ ਸ਼ਰਧਾਂਜਲੀ ਦਿੱਤੀ।

ਇੱਥੇ ਇਹ ਵਰਣਨਯੋਗ ਹੈ ਕਿ ਸਵਰਗੀ ਸੁਰਿੰਦਰ ਕੁਮਾਰ ਬੱਧਣ, ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਦੇ ਸ੍ਰੀ ਪ੍ਰਮੋਦ ਲੋਈ ਜਨਰਲ ਸਕੱਤਰ ਰਹਿ ਚੁੱਕੇ ਹਨ ਅਤੇ ਮੌਜੂਦਾ ਸਮੇਂ ਰੇਡੀਓ ਪੰਜਾਬ ਦੇ ਹੋਸਟ ਵੀ ਹਨ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਦੇ ਸਾਬਕਾ ਪ੍ਰਧਾਨ ਸ. ਨਿਰਮਲ ਸਿੰਘ ਦੜੌਚ, ਸ੍ਰੀ ਅਮਰ ਦੜੌਚ, ਟੇਕ ਚੰਦ ਦੜੌਚ ਤੇ ਅਮਰੀਕ ਦੜੌਚ ਪਰਿਵਾਰਾਂ ਦੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾਰ ਸਨ, ਜੋ ਹੁਣ ਸਦਾ-ਸਦਾ ਲਈ ਫਾਨੀ ਸੰਸਾਰ ਦੇ ਸਭ ਬੰਧਨਾਂ ਤੋਂ ਮੁਕਤ ਹੋ ਕੇ ਉਸ ਅਸਲੀ ਘਰ ਚਲੇ ਗਏ, ਜਿਵੇਂ ਕਿ ਗੁਰਬਾਣੀ ਅਨੁਸਾਰ ਅਸਾਂ ਵੀ ਇਕ-ਨਾ-ਇਕ ਦਿਨ ਚੱਲਣਾ ਹੈ:

ਜੋ ਦਿਨ ਆਵਹਿ ਸੋ ਦਿਨ ਜਾਹੀ॥
ਕਰਨਾ ਕੂਚ ਰਹਨ ਥਿਰੁ ਨਾਹੀ॥
ਸੰਗ ਚਲਤ ਹੈ ਹਮ ਭੀ ਚਲਨਾ॥ *-ਸ੍ਰੀ ਗੁਰੂ ਰਵਿਦਾਸ ਜੀ*

ਅਖਰ ਅਸੀਂ ਹੁਣ ਕੀ ਕਰ ਸਕਦੇ ਹਾਂ, ਇਸ ਫਾਨੀ ਸੰਸਾਰ ਤੋਂ ਕੂਚ ਕਰ ਜਾਣ ਤੋਂ ਪਹਿਲਾਂ-ਪਹਿਲਾਂ ਆਓ ਕਰੀਏ ਫਰਿਆਦ ਉਸ ਅਕਾਲ ਪੁਰਖ ਅੱਗੇ:

ਅਬ ਕੀ ਬਾਰ ਬਖਸਿ ਬੰਦੇ ਕਉ, ਬਹੁਰਿ ਨ ਭਉਜਲਿ ਫੇਰਾ॥
*-ਸਤਿਗੁਰੂ ਕਬੀਰ ਸਾਹਿਬ ਜੀ*

**-ਪ੍ਰੇਮ ਕੁਮਾਰ ਚੁੰਬਰ (ਅਦਾਰਾ ਦੇਸ਼ ਦੁਆਬਾ)**





















'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਪੰਜਾਬ ਦੀ ਅਜੋਕੀ ਸਥਿਤੀ ਲਈ ਜ਼ਿੰਮੇਵਾਰ ਕੌਣ?

**ਪੰਜਾਬ 'ਚ ਨਾ ਕੋਈ ਵੱਡਾ ਉਦਯੋਗ ਲੱਗਾ, ਨਾ ਵੱਡਾ ਕਾਰੋਬਾਰ ਖੁੱਲ੍ਹਿਆ। ਨੌਜਵਾਨ ਬੇਰੁਜ਼ਗਾਰੀ ਦੀਆਂ ਨਿੱਤ ਤੰਦਾਂ ਪਾਉਂਦਾ ਗਿਆ। ਜਿਉਂਦਾ-ਮਰਦਾ ਗਿਆ। ਮਜਬੂਰੀ 'ਚ ਦੇਸ਼ ਛੱਡ ਕੇ ਕਨੂੰਨੀ, ਗ਼ੈਰ-ਕਨੂੰਨੀ ਢੰਗ-ਤਰੀਕੇ ਵਰਤ ਕੇ ਵਿਦੇਸ਼ਾਂ ਨੂੰ ਭੱਜਦਾ ਗਿਆ। ਘਰ-ਬਾਰ ਵੇਚੇ, ਮਾਪੇ ਗੁਆਏ, ਜ਼ਮੀਨਾਂ ਗੁਆਈਆਂ, ਰਿਸ਼ਤੇ-ਨਾਤੇ ਛੱਡੇ। ਪੰਜਾਬੀਆਂ ਨੇ ਇਸ ਨੂੰ ਵੀ ਪ੍ਰਵਾਨ ਕੀਤਾ। ਜਦੋਂ ਪੰਜਾਬੀ ਸੂਬਾ ਬਣਾਇਆ ਗਿਆ ਤਾਂ ਉਹ ਵੀ ਲੰਗੜਾ। ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਹੀ ਛੱਡ ਦਿੱਤੇ ਗਏ। ਸੂਬਾ ਬਣਨ 'ਤੇ ਪੰਜਾਬੀ ਬੋਲੀ ਕਹਿਣ ਨੂੰ ਤਾਂ ਸਰਕਾਰੀ ਬੋਲੀ ਮੰਨੀ ਗਈ, ਪਰ ਦਫ਼ਤਰੀ ਕੰਮ ਹੁਣ ਵੀ ਅੰਗਰੇਜ਼ੀ 'ਚ ਚੱਲਦਾ ਹੈ। ਅਦਾਲਤਾਂ 'ਚ ਅੰਗਰੇਜ਼ੀ ਦਾ ਬੋਲਬਾਲਾ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਚਲੋ ਪਿਛਲੀਆਂ ਗੱਲਾਂ ਛੱਡ ਵੀ ਲੈਂਦੇ ਹਾਂ, ਲੰਮੇ ਸੰਘਰਸ਼ ਤੋਂ ਬਾਅਦ ਬੋਲੀ ਦੇ ਆਧਾਰ ਉੱਤੇ ਪੰਜਾਬੀ ਸੂਬਾ ਬਣਾਇਆ ਗਿਆ। ਪੰਜਾਬੀ ਬੋਲਦੇ ਇਲਾਕੇ, ਸਮੇਤ ਚੰਡੀਗੜ੍ਹ, ਪੰਜਾਬੋਂ ਬਾਹਰ ਰਹਿਣ ਦਿੱਤੇ ਗਏ। ਸੂਬੇ ਨੂੰ ਰਾਜਧਾਨੀ ਕੋਈ ਨਾ ਮਿਲੀ। ਪੰਜਾਬੀਆਂ ਨੇ ਹੌਲੀ-ਸਹਿਜੇ ਇਸ ਨੂੰ ਪ੍ਰਵਾਨ ਕਰ ਲਿਆ। ਇਸ ਸੰਬੰਧੀ ਸਿਆਸੀ ਪਾਰਟੀਆਂ ਨੇ ਰੰਗ-ਬਰੰਗੇ ਖੇਲ ਖੇਡੇ, ਰੋਟੀਆਂ ਸੇਕੀਆਂ, ਕੁਰਸੀਆਂ ਹਥਿਆਈਆਂ, ਰਾਜ ਕੀਤਾ, ਪਰ ਪੰਜਾਬ ਅੱਜ ਵੀ ਰਾਜਧਾਨੀ ਤੋਂ ਸੱਖਣਾ ਹੈ। ਉਹ ਸਿਆਸਤਦਾਨ, ਜਿਨ੍ਹਾਂ ਨੇ ਵਿਰੋਧੀ ਧਿਰ 'ਚ ਬੈਠ ਕੇ ਤਾਂ ਪੰਜਾਬ ਦੀ ਇਸ ਮੰਗ ਨੂੰ ਵੱਡੇ ਪੱਧਰ 'ਤੇ ਉਛਾਲਿਆ, ਪਰ ਜਦੋਂ ਆਪ ਕੁਰਸੀ 'ਤੇ ਬੈਠ ਗਏ, ਇਸ ਮਸਲੇ ਨੂੰ ਵਿਸਾਰ ਦਿੱਤਾ। ਅੱਜ ਵੀ ਨਾ ਹੁਣ ਵਾਲੇ ਹਾਕਮ, ਨਾ ਵਿਰੋਧੀ ਧਿਰ ਜਾਂ ਹਾਰੇ ਹੋਏ ਹਾਕਮ ਇਸ ਮਸਲੇ ਬਾਰੇ ਗੰਭੀਰ ਹਨ।

ਪੰਜਾਬ ਦੇ ਪਾਣੀਆਂ ਨੂੰ ਖੋਹਿਆ ਗਿਆ। ਬਣਦਾ ਹੱਕ ਪੰਜਾਬ ਨੂੰ ਨਾ ਦਿੱਤਾ ਗਿਆ। ਪਾਣੀ ਨੂੰ ਤਰਸ ਰਹੇ ਪੰਜਾਬ ਨੇ ਆਪਣੀ ਕੁੱਖ ਦਾ ਪਾਣੀ ਕੱਢ ਕੇ ਦੇਸ਼ ਦੀਆਂ ਅੰਨ ਲੋੜਾਂ ਪੂਰੀਆਂ ਕੀਤੀਆਂ। ਅੱਜ ਸਥਿਤੀ ਇਹ ਹੈ ਕਿ ਪੰਜਾਬ ਦੇ ਕੁੱਲ 135 ਬਲਾਕਾਂ ਵਿੱਚੋਂ 110 ਬਲਾਕ ਡਾਰਕ ਜ਼ੋਨ 'ਚ ਆਏ ਹੋਏ ਹਨ। ਮਾਹਰ ਸਾਨੂੰ ਵਾਰ-ਵਾਰ ਚੇਤਾਵਨੀਆਂ ਦੇ ਰਹੇ ਹਨ ਕਿ ਪੰਜਾਬ ਰੇਗਿਸਤਾਨ ਬਣਨ ਵੱਲ ਵਧ ਰਿਹਾ ਹੈ। ਪੰਜਾਬੀਆਂ ਨੇ ਇਸ ਭਿਅੰਕਰ ਭਵਿੱਖ ਨੂੰ ਵੀ ਢਿੱਡ ਨੂੰ ਝੁਲਕਾ ਦੇਣ ਲਈ ਪ੍ਰਵਾਨ ਕਰ ਲਿਆ। ਰਿਪੇਰੀਅਨ ਕਨੂੰਨ ਅਨੁਸਾਰ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਹੱਕ ਪੰਜਾਬ ਦਾ ਬਣਦਾ ਹੈ, ਪਰ ਪੰਜਾਬੀ ਸੂਬਾ ਬਣਾਉਣ ਵੇਲੇ ਇਸ ਦਾ ਪਾਣੀ ਰਾਜਸਥਾਨ ਤੇ ਹਰਿਆਣੇ ਨੂੰ ਵੀ ਦੇ ਦਿੱਤਾ ਗਿਆ, ਜੋ ਰਿਪੇਰੀਅਨ ਕਨੂੰਨ ਦੀ ਉਲੰਘਣਾ ਸੀ। ਉੱਪਰਲੇ ਹਾਕਮਾਂ ਨੇ ਪੰਜਾਬੀਆਂ ਦਾ ਹੱਕ ਸਾਜ਼ਿਸ਼ੀ ਢੰਗ ਨਾਲ ਖੋਹਿਆ ਅਤੇ ਇਸ ਸਾਜ਼ਿਸ਼ ਦਾ ਸ਼ਿਕਾਰ ਪੰਜਾਬ ਦੇ ਹੱਕਾਂ ਦੇ ਗੱਲੀਂ-ਬਾਤੀਂ ਅਲੰਬਰਦਾਰ ਬਣੇ ਅਕਾਲੀ ਵੀ ਹੋਏ ਅਤੇ ਹੋਰ ਸਿਆਸਤਦਾਨ ਵੀ, ਜਿਹੜੇ ਹੱਥ 'ਤੇ ਹੱਥ ਧਰ ਕੇ ਬੈਠੇ ਪਤਾ ਨਹੀਂ ਕਿਹੜੇ ਵੇਲਿਆਂ ਦੀ ਉਡੀਕ ਕਰ ਰਹੇ ਹਨ!

ਪੰਜਾਬ 'ਚ ਗਰਮ-ਤੱਤੀਆਂ ਹਵਾਵਾਂ ਵਗੀਆਂ। ਏਥੇ ਅੱਤਵਾਦ ਨੇ ਪੈਰ ਪਸਾਰੇ। ਅਨੇਕ ਨੌਜਵਾਨ ਪੰਜਾਬ 'ਚ ਲੱਗੀ ਇਸ ਅੱਗ 'ਚ ਝੁਲਸ ਗਏ। ਪੰਜਾਬ ਨੇ ਆਪਣੇ ਪਵਿੱਤਰ ਸਥਾਨ ਉੱਤੇ ਹਮਲਾ ਹੰਢਾਇਆ। ਹਜ਼ਾਰਾਂ ਨੌਜਵਾਨ ਅਤੇ ਮਾਸੂਮ ਲੋਕ ਜਾਨਾਂ ਗੰਵਾ ਬੈਠੇ। ਕੋਈ ਇੱਕ ਧਰਮ ਦਾ ਮਰਿਆ ਜਾਂ ਮਾਰਿਆ ਗਿਆ ਜਾਂ ਦੂਜੇ ਧਰਮ ਦਾ ਮਰਿਆ ਜਾਂ ਮਾਰਿਆ ਗਿਆ, ਖ਼ੂਨ ਤਾਂ ਆਖ਼ਿਰ ਪੰਜਾਬੀਆਂ ਦਾ ਡੁੱਲ੍ਹਿਆ। ਪੰਜਾਬੀਆਂ ਨੇ ਇਸ ਨੂੰ ਵੀ ਪ੍ਰਵਾਨ ਕੀਤਾ। ਅੱਤਵਾਦ ਦੀ ਹਨੇਰੀ ਨੇ ਪੰਜਾਬ ਦੇ ਏਨੇ ਘਰ ਝੁਲਸੇ ਕਿ ਲੋਕ ਅੱਜ ਤੱਕ ਵੀ ਤਾਬੇ ਨਹੀਂ ਆ ਸਕੇ। ਹਜ਼ਾਰਾਂ ਘਰ ਸੁੰਨੇ ਹੋਏ। ਜ਼ਮੀਨਾਂ-ਜਾਇਦਾਦਾਂ ਤਬਾਹ ਹੋਈਆਂ। ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਨੇ ਇਸ ਠੰਢੀ-ਤੱਤੀ ਹਨੇਰੀ ਦਾ ਖ਼ਮਿਆਜ਼ਾ ਭੁਗਤਿਆ। ਕੀ ਇਸ ਸਾਰੇ ਕੁਝ ਲਈ ਜ਼ਿੰਮੇਵਾਰ ਲੋਕ, ਰਾਜ-ਭਾਗ ਕਰਨ ਵਾਲੇ ਉਹ ਸੌਦਾਗਰ ਨਹੀਂ ਹਨ, ਜਿਨ੍ਹਾਂ ਨੇ ਸੰਤਾਪ ਹੰਢਾਉਣ ਵਾਲੇ ਪੰਜਾਬੀਆਂ ਦੀ ਕਦੇ ਸਾਰ ਹੀ ਨਹੀਂ ਲਈ?

ਪੰਜਾਬ ਦੀ ਜ਼ਮੀਨ ਨੂੰ ਕੀਟ ਨਾਸ਼ਕਾਂ ਅਤੇ ਖ਼ਾਦਾਂ ਨੇ ਖਾਧਾ। ਆਰਥਿਕ ਸੰਕਟ ਕਾਰਨ ਪੰਜਾਬ ਦੇ ਕਿਸਾਨ ਨੂੰ ਖ਼ੁਦਕੁਸ਼ੀਆਂ ਦਾ ਰਾਹ ਫੜਨਾ ਪਿਆ। ਪੰਜਾਬ ਦੇ ਲੋਕਾਂ ਨੂੰ ਕੈਂਸਰ ਨੇ ਅੱਧ-ਮੋਇਆ ਜਾਂ ਮੋਇਆ ਕਰ ਦਿੱਤਾ। ਇੱਕ ਨਹੀਂ, ਦਸ-ਦਸ ਨਹੀਂ, ਸੈਂਕੜੇ ਨਹੀਂ, ਹਜ਼ਾਰਾਂ ਜਾਨਾਂ ਕੈਂਸਰ ਨੇ ਖਾ ਲਈਆਂ। ਪੰਜਾਬੀਆਂ ਨੇ ਇਸ ਨੂੰ ਵੀ ਪ੍ਰਵਾਨ ਕੀਤਾ। ਹਰਿਆ-ਭਰਿਆ ਪੰਜਾਬ ਉੱਪਰੋਂ ਹੱਸ-ਮੁੱਖ ਜਾਪਦਾ ਹੈ, ਪਰ ਅੰਦਰੋਂ ਖੋਖਲਾ ਹੋਈ ਜਾ ਰਿਹਾ ਹੈ। ਜਿਨ੍ਹਾਂ ਬਿਮਾਰੀਆਂ ਦਾ ਪੰਜਾਬ 'ਚ ਨਾਮੋ-ਨਿਸ਼ਾਨ ਨਹੀਂ ਸੀ, ਉਹਨਾਂ ਬਿਮਾਰੀਆਂ ਨਾਲ ਪੰਜਾਬ ਗ੍ਰੱਸਿਆ ਪਿਆ ਹੈ। ਦਮਾ, ਸ਼ੂਗਰ, ਟਾਈਫਾਈਡ ਤਾਂ ਘਰ-ਘਰ ਦੀ ਕਹਾਣੀ ਬਣ ਕੇ ਰਹਿ ਗਈ ਹੈ। ਹਾਲਤ ਇਹ ਹੈ ਕਿ ਮਾਂ ਦੇ ਦੁੱਧ ਵਿੱਚ ਵੀ ਕੀਟ ਨਾਸ਼ਕਾਂ ਤੇ ਖ਼ਾਦਾਂ ਦੇ ਅੰਸ਼ ਦਿੱਸਣ ਲੱਗੇ ਹਨ।

ਪੰਜਾਬ 'ਚ ਨਾ ਕੋਈ ਵੱਡਾ ਉਦਯੋਗ ਲੱਗਾ, ਨਾ ਵੱਡਾ ਕਾਰੋਬਾਰ ਖੁੱਲ੍ਹਿਆ। ਨੌਜਵਾਨ ਬੇਰੁਜ਼ਗਾਰੀ ਦੀਆਂ ਨਿੱਤ ਤੰਦਾਂ ਪਾਉਂਦਾ ਗਿਆ। ਜਿਉਂਦਾ-ਮਰਦਾ ਗਿਆ। ਮਜਬੂਰੀ 'ਚ ਦੇਸ਼ ਛੱਡ ਕੇ ਕਨੂੰਨੀ, ਗ਼ੈਰ-ਕਨੂੰਨੀ ਢੰਗ-ਤਰੀਕੇ ਵਰਤ ਕੇ ਵਿਦੇਸ਼ਾਂ ਨੂੰ ਭੱਜਦਾ ਗਿਆ। ਘਰ-ਬਾਰ ਵੇਚੇ, ਮਾਪੇ ਗੁਆਏ, ਜ਼ਮੀਨਾਂ ਗੁਆਈਆਂ, ਰਿਸ਼ਤੇ-ਨਾਤੇ ਛੱਡੇ। ਪੰਜਾਬੀਆਂ ਨੇ ਇਸ ਨੂੰ ਵੀ ਪ੍ਰਵਾਨ ਕੀਤਾ।

ਪੰਜਾਬ ਖੇਤੀ ਪ੍ਰਧਾਨ ਖੇਤਰ ਹੈ। ਇਥੇ ਫ਼ਸਲਾਂ ਦੀਆਂ ਲਹਿਰਾਂ-ਬਹਿਰਾਂ ਹਨ। ਖੇਤੀ ਆਧਾਰਤ ਉਦਯੋਗ ਪੰਜਾਬ ਦੀ ਪਹਿਲ ਹੋਣੇ ਚਾਹੀਦੇ ਸਨ। ਅਨਾਜ ਤੇ ਹੋਰ ਪੈਦਾ ਹੋਣ ਵਾਲੇ ਖ਼ੁਰਾਕੀ ਪਦਾਰਥਾਂ ਦੇ ਥਾਂ-ਥਾਂ ਸਟੋਰ ਹੋਣੇ ਚਾਹੀਦੇ ਸਨ। ਸਰਕਾਰ ਵੱਲੋਂ ਖੇਤੀ ਮਸ਼ੀਨਰੀ ਦੇ ਪੰਜਾਬ 'ਚ ਥਾਂ-ਥਾਂ 'ਤੇ ਅੰਬਾਰ ਲਗਾ ਦਿੱਤੇ ਗਏ। ਕਿਸਾਨਾਂ ਨੇ ਹੁੱਬ-ਹੁੱਬ ਕੇ ਕਰਜ਼ਾ ਲੈ-ਲੈ ਕੇ ਮਸ਼ੀਨਰੀ ਖ਼ਰੀਦੀ। ਕਿਸਾਨ ਕਰਜ਼ਾਈ ਹੋ ਗਏ। ਖੇਤੀ ਘਾਟੇ ਦਾ ਧੰਦਾ ਬਣ ਗਈ। ਹੌਸਲੇ ਨਾਲ ਇਸ ਸਥਿਤੀ ਨੂੰ ਝੱਲਣ ਦੀ ਬਜਾਏ ਕਿਸਾਨਾਂ ਨੇ ਖ਼ੁਦਕੁਸ਼ੀਆਂ ਦਾ ਰਾਹ ਫੜ ਲਿਆ। ਅੱਜ ਹਰ ਰੋਜ਼ 3 ਜਾਂ 4 ਕਿਸਾਨ ਜਾਂ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ। ਪਿਛਲੇ ਦਸ ਸਾਲਾਂ 'ਚ ਲੱਗਭੱਗ 17000 ਕਿਸਾਨਾਂ-ਖੇਤ ਮਜ਼ਦੂਰਾਂ ਨੇ ਫਾਹਾ ਲੈ ਕੇ ਜਾਨ ਗੁਆ ਲਈ।

ਜਦੋਂ ਪੰਜਾਬੀ ਸੂਬਾ ਬਣਾਇਆ ਗਿਆ ਤਾਂ ਉਹ ਵੀ ਲੰਗੜਾ। ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਹੀ ਛੱਡ ਦਿੱਤੇ ਗਏ। ਸੂਬਾ ਬਣਨ 'ਤੇ ਪੰਜਾਬੀ ਬੋਲੀ ਕਹਿਣ ਨੂੰ ਤਾਂ ਸਰਕਾਰੀ ਬੋਲੀ ਮੰਨੀ ਗਈ, ਪਰ ਦਫ਼ਤਰੀ ਕੰਮ ਹੁਣ ਵੀ ਅੰਗਰੇਜ਼ੀ 'ਚ ਚੱਲਦਾ ਹੈ। ਅਦਾਲਤਾਂ 'ਚ ਅੰਗਰੇਜ਼ੀ ਦਾ ਬੋਲਬਾਲਾ ਹੈ। ਸੂਬੇ 'ਚ ਕੰਮ-ਕਾਜੀ ਭਾਸ਼ਾ ਪੰਜਾਬੀ ਨਹੀਂ, ਅੰਗਰੇਜ਼ੀ ਹੈ। ਅੱਜ ਵੀ ਪਬਲਿਕ ਸਕੂਲਾਂ 'ਚ ਪੰਜਾਬੀ ਨਹੀਂ ਪੜ੍ਹਾਈ ਜਾਂਦੀ। ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਜੁਰਮਾਨੇ ਤੱਕ ਲਗਾਏ ਜਾਂਦੇ ਹਨ।

ਪੰਜਾਬ ਨਸ਼ਿਆਂ ਨੇ ਖਾ ਲਿਆ। ਪੰਜਾਬੀ ਚਿੱਟੇ ਨੇ ਕਾਲੇ ਕਰ ਦਿੱਤੇ। ਘਰ-ਘਰ ਕੁਰਲਾਹਟ ਹੈ। ਮਾਂਵਾਂ ਰੋਂਦੀਆਂ ਹਨ। ਬਾਪੂ ਡੁਸਕਦੇ ਹਨ। ਬੱਚੇ ਵਿਰਲਾਪ ਕਰਦੇ ਹਨ। ਕੌਣ ਸੁਣੇ ਉਹਨਾਂ ਦੀਆਂ ਚੀਕਾਂ? ਕੌਣ ਸੁਣੇ ਉਹਨਾਂ ਦੀ ਪੁਕਾਰ? ਕੌਣ ਦੇਵੇ ਜ਼ਿੰਦਗੀ ਭਰ ਦੇ ਦਿਲਾਸੇ ਉਹਨਾਂ ਨੂੰ? ਕੌਣ ਧੋਵੇ ਉਹਨਾਂ ਦੇ ਦਿਲ ਦੇ ਦਾਗ਼? ਆਖ਼ਿਰ ਪੰਜਾਬ ਨੂੰ ਕਾਲੋਂ ਕਿਸ ਨੇ ਮਲੀ ਹੈ? ਕੌਣ ਹੈ ਪੰਜਾਬ ਦੀ ਹੱਸਦੀ-ਵੱਸਦੀ ਜੁਆਨੀ ਨੂੰ ਕੁਰਾਹੇ ਪਾਉਣ ਵਾਲਾ? ਪੰਜਾਬ ਵਿੱਚ ਨਸ਼ਾ ਤਸਕਰਾਂ, ਕੁਝ ਸਿਆਸੀ ਲੋਕਾਂ ਅਤੇ ਕੁਝ ਅਫ਼ਸਰਸ਼ਾਹੀ ਦੀ ਤਿੱਕੜੀ ਮਾਫੀਏ ਵਜੋਂ ਕੰਮ ਕਰ ਰਹੀ ਹੈ। ਹੁਣ ਕਿਧਰੇ ਜਾ ਕੇ ਸਰਕਾਰ ਹਰਕਤ ਵਿੱਚ ਆਈ ਹੈ।

# ਚਿੱਟੇ ਆਦਿ ਨਸ਼ਿਆਂ ਨੇ ਨੌਜਵਾਨ ਪੀੜ੍ਹੀ ਨੂੰ ਕੀਤਾ ਬਰਬਾਦ

## ਪੰਜਾਬ ਵਿੱਚ ਚਿੱਟੇ ਨਸ਼ੇ ਖਿਲਾਫ ਮਨਾਇਆ ਜਾਣ ਵਾਲਾ ਹਫਤਾ ਸ਼ਲਾਘਾਯੋਗ ਕਦਮ

ਜੈਤੋ (ਅਸ਼ੋਕ ਧੀਰ)- ਚਿੱਟੇ 'ਤੇ ਹੋਰ ਸਾਰੇ ਤਰਾਂ ਦੇ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁਦੇ ਹਨ ਅੱਜ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਸ਼ਰਾਬ, ਬੀਅਰ ਤੋਂ ਇਲਾਵਾ ਚਿੱਟੇ ਦੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ।ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ ਚਿੱਟੇ ਦੀ ਲਪੇਟ ਵਿੱਚ ਆ ਰਹੀ ਹੈ। ਇਸ ਚਿੱਟੇ ਨੇ ਪਿਛਲੇ ਕਈ ਵਰਿਆ ਤੋਂ ਪੰਜਾਬ ਵਿੱਚ ਵੀ ਆਪਣੇ ਪੈਰ ਪਸਾਰ ਲਏ ਹਨ। ਆਖਿਰ ਇਹ ਚਿੱਟਾ ਹੈ ਕੀ ਚੀਜ ਐਸਾ ਕੀ ਸਰੂਰ ਹੈ ਇਸ ਨਸੇ ਵਿੱਚ ਕਿ ਅੱਜ ਦੀ ਨੌਜਵਾਨ ਪੀੜ੍ਹੀ ਬੜ੍ਹੀ ਅਸਾਨੀ ਨਾਲ ਇਸ ਦੀ ਲਪੇਟ ਵਿੱਚ ਆ ਰਹੀ ਹੈ। ਇਸ ਚਿੱਟੇ ਨੇ ਪਤਾ ਨਹੀ ਕਿੰਨੇ ਕੁ ਮਾਵਾਂ ਦੇ ਪੁੱਤ, ਭੈਣਾਂ ਦੇ ਵੀਰ, ਸੁਹਾਗਣਾ ਦੇ ਸੁਹਾਗ ਤੇ ਨਿੱਕੇ,ਨਿੱਕੇ ਬੱਚਿਆ ਦੇ ਬਾਪ ਖੋਹਣੇ ਨੇ। ਕਿਉਂ ਇਹ ਚਿੱਟੇ ਦੇ ਨਸ਼ੇ ਦਾ ਧੰਦਾ ਦਿਨੋ ਦਿਨ ਵਧਦਾ ਜਾ ਰਿਹਾ ਹੈ। ਆਖਿਰ ਬੰਦ ਕਿਉਂ ਨਹੀਂ ਹੋ ਰਿਹਾ ਇਹ ਚਿੱਟਾ ਜਾਂ ਸਾਡੀਆ ਸਰਕਾਰਾਂ ਹੀ ਬੰਦ ਨਹੀ ਹੋਣ ਦਿੰਦੀਆ?



**ਗਾਣਿਆਂ ਤੇ ਫਿਲਮਾਂ 'ਚ ਨਸ਼ੇ ਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਕੀਤੀ ਜਾਵੇ: ਪ੍ਰਮੋਦ ਧੀਰ**

ਗਾਣਿਆਂ ਅਤੇ ਫਿਲਮਾਂ ਵਿੱਚ ਨਸ਼ੇ ਅਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਹੋਣੀ ਚਾਹੀਦੀ ਹੈ। ਹੁਣ ਚੌੜੀਆਂ ਹਿੱਕਾਂ ਵਾਲੇ 6 ਫੁੱਟੇ ਗੱਭਰੂ ਨਹੀਂ ਮਿਲਣੇ ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ, ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ।

**ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਅਸਰ ਤੋਂ ਜਾਗਰੂਕ ਹੋਣਾ ਜਰੂਰੀ: ਨੀਨਾ ਧੀਰ**



ਮੇਰੇ ਦੇਸ਼ ਦੇ ਨੌਜਵਾਨੋ ਸੰਭਲ ਜਾਉ ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾ ਦਾ ਕੋਈ ਨੁਕਸਾਨ ਨਹੀਂ । ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪ੍ਰੀਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ। ਤੁਹਾਡੀ ਜਿੰਦਗੀ ਖਰਾਬ ਕਰਦਾ ਹੈ ਤੇ ਨਾਲ ਨਾਲ ਤੁਹਾਡੀ ਬਣੀ ਬਣਾਈ ਇੱਜਤ ਵੀ ਮਿੱਟੀ ਵਿੱਚ ਮਿਲਾ ਦਿੰਦਾ ਹੈ 'ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਦਾ ਹੈ।

**ਨਸ਼ਾ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਹੋਵੇ: ਲੇਖਿਕਾ ਪਰਮਜੀਤ ਕੌਰ ਸੋਢੀ**

ਕੀ ਸਮੇ ਦੀਆ ਸਰਕਾਰਾ ਹਰ ਤ੍ਰਰਾਂ ਦੇ ਨਸ਼ੇ ਵੇਚਣ ਵਾਲਿਆਂ ਨੂੰ ਫੜ੍ਹ ਕੇ ਜੇਲਾਂ ਅੰਦਰ ਨਹੀਂ ਡੱਕ ਸਕਦੀਆ। ਸਰਕਾਰ ਵੀ ਇਸ ਪਾਸੇ ਧਿਆਨ ਦੇਵੇ ਹਰ ਜਿਲ੍ਹੇ ਵਿੱਚ ਇੱਕ ਵਿਸ਼ੇਸੇ ਤੌਰ ਤੇ ਨੌਜਵਾਨਾ ਲਈ ਕੌਂਸ਼ਲਰ ਰੱਖੇ ਜਾਣ ਜੋ ਸਮੇਂ ਸਮੇਂ ਤੇ ਨੌਜਵਾਨ ਬੱਚਿਆ ਲਈ ਹਰ ਪਿੰਡ ਪਿੰਡ ਜਾ ਕੇ ਨਸ਼ਿਆ ਦੇ ਮਾੜੇ ਪ੍ਰਭਾਵ ਬਾਰੇ ਦੱਸਣ ਤੇ ਨਸ਼ੇ ਤੋ ਬਚਣ ਲਈ ਪ੍ਰੇਰਿਤ ਕਰਨ। ਇਸ ਤ੍ਰਰਾ ਕਰਕੇ ਸਰਕਾਰ ਆਪਣੇ ਦੇਸ਼ ਦੀ ਜਵਾਨੀ ਨੂੰ ਨਸ਼ੇ ਤੋਂ ਰਹਿਤ ਬਣਾ ਸਕਦੀ ਹੈ। ਤੇ ਇਸ ਤੋ ਅੱਗੇ ਮੈ ਮੇਰੇ ਪਿਆਰੇ ਬੱਚਿਆ ਨੂੰ ਕਹਾਗੀ ਕਿ ਬੱਚਿਓ ਜੇਕਰ ਤੁਸੀਂ ਹੀ ਆਪਣੇ ਮਨ ਤੇ ਕੰਟਰੋਲ ਕਰ ਲਵੋ ਤੇ ਆਪਣੇ ਦਿਮਾਗ ਦੀ ਸਹੀ ਢੰਗ ਨਾਲ ਵਰਤੋ ਕਰੋ ਤੇ ਫਿਰ ਨਸ਼ਿਆਂ ਦੀ ਲਪੇਟ ਵਿੱਚ ਆਉਣਾ ਤਾਂ ਬਹੁਤ ਦੂਰ ਦੀ ਗੱਲ ਕੋਈ ਨਸ਼ੇ ਵੇਚਣ ਵਾਲਾ ਤਹਾਡੇ ਨੇੜ ਦੀ ਵੀ ਨਹੀਂ ਲੰਘੇਗਾ'ਤੇ ਇੰਨਾਂ ਨਸ਼ੇ ਦੇ ਵਪਾਰੀਆਂ ਦਾ ਕੰਮ ਆਪਣੇ ਆਪ ਹੀ ਬੰਦ ਹੋ ਜਾਵੇਗਾ।



**ਆਪਣੇ ਬੱਚਿਆਂ ਨੂੰ ਚੰਗੀ ਸੰਗਤ ਨਾਲ ਜੋੜੋ: ਦਵਿੰਦਰ ਸ਼ਰਮਾ**

ਆਪਣੇ ਬੱਚੇ ਨਾਲ ਮਾਪੇ ਹਮੇਸਾ ਦੋਸਤਾਨਾ ਸਬੰਧ ਬਣਾ ਕੇ ਰੱਖਣ ਤਾਂ ਜੋ ਬੱਚਾ ਸਾਰੀ ਗੱਲ ਮਾਪਿਆਂ ਨਾਲ ਬੇਝਿਜਕ ਸਾਂਝੀ ਕਰ ਸਕੇ ਸੋ ਦੋਸਤੋ ਬੱਚੇ ਵੀ ਵਿਸੇਸ਼ ਧਿਆਨ ਮੰਗਦੇ ਹਨ। ਇਸ ਲਈ ਬੱਚਿਆ ਨੂੰ ਵੱਧ ਤੋ ਵੱਧ ਸਮਾਂ ਦਿਉ। ਪੜ੍ਹਾਈ ਦੇ ਨਾਲ ਨਾਲ ਚੰਗਾ ਸਾਹਿਤ ਵੀ ਪੜਾਉ, ਆਤਮਵਿਸਵਾਸੀ, ਸਹਿਣਸੀਲਤਾ, ਦਯਾ, ਨੇਕ ਕਮਾਈ ਤੇ ਵੰਡ ਕੇ ਛਕਣ ਦੀ ਆਦਤ ਬਣਾਉ। ਇਸ ਤ੍ਰਰਾ ਤੁਹਾਡਾ ਬੱਚਾ ਅੱਛੇ ਮਹੌਲ ਵਿੱਚ ਪਲ ਕੇ ਵੱਡਾ ਹੋਏਗਾ 'ਤੇ ਨਸ਼ੇ ਤੋਂ ਮਾੜੀ ਸੰਗਤ ਤੋ,ਵੱਧ ਰਹੇ ਅਪਰਾਧਾਂ ਤੋਂ ਤੇ ਨਕਾਰਤਮਿਕ ਸੋਚ ਤੋਂ ਦੂਰ ਰਹੇਗਾ । ਆਉ ਅੱਜ ਤੋ ਹੀ ਇਸ ਕੰਮ ਦੀ ਸੁਰੂਆਤ ਕਰੀਏ ਨੇਕ ਕੰਮ ਵਿੱਚ ਦੇਰੀ ਕਿਉਂ। ਇਸ ਤਰ੍ਹਾਂ ਕਰਨ ਨਾਲ ਕਦੇ ਕੋਈ ਮਾਂ ਨਹੀਂ ਕਹੇਗੀ ਕਿ ਚਿੱਟੇ ਨੇ ਪੁੱਤ ਖੋ ਲਏ ਮਾਂਵਾਂ ਦੇ।



# ਨਾਪਾ ਦੇ ਚੇਅਰਮੈਨ ਸ: ਬਹਾਦਰ ਸਿੰਘ ਦੇ ਯਤਨਾਂ ਨੂੰ ਬੂਰ ਪਿਆ, ਹੁਣ ਜੇਲ ਵਿਚ ਨਜਰਬੰਦ ਭਾਰਤੀਆਂ ਨੂੰ ਉਹਨਾਂ ਦੇ ਵਕੀਲ ਮਿਲ ਸਕਣਗੇ

**ਪੋਰਟਲੈਂਡ-** ਪਿਛਲੇ ਕਾਫੀ ਦਿਨਾਂ ਤੋਂ ਸਥਾਨਕ ਸ਼ੇਰੀਦਨ ਜੇਲ੍ਹ ਵਿਚ ਨਜਰਬੰਦ ਭਾਰਤੀਆਂ ਨੂੰ ਹਰ ਕਨੂੰਨੀ ਸਹਾਇਤਾ ਦਿਵਾਉਣ ਦੇ ਲਈ ਸ: ਬਹਾਦਰ ਸਿੰਘ ਦੀ ਅਗਵਾਈ ਵਿਚ ਸੰਘਰਸ਼ ਕਰ ਰਹੀ ਸੰਸਥਾ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਯਤਨਾਂ ਨੂੰ ਉਸ ਵਕਤ ਬੂਰ ਪਿਆ ਜਦ ਜੇਲ ਅਧਿਕਾਰੀਆਂ ਨੇ ਜੇਲ ਵਿਚ ਨਜਰਬੰਦ ਪੰਜਾਬੀਆਂ ਤੇ ਗੈਰ ਪੰਜਾਬੀ ਭਾਰਤੀਆਂ ਦੇ ਨਾਲ ਉਹਨਾਂ ਦੇ ਵਕੀਲਾਂ ਨੂੰ ਜਿਥੇ ਮਿਲਣ ਜਾਂ ਕੇਸ ਦਰਜ ਕਰਨ ਦੀ ਆਗਿਆ ਦੇ ਦਿਤੀ ਉਥੇ ਇਹਨਾਂ ਸਾਰੇ ਹੀ ਨਜਰਬੰਦ ਭਾਰਤੀਆਂ ਨੂੰ ਕਨੂੰਨ ਅਨੁਸਾਰ ਮਿਲਣ ਵਾਲੀਆਂ ਹੋਰ ਸਾਰੀਆਂ ਸਹੂਲਤਾਂ ਦੇਣ ਦਾ ਐਲਾਨ ਵੀ ਕਰ ਦਿਤਾ। ਇਸ ਮੌਕੇ ਤੇ ਜੇਲ ਦੇ ਦੇ ਬਾਹਰ ਵੱਖ ਵੱਖ ਧਰਮਾਂ ਨਾਲ ਸਬੰਧਤ ਲੋਕਾਂ ਦੇ ਪ੍ਰਤੀਨਿਧਾਂ ਦਾ ਇਕ ਇੱਕਠ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਿੱਖ ਸੰਗਤਾਂ ਤੋਂ ਇਲਾਵਾ ਲੂਥਰਨ ਚਰਚ ਅਤੇ ਔਰੀਗਨ ਦੇ ਵੱਖ-ਵੱਖ ਧਰਮਾਂ ਦੇ ਲੋਕ ਸ਼ਾਮਲ ਹੋਏ। ਇਸ ਮੌਕੇ ਸਾਰੇ ਧਰਮਾਂ ਨੇ ਪ੍ਰਾਰਥਨਾਵਾਂ ਕੀਤੀਆਂ ਅਤੇ ਸਿੱਖਾਂ ਨੇ ਕੀਰਤਨ ਤੇ ਅਰਦਾਸ ਕੀਤੀ। ਸ: ਬਹਾਦਰ ਸਿੰਘ ਨੇ ਦਸਿਆ ਕਿ ਇਸ ਸਮੇਂ ਵਕੀਲਾਂ ਨੂੰ ਕੈਦੀਆਂ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਮਿਲ ਜਾਣ ਦੇ ਕਾਰਣ ਹੁਣ ਵਕੀਲ ਸਬੰਧਤ ਕੈਦੀਆਂ ਕੋਲੋਂ ਅਰਜ਼ੀਆਂ ਅਦਾਲਤ ਵਿਚ ਦਾਖਲ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ ਜਿਹਨਾਂ ਦਰਖਾਸਤਾਂ ਉਪਰ ਜਲਦੀ ਹੀ ਜੱਜ ਇਨ੍ਹਾਂ ਕੈਦੀਆਂ ਦੀ ਸੁਣਵਾਈ ਸ਼ੁਰੂ ਕਰਨਗੇ। ਸ: ਬਹਾਦਰ ਸਿੰਘ ਨੇ ਇਹ ਵੀ ਦਸਿਆ ਕਿ ਗੁਰਦੁਆਰਾ ਦਸਮੇਸ਼ ਦਰਬਾਰ ਸੇਲਮ ਦੇ ਤਿੰਨ ਸਿੰਘਾਂ ਵਲੋਂ ਜੇਲ੍ਹ ਅੰਦਰ ਜਾਣ ਵਾਸਤੇ ਵੀ ਅਰਜ਼ੀ ਪਾਈ ਹੈ ਕਿ ਉਨ੍ਹਾਂ ਨੂੰ ਜੇਲ੍ਹ ਵਿੱਚ ਜਾ ਕੇ ਸਿੱਖ ਕੈਦੀਆਂ ਨੂੰ ਪਾਠ ਸੁਣਾਉਣ ਤੇ ਅਰਦਾਸ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਇਸਦੇ ਨਾਲ ਹੀ ਸਿੱਖ ਕੈਦੀਆਂ ਲਈ ਜੇਲ੍ਹ ਵਿੱਚ ਗੁਟਕਾ ਸਾਹਿਬ ਅਤੇ ਸਿਰ ਢਕਣ ਵਾਸਤੇ ਛੋਟੀ ਦਸਤਾਰ ਰੱਖਣ ਦੀ ਇਜਾਜ਼ਤ ਵੀ ਮੰਗੀ ਗਈ ਹੈ।



ਇਸ ਮੌਕੇ ਸਿੱਖ ਸੇਵਾ ਫਾਊਂਡੇਸ਼ਨ ਦੇ ਪ੍ਰਤੀਨਧਾਂ ਤੋਂ ਇਲਾਵਾ ਪ੍ਰਵਿੰਦਰ ਕੌਰ, ਸੋਨੀ ਸਿੰਘ, ਅਮ੍ਰਿਤ ਸਿੰਘ, ਦਲਬੀਰ ਸਿੰਘ, ਰਿੰਪੀ ਸਿੰਘ, ਤਲਿਵੰਦਰ ਸਿੰਘ, ਕੁਲਵਿੰਦਰ ਸਿੰਘ, ਜਸਬੀਰ ਕੌਰ, ਨਵਨੀਤ ਕੌਰ, ਜਗਤਾਰ ਸਿੰਘ ਅਤੇ ਗੁਰਪਰੀਤ ਕੋਰ ਆਦਿ ਵੀ ਸ਼ਾਮਲ ਹੋਏ। ਇਥੇ ਇਹ ਗਲ ਵਰਨਣਯੋਗ ਹੈ ਕਿ ਇਸ ਜੇਲ ਵਿਚ ਪਿਛਲੇ ਕਾਫੀ ਦਿਨਾਂ ਤੋਂ ਜਿਥੇ ਚਾਲੀ ਦੇ ਕਰੀਬ ਪੰਜਾਬੀ ਨਜਰਬੰਦ ਹਨ ਉਥੇ ਪੰਦਰਾਂ ਗੈਰ ਪੰਜਾਬੀ ਭਾਰਤੀ ਵੀ ਨਜਰਬੰਦ ਹਨ।

# ਕਿਸਾਨਾਂ ਦੁਆਰਾ ਪਿੰਡਬੰਦੀ ਦੇ ਸਬਕ



ਡਾ. ਗਿਆਨ ਸਿੰਘ
001-424-362-8759

172 ਕਿਸਾਨ ਜੱਥੇਬੰਦੀਆਂ ਦੇ ਭਾਰਤੀ ਕਿਸਾਨ ਮਹਾਂਸੰਘ ਦੁਆਰਾ ਮੁਲਕ ਦੇ ਵੱਖ-ਵੱਖ ਭਾਗਾਂ ਵਿੱਚ 1 ਜੂਨ ਤੋਂ 10 ਜੂਨ ਤੱਕ ਪਿੰਡਬੰਦੀ ਦੇ ਅਸਰ ਦਿਖਣੇ ਸ਼ੁਰੂ ਹੋ ਗਏ ਹਨ। ਮੁਲਕ ਦੇ ਕਿਸਾਨਾਂ ਦੁਆਰਾ ਸ਼ੁਰੂ ਕੀਤੀ ਗਏ ਪਿੰਡਬੰਦੀ ਅੰਦੋਲਨ ਦਾ ਮਕਸਦ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਕਰਜ਼ਾ ਮੁਕਤੀ, ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਸਵਾਮੀਨਾਥਨ ਦੀਆਂ ਸਿਫ਼ਾਰਸ਼ਾ ਅਨੁਸਾਰ ਮਿਥਣਾ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਕੇਂਦਰ ਸਰਕਾਰ ਦੇ ਦਰਜਾ ਚੌਥਾ ਦੇ ਬਰਾਬਰ ਆਮਦਨ ਦੇਣਾ ਯਕੀਨੀ ਬਣਾਉਣਾ ਹੈ।

ਪਿੰਡਬੰਦੀ ਅੰਦੋਲਨ ਅਨੁਸਾਰ 1 ਜੂਨ ਤੋਂ 10 ਜੂਨ ਤੱਕ ਮੁਲਕ ਦੇ ਕਿਸਾਨ ਆਪਣੀਆਂ ਸਬਜੀਆਂ, ਫਲ ਅਤੇ ਦੁੱਧ ਸ਼ਹਿਰਾਂ ਦੀਆਂ ਮੰਡੀਆਂ ਵਿੱਚ ਨਹੀਂ ਲਿਜਾਣਗੇ, ਇਸ ਦੇ ਨਾਲ ਨਾਲ ਇਹਨਾਂ ਮੰਡੀਆਂ ਵਿਚੋਂ ਨਾ ਕੋਈ ਖ਼ਰੀਦ ਕਰਨਗੇ ਅਤੇ ਆਪਣੀਆਂ ਜਿਨਸਾਂ ਪਿੰਡਾਂ ਵਿੱਚ ਹੀ 'ਕਿਸਾਨ ਹੱਟ' ਲਗਾਕੇ ਵੇਚਣਗੇ। ਮੁਲਕ ਦੇ ਵੱਖ-ਵੱਖ ਭਾਗਾਂ ਵਿੱਚੋਂ ਪਿੰਡਬੰਦੀ ਬਾਰੇ ਖ਼ਬਰਾਂ ਆ ਰਹੀਆਂ ਹਨ। ਜਿੱਥੇ ਪਿੰਡਾਂ ਵਿੱਚ 'ਕਿਸਨ ਹੱਟ' ਲਗਾਕੇ ਵਾਜਬ ਕੀਮਤ ਉੱਪਰ ਇਹਨਾਂ ਜਿਨਸਾਂ ਦਾ ਵੇਚਿਆ ਜਾਣਾ ਸਾਰਥਕ ਸੁਨੇਹਾ ਦਿੰਦਾ ਹੈ, ਉੱਥੇ ਕੁਝ ਕਿਸਾਨਾਂ ਜਾਂ ਕਿਸਾਨ ਜੱਥੇਬੰਦੀਆਂ ਦੇ ਕਾਰਕੁਨਾਂ ਦੁਆਰਾ ਆਪਣਾ ਜਾਂ ਗ਼ਰੀਬ ਕਿਸਾਨਾਂ ਦਾ ਦੁੱਧ ਸੜਕਾਂ ਉੱਤੇ ਡੋਲਣਾ, ਸਬਜੀਆਂ ਅਤੇ ਫਲ ਸੜਕਾਂ ਉੱਪਰ ਖਿੰਡਾਉਣੇ ਅਤੇ ਸ਼ਹਿਰਾਂ ਵਿੱਚ ਗ਼ਰੀਬ ਖ਼ਪਤਕਾਰਾਂ ਨੂੰ ਇਹ ਜਿਨਸਾਂ ਨਾ ਮਿਲਣ ਕਾਰਨ ਉਠਾਉਣ ਵਾਲੇ ਦੁੱਖ ਨਿਰਾਸ਼ ਕਰਨ ਵਾਲੇ ਹਨ।

ਇਸ ਤੱਥ ਬਾਰੇ ਦੋ ਰਾਇਆਂ ਹੋ ਹੀ ਨਹੀਂ ਸਕਦੀਆਂ ਕਿ ਸਰਕਾਰਾਂ ਅਤੇ ਖ਼ਾਸ ਕਰਕੇ ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਖੇਤਰ ਲਈ ਬਣਾਈਆਂ ਗਈਆਂ ਅਤੇ ਬਣਾਈਆਂ ਜਾ ਰਹੀਆਂ ਨੀਤੀਆਂ ਕਾਰਨ ਮੁਲਕ ਦੇ ਖੇਤੀਬਾੜੀ ਖੇਤਰ ਨਾਲ ਸੰਬੰਧਤ ਸਾਰੇ ਵਰਗ-ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਦੁੱਖਾਂ ਦੇ ਪਹਾੜਾਂ ਥੱਲੇ ਦਰੜੇ ਜਾ ਰਹੇ ਹਨ। 15 ਅਗਸਤ, 1947 ਨੂੰ ਜਿੱਥੇ ਮੁਲਕ ਦੀ ਆਜ਼ਾਦੀ ਦੀ ਖੁਸ਼ੀ ਮਨਾਈ ਜਾ ਰਹੀ ਸੀ, ਉਸੇ ਸਮੇਂ ਮੁਲਕ ਵਿੱਚ ਰਹਿਣ ਵਾਲੇ ਲੋਕ ਖੇਤੀਬਾੜੀ ਜਿਨਸਾਂ ਦੀ ਥੁੜ੍ਹ ਦਾ ਸਾਹਮਣਾ ਵੀ ਕਰ ਰਹੇ ਹਨ। 1950 ਵਿੱਚ 'ਯੋਜਨਾ ਕਮਿਸ਼ਨ' ਦੀ ਸਥਾਪਤੀ ਕੀਤੀ ਗਈ। ਪਹਿਲੀ ਪੰਜ ਸਾਲਾ ਯੋਜਨਾ (1951-56) ਦੌਰਾਨ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਮੁੱਖ ਤਰਜੀਹ ਦਿੱਤੇ ਜਾਣ ਸਦਕਾ ਮੁਲਕ ਵਿੱਚ ਖੇਤੀਬਾੜੀ ਜਿਨਸਾਂ ਦੀ ਥੁੜ੍ਹ ਉੱਪਰ ਕਾਬੂ ਪਾਇਆ ਜਾ ਸਕਿਆ। ਦੂਜੀ ਪੰਜ ਸਾਲਾਂ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੀ ਬਜਾਏ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦੇਣ ਦੇ ਨਤੀਜੇ ਵਜੋਂ ਮੁਲਕ ਨੂੰ ਫਿਕਰ ਤੋਂ ਖੇਤੀਬਾੜੀ ਜਿਨਸਾਂ ਦੀ ਥੁੜ੍ਹ ਦਾ ਸਾਹਮਣਾ ਕਰਨਾ ਪਿਆ। 1964-66 ਦੌਰਾਨ ਮੁਲਕ ਵਿੱਚ ਪਏ ਸੋਕੇ ਨੇ ਖੇਤੀਬਾੜੀ ਜਿਨਸਾਂ ਦੀ ਥੁੜ੍ਹ ਨੂੰ ਹੋਰ ਗੰਭੀਰ ਬਣਾ ਦਿੱਤਾ। ਇਸ ਸਮੇਂ ਦੌਰਾਨ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ। ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਮੁਲਕ ਵਿੱਚ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫੈਸਲਾ ਕੀਤਾ। ਖੇਤੀਬਾੜੀ ਦੀ ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉਲੀਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇਕ ਪੁਲੰਦਾ ਸੀ। ਕੇਂਦਰ ਸਰਕਾਰ ਨੇ ਮੁਲਕ ਦੇ ਵੱਖ-ਵੱਖ ਭਾਗਾਂ ਦਾ ਵੱਖ-ਵੱਖ ਪੱਖਾਂ ਦਾ ਅਧਿਐਨ ਕਰਨ ਤੋਂ ਬਾਅਦ ਖੇਤੀਬਾੜੀ ਦੀ ਇਸ ਜੁਗਤ ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿੱਚ ਸ਼ੁਰੂ ਕੀਤਾ।

ਜਿੱਥੇ ਮੁਲਕ, ਖ਼ਾਸ ਕਰਕੇ ਪੰਜਾਬ, ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਨੇ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁਡਵਾਇਆ, ਉੱਥੇ ਸਰਕਾਰਾਂ, ਖਾਸ ਕਰਕੇ ਕੇਂਦਰ ਸਰਕਾਰ, ਦੀਆਂ ਖੇਤੀਬਾੜੀ ਨੀਤੀਆਂ ਨੇ ਮੁਲਕ ਲਈ ਇੱਕ ਗੰਭੀਰ ਖੇਤੀਬਾੜੀ ਸੰਕਟ ਪੈਦਾ ਕੀਤਾ ਹੋਇਆ ਹੈ ਜਿਹੜਾ ਮੁੱਖ ਤੌਰ ਉੱਤੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਉਪਰ ਮੁਸੀਬਤਾਂ ਦੇ ਪਹਾੜ ਲੱਦਣ ਦੇ ਨਾਲ-ਨਾਲ ਵਾਤਾਵਰਨ, ਧਰਤੀ ਹੇਠਲੇ ਪਾਣੀ ਅਤੇ ਹੋਰ ਸਮੱਸਿਆਵਾਂ ਪੈਦਾ ਕਰਦਾ ਹੋਇਆ ਮੁਲਕ ਨੂੰ ਮਾੜੇ ਪਾਸੇ ਲਿਜਾ ਰਿਹਾ ਹੈ।



1965 ਦੌਰਾਨ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀ ਸਥਾਪਤੀ ਕੀਤੀ ਗਈ। ਇਹ ਕਮਿਸ਼ਨ ਆਪਣੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਕੇਂਦਰ ਸਰਕਾਰ ਨੂੰ ਕੁਝ ਪ੍ਰਮੁੱਖ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਦੇ ਸੰਬੰਧ ਵਿੱਚ ਸਿਫਾਰਸ਼ਾਂ ਕਰਦਾ ਆ ਰਿਹਾ ਹੈ ਅਤੇ ਕੇਂਦਰ ਸਰਕਾਰ ਵੀ ਇਹਨਾਂ ਸਿਫਾਰਸ਼ਾਂ ਨੂੰ ਆਮ ਤੌਰ ਉੱਤੇ ਮੰਨਦੀ ਆ ਰਹੀ ਹੈ। ਮੁਲਕ ਵਿੱਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦੇ ਸਮੇਂ ਦੌਰਾਨ ਇਸ ਕਮਿਸ਼ਨ ਦੁਆਰਾ ਕੀਤੀਆਂ ਗਈਆਂ ਸਿਫਾਰਸ਼ਾਂ ਕਿਸਾਨਾਂ ਦੇ ਹੱਕ ਵਿੱਚ ਹੋਣ ਕਰਕੇ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਖੇਤਰ ਦੇ ਪੱਖ ਵਿੱਚ ਸਨ, ਪਰ ਅਜਿਹਾ ਕੁਝ ਕੁ ਸਾਲਾਂ ਲਈ ਹੀ ਕੀਤਾ ਗਿਆ। ਕੇਂਦਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਨੇ ਵਪਾਰ ਦੀਆਂ ਸ਼ਰਤਾਂ ਨੂੰ ਖੇਤੀਬਾੜੀ ਖੇਤਰ ਦੇ ਵਿਰੁੱਧ ਬਣਾਇਆ ਜਿਸ ਦਾ ਮੁਲਕ ਦੀਆਂ ਕਿਸਾਨ ਜਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਨੇ ਸਖ਼ਤ ਵਿਰੋਧ ਕੀਤਾ। ਇਸ ਵਿਰੋਧ ਉੱਤੇ ਕਾਬੂ ਪਾਉਣ ਲਈ 23 ਫਰਵਰੀ, 1987 ਨੂੰ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦਾ ਨਾਮ ਬਦਲਕੇ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਕਰਨ ਨਾਲ ਕੇਂਦਰ ਸਰਕਾਰ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਆਪਣੀਆਂ ਸਿਫਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਹਨਾਂ ਦਾ ਆਧਾਰ ਬਣਾਉਂਦਾ ਹੋਵੇ। ਇਹ ਸਿਰਫ਼ ਭੁਲੇਖਾ ਪਾਊ ਹੀ ਸਾਬਤ ਨਹੀਂ ਹੋਇਆ, ਸਗੋਂ 1991 ਦੌਰਾਨ ਮੁਲਕ ਵਿੱਚ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਅਪਣਾਈਆਂ ਗਈਆਂ ਨਵੀਆਂ ਆਰਥਿਕ ਨੀਤੀਆਂ ਨੇ ਖੇਤੀਬਾੜੀ ਨੂੰ ਇੱਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਜਿਸ ਤੱਥ ਨੂੰ ਮੁਲਕ ਦੀ ਸਰਕਾਰ ਪਾਰਲੀਮੈਂਟ ਵਿੱਚ ਵਾਰ-ਵਾਰ ਮੰਨ ਚੁੱਕੀ ਹੈ। ਸਰਕਾਰ, ਖ਼ਾਸ ਕਰਕੇ ਕੇਂਦਰ ਸਰਕਾਰ, ਦੀਆਂ ਖੇਤੀਬਾੜੀ ਖੇਤਰ ਵਿਰੋਧੀ ਨੀਤੀਆਂ ਕਾਰਨ ਮੁਲਕ ਦੇ ਕਿਸਾਨ ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਅਨੇਕਾਂ ਸਮੱਸਿਆਵਾਂ ਹੰਢਾਉਣ ਲਈ ਮਜ਼ਬੂਰ ਹਨ। ਲੇਖਕ ਅਤੇ ਉਸ ਦੇ ਸਹਿਯੋਗੀਆਂ ਦੁਆਰਾ 'ਇੰਡੀਅਨ ਕੌਂਸਲ ਆਫ਼ ਸੋਸਲ ਸਾਇੰਸ ਰਿਸਰਚ' ਵੱਲੋਂ ਸਪਾਂਸਰ ਕੀਤੇ ਗਏ ਖੋਜ ਅਧਿਐਨ 'ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਿਰ ਕਰਜ਼ਾ' ਜੋ 2014-15 ਲਈ ਕੀਤਾ ਗਿਆ ਨੇ ਇਹ ਤੱਥ ਸਾਹਮਣੇ ਲਿਆਂਦੇ ਕਿ ਪੰਜਾਬ ਬਹੁਤ ਜ਼ਿਆਦਾ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ੇ ਥੱਲੇ ਹਨ ਅਤੇ ਉਹਨਾਂ ਵਿੱਚੋਂ ਸਿਰਫ਼ ਵੱਡੇ ਕਿਸਾਨਾਂ ਨੂੰ ਛੱਡਕੇ ਬਾਕੀ ਦੀਆਂ ਸਾਰੀਆਂ ਕਿਸਾਨ ਸ਼੍ਰੇਣੀਆਂ ਅਤੇ ਖੇਤ ਮਜ਼ਦੂਰਾਂ ਨੇ ਕਰਜ਼ਾ ਤਾਂ ਕੀ ਵਾਪਸ ਕਰਨਾ ਹੈ, ਉਹ ਤਾਂ ਕਰਜ਼ੇ ਉੱਪਰ ਵਿਆਜ ਮੋੜਨ ਦੀ ਸਥਿਤੀ ਵਿਚ ਵੀ ਨਹੀਂ ਹਨ।

ਮੁਲਕ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੇ ਗਏ ਖੋਜ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਬਹੁਤ ਹੀ ਜ਼ਿਆਦਾ ਗਿਣਤੀ ਵਿੱਚ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿੱਚ ਜਨਮ ਲੈਂਦੇ, ਕਰਜ਼ੇ ਅਤੇ ਗ਼ਰੀਬੀ ਵਿੱਚ ਔਖੀ ਦਿਨਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗ਼ਰੀਬੀ ਛੱਡ ਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਉਹਨਾਂ ਦੀਆਂ ਜਿੰਦਗੀ ਪ੍ਰਤਿ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਦੀਆਂ ਹਨ ਤਾਂ ਉਹ ਖੁਦਕੁਸ਼ੀਆਂ ਦੇ ਰਾਹ ਵੀ ਪੈਣ ਲਗੇ ਹਨ। ਮੁਲਕ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਵਧਦੀਆਂ ਖੁਦਕੁਸ਼ੀਆਂ ਦਾ ਰੁਝਾਨ ਸੂਝਵਾਨ ਲੋਕਾਂ ਲਈ ਚਿੰਤਾ ਦਾ ਵਿਸ਼ਾ ਹੈ।

ਖੇਤੀਬਾੜੀ ਮਨੁੱਖਤਾ ਦੀ ਜੀਵਨ-ਰੇਖਾ ਹੈ। ਮਨੁੱਖਤਾ ਦਾ ਕੋਠੀਆਂ, ਕਾਰਾਂ, ਜਹਾਜਾਂ ਅਤੇ ਹੋਰ ਵਿਲਾਸਤਾ ਦੀਆਂ ਅਨੇਕਾਂ ਵਸਤੂਆਂ ਤੋਂ ਬਗੈਰ ਗੁਜਾਰਾ ਹੋ ਸਕਦਾ ਹੈ, ਪਰ ਖੇਤੀਬਾੜੀ ਜਿਨਸਾਂ ਤੋਂ ਬਿਨਾਂ ਇਸ ਦੀ ਹੋਂਦ ਹੀ ਕਾਇਮ ਨਹੀਂ ਰਹਿ ਸਕਦੀ। ਭਾਰਤੀ ਕਿਸਾਨ ਮਹਾਂਸੰਘ ਅਤੇ ਇਸ ਤਰ੍ਹਾਂ ਦੇ ਹੋਰ ਸੰਘਾਂ ਦੁਆਰਾ ਸ਼ੁਰੂ ਕੀਤੇ ਗਏ ਅੰਦੋਲਨ ਇਸ ਤੱਥ ਨੂੰ ਸਾਹਮਣੇ ਲਿਆਉਂਦੇ ਹਨ ਕਿ ਮਿੱਟੀ ਵਿੱਚ ਮਿੱਟੀ ਹੋਕੇ ਹੋਰਨਾਂ ਲਈ ਅਨਾਜ ਅਤੇ ਖੇਤੀਬਾੜੀ ਜਿਨਸਾਂ ਪੈਦਾ ਕਰਨ ਵਾਲੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਤੰਗੀਆਂ-ਤੁਰਸ਼ੀਆਂ ਵਾਲੀ ਜ਼ਿੰਦਗੀ ਹੰਢਾਉਣ ਲਈ ਮਜ਼ਬੂਰ ਕੀਤੇ ਹੋਏ ਹਨ। ਇਹਨਾਂ ਵਰਗਾਂ ਦੀਆਂ ਸਮੱਸਿਆਵਾਂ ਦਾ ਤਰਜੀਹੀ ਤੌਰ ਉਤੇ ਤੁਰੰਤ ਹੱਲ ਕੀਤਾ ਜਾਣਾ ਹੀ ਮੁਲਕ ਦੇ ਪੱਖ ਵਿੱਚ ਹੈ। ਇਸ ਸੰਬੰਧ ਵਿੱਚ ਧਿਆਨ ਮੰਗਦਾ ਪੱਖ ਇਹ ਹੈ ਕਿ ਅਜਿਹੇ ਅੰਦੋਲਨ ਕਰਦੇ ਸਮੇਂ ਗ਼ਰੀਬ ਕਿਸਾਨ, ਖੇਤ ਮਜ਼ਦੂਰ, ਪੇਂਡੂ ਛੋਟੇ ਕਾਰੀਗਰਾਂ ਅਤੇ ਆਮ ਖ਼ਪਤਕਾਰਾਂ ਦੇ ਹਿੱਤਾਂ ਦਾ ਖਿਆਲ ਰੱਖਿਆ ਜਾਵੇ।

ਖੇਤੀਬਾੜੀ ਖੇਤਰ ਦੁਆਰਾ ਉਤਪਾਦਤ ਸਾਰੀਆਂ ਜਿਨਸਾਂ, ਖ਼ਾਸ ਕਰਕੇ ਦੁੱਧ, ਸਬਜੀਆਂ ਅਤੇ ਫਲਾਂ ਦੀ ਵੇਚ ਲਈ ਕਿਸਾਨਾਂ ਨੂੰ ਆਪਣੇ ਸਹਿਕਾਰੀ ਸੰਘ ਬਣਾ ਕੇ ਖੇਤਾਂ ਵਿੱਚ, ਸੜਕਾਂ ਦੇ ਕਿਨਾਰਿਆਂ ਉਪਰ ਜਾਂ ਸ਼ਹਿਰਾਂ ਵਿੱਚ ਵੱਖ-ਵੱਖ ਥਾਵਾਂ ਉੱਪਰ ਇਹਨਾਂ ਜਿਨਸਾਂ ਨੂੰ ਵੇਚਣ ਲਈ ਅੱਗੇ ਆਉਦਾ ਬਣਦਾ ਹੈ ਤਾਂ ਕਿ ਉਹਨਾਂ ਪੱਲੇ ਵੀ ਕੁਝ ਪੈ ਸਕੇ ਅਤੇ ਖ਼ਪਤਕਾਰਾਂ ਨੂੰ ਵਾਜਬ ਕੀਮਤਾਂ ਉੱਪਰ ਇਹ ਜਿਨਸਾਂ ਮਿਲ ਸਕਣ। ਇਸ ਸੰਬੰਧ ਵਿਚ ਸਰਕਾਰ ਅਤੇ ਸਮਾਜ ਦੇ ਜਾਗਣ ਦਾ ਵੇਲਾ ਹੈ ਕਿ ਖੇਤੀਬਾੜੀ ਖੇਤਰ ਨਾਲ ਸਾਰੇ ਵਰਗਾਂ ਦੀ ਆਮਦਨ ਨੂੰ ਘੱਟੋ-ਘੱਟ ਇਤਨਾ ਜ਼ਰੂਰ ਵਧਾਇਆ ਜਾਵੇ ਤਾਂ ਕਿ ਉਹ ਰੋਟੀ, ਕੱਪੜੇ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਦੀਆਂ ਬੁਨਿਆਦੀ ਮਨੁੱਖੀ ਲੋੜਾਂ ਨੂੰ ਸਤਿਕਾਰਤ ਢੰਗ ਨਾਲ ਪੂਰਾ ਕਰ ਸਕਣ, ਨਹੀਂ ਤਾਂ ਕੇਂਦਰ ਸਰਕਾਰ ਨੂੰ ਅਨਾਜ ਅਤੇ ਹੋਰ ਖੇਤੀਬਾੜੀ ਵਸਤਾਂ ਬਾਹਰਲੇ ਮੁਲਕਾਂ ਤੋਂ ਮੰਗਵਾਉਣ ਲਈ ਫਿਰ ਤੋਂ ਠੂਠਾ ਫੜ੍ਹਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਮੁਲਕ ਦੀ ਵਰਤਮਾਨ ਸਮੇਂ ਦੌਰਾਨ ਜਨਸੰਖਿਆ ਨੂੰ ਦੇਖਦੇ ਹੋਏ ਬਾਹਰਲੇ ਮੁਲਕਾਂ ਤੋਂ ਇਹ ਵਸਤਾਂ ਮੰਗਵਾਉਣਾ ਮੁਲਕ ਦੇ ਵੱਸ ਵਿੱਚ ਵੀ ਨਹੀਂ ਹੋਵੇਗਾ।

## ਜਾਤੀ ਬਦਲ ਕੇ ਚਮਾਰ ਤੋਂ ਬ੍ਰਾਹਮਣ ਬਣਨਾ ਚਾਹੁੰਦਾ ਹੈ ਇਹ ਨੌਜਵਾਨ

ਦਲਿਤ ਸਮਾਜ ਦੇ ਨੌਜਵਾਨਾਂ ਨੂੰ ਅਕਸਰ ਰਿਜ਼ਰਵੇਸ਼ਨ ਨੂੰ ਲੈ ਕੇ ਤਾਅਨੇ ਦਿੱਤੇ ਜਾਂਦੇ ਹਨ। ਇੱਥੋਂ ਤੱਕ ਕਿ ਬਹਿਸ ਦੌਰਾਨ ਦਲਿਤ ਲੜਕਿਆਂ ਦੇ ਕਰੀਬੀ ਮਿੱਤਰ ਵੀ ਰਿਜ਼ਰਵੇਸ਼ਨ ਨੂੰ ਲੈ ਕੇ ਤਾਅਨੇ ਦੇਣ ਤੋਂ ਬਾਜ਼ ਨਹੀਂ ਆਉਂਦੇ। ਅਜਿਹੇ ਲੋਕਾਂ ਨੂੰ ਬਿਹਾਰ ਦੇ ਇਕ ਲੜਕੇ ਨੇ ਮੂੰਹ ਤੋੜ ਜਵਾਬ ਦਿੱਤਾ ਹੈ। ਜਦੋਂ ਸਾਰੀਆਂ ਸਵਰਣ ਜਾਤੀਆਂ ਦੇ ਲੋਕ ਆਪਣੇ ਲਈ ਰਿਜ਼ਰਵੇਸ਼ਨ ਮੰਗ ਰਹੇ ਹਨ, ਇਹ ਲੜਕਾ ਆਪਣਾ ਰਿਜ਼ਰਵੇਸ਼ਨ ਛੱਡਣ ਲਈ ਤਿਆਰ ਹੈ। ਇਸਦੇ ਲਈ ਉਸਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਚਿੱਠੀ ਲਿਖੀ ਹੈ।

ਲੜਕੇ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਪੱਤਰ ਲਿਖ ਕੇ ਖੁਦ ਨੂੰ ਬ੍ਰਾਹਮਣ ਜਾਤੀ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ ਅਤੇ ਇਸਦੇ ਲਈ ਸੀ. ਐਮ. ਨੂੰ ਸਿਫਾਰਸ਼ ਕਰਨ ਲਈ ਕਿਹਾ ਹੈ। ਉਸਨੇ ਲਿਖਿਆ ਹੈ ਕਿ ਉਹ ਰਿਜ਼ਰਵੇਸ਼ਨ ਨਹੀਂ ਲੈਣਾ ਚਾਹੁੰਦਾ, ਬੱਸ ਉਸਨੂੰ ਬ੍ਰਾਹਮਣ ਜਾਤੀ ਵਿਚ ਸ਼ਾਮਲ ਕਰ ਲਿਆ ਜਾਵੇ, ਇਸ ਤੋਂ ਇਲਾਵਾ ਉਹ ਕੁਝ ਨਹੀਂ ਚਾਹੁੰਦਾ। ਦਲਿਤ ਲੜਕੇ ਦੀ ਇਸ ਚਿੱਠੀ ਨੇ ਇਕ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ। ਨਾਲ ਹੀ ਕਈਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ।



ਹੁਣ ਤੁਸੀਂ ਅੱਗੇ ਦੀ ਕਹਾਣੀ ਸੁਣੋਗੇ ਤਾਂ ਤੁਸੀਂ ਵੀ ਖੁਦ ਨੂੰ ਇਸ ਲੜਕੇ ਦੀ ਵਾਹ-ਵਾਹ ਕਰਨ ਤੋਂ ਨਹੀਂ ਰੋਕ ਸਕੋਗੇ। ਸੀ. ਐਮ. ਨਿਤੀਸ਼ ਕੁਮਾਰ ਨੂੰ ਪੱਤਰ ਲਿਖਣ ਵਾਲੇ ਇਸ ਦਲਿਤ ਲੜਕੇ ਦਾ ਨਾਂ ਅਭਿਨੰਦਨ ਕੁਮਾਰ ਹੈ, ਜੋ ਚਮਾਰ ਜਾਤੀ ਦਾ ਹੈ। ਦਲਿਤ ਦਸਤਕ ਨਾਲ ਗੱਲਬਾਤ ਵਿਚ ਅਭਿਨੰਦਨ ਦਾ ਕਹਿਣਾ ਹੈ ਕਿ ਹਾਲ ਹੀ ਵਿਚ ਬਿਹਾਰ ਦੇ ਕੁਝ ਸਵਰਣ ਜਾਤੀ ਦੇ ਲੋਕਾਂ ਨੇ ਧਰਨਾ ਦੇ ਕੇ ਦਲਿਤ ਬਣਨ ਦੀ ਮੰਗ ਕੀਤੀ ਸੀ। ਸਥਾਨਕ ਅਖਬਾਰਾਂ ਵਿਚ ਛਪੀ ਇਕ ਖਬਰ ਦੇ ਮੁਤਾਬਕ ਇਸ ਮੁੱਦੇ 'ਤੇ ਨਿਤੀਸ਼ ਕੁਮਾਰ ਨੇ ਕੇਂਦਰ ਸਰਕਾਰ ਤੋਂ ਉਹਨਾਂ ਸਵਰਣਾਂ ਦੀ ਮੰਗ ਦੀ ਸ਼ਲਾਘਾ ਕੀਤੀ ਹੈ, ਇਸ 'ਤੇ ਮੈਂ ਸੋਚਿਆ ਕਿ ਕਿਉਂ ਨਾ ਮੈਂ ਵੀ ਬ੍ਰਾਹਮਣ ਜਾਤੀ ਅਪਣਾ ਲਵਾਂ, ਤਾਂ ਜੋ ਬ੍ਰਾਹਮਣ ਬਣ ਕੇ ਮੈਨੂੰ ਸਦੀਆਂ ਦੇ ਤਸੀਹਿਆਂ ਤੋਂ ਮੁਕਤੀ ਮਿਲ ਸਕੇ। ਮੈਂ ਰਿਜ਼ਰਵੇਸ਼ਨ ਨਹੀਂ ਚਾਹੁੰਦਾ, ਮੈਨੂੰ ਬੱਸ ਦਲਿਤ ਜਾਤੀ ਤੋਂ ਮੁਕਤੀ ਚਾਹੀਦੀ ਹੈ।

– ਸੰਜੀਵ ਕੁਮਾਰ

## ਭਾਰਤ ਵਿੱਚ ਇਕ ਸਾਲ ਦੌਰਾਨ 55,000 ਬੱਚੇ ਹੋਏ ਅਗਵਾ

**ਨਵੀਂ ਦਿੱਲੀ–** ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਬੱਚੇ ਅਗਵਾ ਕਰਨ ਦੀਆਂ ਘਟਨਾਵਾਂ ਵਿੱਚ ਕਾਫ਼ੀ ਵਾਧਾ ਦਰਜ ਕੀਤਾ ਗਿਆ ਹੈ। ਇਕ ਤਾਜ਼ਾ ਰਿਪੋਰਟ ਮੁਤਾਬਕ ਅਜਿਹੀਆਂ ਘਟਨਾਵਾਂ ਪਿਛਲੇ ਵਰ੍ਹੇ ਨਾਲੋਂ 30 ਫ਼ੀਸਦ ਵਧੀਆਂ ਹਨ। ਦੇਸ਼ ਭਰ ਵਿੱਚ 2016 ਦੌਰਾਨ ਕਰੀਬ 55,000 ਬੱਚਾ ਚੁੱਕਣ ਦੀ ਘਟਨਾਵਾਂ ਸਾਹਮਣੇ ਆਈਆਂ ਹਨ। ਗ੍ਰਹਿ ਮੰਤਰਾਲੇ ਵੱਲੋਂ 2017-18 ਦੀ ਜਾਰੀ ਕੀਤੀ ਰਿਪੋਰਟ ਮੁਤਾਬਕ 2016 ਵਿੱਚ 54,723 ਬੱਚੇ ਅਗਵਾ ਕੀਤੇ ਗਏ ਪਰ ਚਾਰਜਸ਼ੀਟ ਸਿਰਫ਼ 40.4 ਫੀਸਦੀ ਕੇਸਾਂ ਵਿੱਚ ਹੀ ਹੋਈ। ਇਸ ਤੋਂ ਪਹਿਲਾਂ ਸੰਨ 2015 ਵਿੱਚ 41,893 ਤੇ 2014 ਵਿੱਚ 37,854 ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਜਦਕਿ 2017 ਦੇ ਅੰਕੜੇ ਅਜੇ ਜਾਰੀ ਨਹੀਂ ਕੀਤੇ ਗਏ। ਬੱਚਾ ਅਗਵਾ ਕਰਨ ਦੀਆਂ ਘਟਨਾਵਾਂ ਵਿੱਚ ਸਜ਼ਾ ਹੋਣ ਦੀ ਫ਼ੀਸਦ ਮਾਤਰ 22.7 ਰਹੀ ਹੈ।

ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਹਾਲਾਂਕਿ ਸੋਸ਼ਲ ਮੀਡੀਆ ਉੱਤੇ ਬੱਚਾ ਅਗਵਾ ਹੋਣ ਦੀਆਂ ਫ਼ੈਲੀਆਂ ਅਫ਼ਵਾਹਾਂ ਤੋਂ ਬਾਅਦ ਹਜ਼ੂਮੀ ਕਤਲਾਂ ਦੇ ਕਈ ਮਾਮਲੇ ਸਾਹਮਣੇ ਆਏ ਹਨ ਪਰ ਫਿਰ ਵੀ ਅਜਿਹੇ ਮਾਮਲਿਆਂ ਵਿੱਚ ਵਾਧਾ ਹੀ ਦੇਖਿਆ ਜਾ ਰਿਹਾ। ਰਿਪੋਰਟ ਵਿੱਚ ਬਹੁਤੇ ਕੇਸ ਪੇਂਡੂ ਖੇਤਰਾਂ ਵਿੱਚ ਵਾਪਰੇ ਦਰਜ ਕੀਤੇ ਗਏ ਹਨ। ਪਿਛਲੇ ਦੋ ਮਹੀਨਿਆਂ ਵਿੱਚ ਹੀ ਬੱਚਾ ਅਗਵਾ ਕਰਨ ਦੇ ਸ਼ੱਕ 'ਚ ਕਰੀਬ 20 ਲੋਕਾਂ ਦੀ ਹਜ਼ੂਮੀ ਹੱਤਿਆ ਕਰ ਦਿੱਤੀ ਗਈ ਹੈ। ਤਾਜ਼ਾ ਵਾਪਰੀਆਂ ਕਈ ਘਟਨਾਵਾਂ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਬੱਚਾ ਅਗਵਾ ਕਰਨ ਦੀਆਂ ਸੋਸ਼ਲ ਮੀਡੀਆ ਰਾਹੀਂ ਫੈਲੀਆਂ ਅਫ਼ਵਾਹਾਂ ਤੋਂ ਬਾਅਦ ਕਈ ਨਿਰਦੋਸ਼ਾਂ ਨੂੰ ਕਥਿਤ ਤੌਰ 'ਤੇ ਲੋਕਾਂ ਦੀ ਭੀੜ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਇਨ੍ਹਾਂ ਘਟਨਾਵਾਂ ਦਾ ਪੂਰੇ ਦੇਸ਼ ਵਿੱਚ ਸਮਾਜਿਕ ਤੇ ਸਿਆਸੀ ਹਲਕਿਆਂ ਨੇ ਵੱਡੇ ਪੱਧਰ ਅਤੇ ਵਿਰੋਧ ਕੀਤਾ ਹੈ। ਗ੍ਰਹਿ ਮੰਤਰਾਲੇ ਵੱਲੋਂ ਵੀ ਵੀਰਵਾਰ ਨੂੰ ਅਜਿਹੇ ਕੇਸਾਂ ਦੀ ਇਕ ਰਿਪੋਰਟ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਤਲ਼ਬ ਕੀਤੀ ਗਈ ਹੈ।

## ਕਲਵੰਤ ਸਿੰਘ ਟਿੱਬਾ ਨੇ ਸਰਕਾਰੀ ਸਕੂਲ ਨੂੰ ਆਰਥਿਕ ਮਦਦ ਦਿੱਤੀ

**ਸ਼ੇਰਪੁਰ–** ਸਰਕਾਰੀ ਸਕੂਲਾਂ ਨੂੰ ਅਕਸਰ ਹੀ ਆਰਥਿਕ ਤੰਗੀਆਂ ਕਾਰਣ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਿੱਬਾ ਦੇ ਪ੍ਰਿੰਸੀਪਲ ਰਾਜਿੰਦਰ ਕੁਮਾਰ ਦੀ ਅਗਵਾਈ ਹੇਠ ਮਿਹਨਤੀ ਅਤੇ ਅਗਾਂਹਵਧੂ ਸੋਚ ਰੱਖਣ ਵਾਲੇ ਸਕੂਲ ਸਟਾਫ਼ ਵੱਲੋਂ ਪਿੰਡ ਵਾਸੀਆਂ ਨੂੰ ਧਾਰਮਿਕ ਸਥਾਨਾਂ ਦੀ ਥਾਂ ਸਰਕਾਰੀ ਸਕੂਲ ਨੂੰ ਦਾਨ ਕਰਨ ਲਈ ਪ੍ਰੇਰਿਤ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸੇ ਕੜੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਿੱਬਾ ਦੇ ਪ੍ਰਿੰਸੀਪਲ ਸ੍ਰੀ ਰਾਜਿੰਦਰ ਕੁਮਾਰ ਵੱਲੋਂ ਸਕੂਲ ਦੀ ਬਿਹਤਰੀ ਸਬੰਧੀ ਲਗਾਤਾਰ ਕੀਤੇ ਜਾ ਰਹੇ ਉਪਰਾਲਿਆਂ ਤੋਂ ਪ੍ਰਭਾਵਿਤ ਹੋ ਕੇ ਉੱਘੇ ਲੇਖਕ ਅਤੇ ਸਮਾਜਸੇਵੀ ਕੁਲਵੰਤ ਸਿੰਘ ਟਿੱਬਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਿੱਬਾ ਲਈ 5100 ਰੁਪਏ ਆਰਥਿਕ ਮੱਦਦ ਭੇਟ ਕੀਤੀ । ਇਸ ਮੌਕੇ ਪ੍ਰਿੰਸੀਪਲ ਰਾਜਿੰਦਰ ਕੁਮਾਰ ਨੇ ਕੁਲਵੰਤ ਸਿੰਘ ਟਿੱਬਾ ਦਾ ਧੰਨਵਾਦ ਕਰਦਿਆਂ ਕਿਹਾ ਆਮ ਲੋਕਾਂ ਅਤੇ ਸਮਾਜਸੇਵੀ ਸੰਸਥਾਵਾਂ ਨੂੰ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨ ਲਈ ਧਾਰਮਿਕ ਸਥਾਨਾਂ ਦੀ ਥਾਂ ਸਰਕਾਰੀ ਸਕੂਲ ਵਿੱਚ ਦਾਨ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਕਿ ਵਿੱਦਿਅਕ ਕੇਂਦਰਾਂ ਨੂੰ ਹੋਰ ਵੀ ਬਿਹਤਰ ਬਣਾਇਆ ਜਾ ਸਕੇ। ਸਮਾਜਸੇਵੀ ਕੁਲਵੰਤ ਸਿੰਘ ਟਿੱਬਾ ਨੇ ਸਕੂਲ ਸਟਾਫ਼ ਦੀ ਲਗਨ ਅਤੇ ਸਕੂਲ ਦੀ ਤਰੱਕੀ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਕੂਲ ਸਟਾਫ਼ ਦੀ ਮਿਹਨਤ ਕਾਰਣ ਉਨ੍ਹਾਂ ਦੇ ਪਿੰਡ ਦਾ ਸਕੂਲ ਇਲਾਕੇ ਦਾ ਸਿਰਕੱਢ ਸਕੂਲ ਮੰਨਿਆ ਜਾਣ ਲੱਗਿਆ ਹੈ ਅਤੇ ਪੜਾਈ ਦੇ ਖੇਤਰ ਵਿੱਚ ਟਿੱਬਾ ਸਕੂਲ ਦੇ ਬੱਚਿਆਂ ਨੇ ਪਿੰਡ ਟਿੱਬਾ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਿੱਖਿਆ ਦੇ ਮਹੱਤਵ ਨੂੰ ਸਮਝਣ ਦੀ ਜਰੂਰਤ ਹੈ ਤਾਂ ਹੀ ਅਸੀਂ ਇੱਕ ਮਜਬੂਤ ਰਾਸਟਰ ਦਾ ਨਿਰਮਾਣ ਕਰ ਸਕਦੇ ਹਾਂ। ਕੁਲਵੰਤ ਸਿੰਘ ਟਿੱਬਾ ਨੇ ਸਕੂਲ ਸਟਾਫ਼ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਅੱਗੇ ਤੋਂ ਵੀ ਸਕੂਲ ਦੀ ਬਿਹਤਰੀ ਲਈ ਯਤਨਸ਼ੀਲ ਰਹਿਣਗੇ। ਸਕੂਲ ਨੂੰ ਆਰਥਿਕ ਮੱਦਦ ਦੇਣ ਲਈ ਸਟਾਫ਼ ਵੱਲੋਂ ਲੇਖਕ ਕੁਲਵੰਤ ਸਿੰਘ ਟਿੱਬਾ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਮਾਸਟਰ ਰਾਜ ਵਰਿੰਦਰ ਸਿੰਘ ਟਿੱਬਾ, ਮਾਸਟਰ ਬਲਵੀਰ ਸਿੰਘ ਕੁਠਾਲਾ, ਮਾਸਟਰ ਦਲਵੀਰ ਸਿੰਘ ਸ਼ੇਰਪੁਰ, ਲੈਕਚਰਾਰ ਉਜਾਗਰ ਸਿੰਘ ਅਤੇ ਦਰਸਨ ਸਿੰਘ ਐੱਸ. ਐੱਸ. ਮਾਸਟਰ ਸਮੇਤ ਹੋਰ ਸਟਾਫ਼ ਵੀ ਮੌਜੂਦ ਸੀ।



### ਸ਼ਹੀਦੀ ਦਿਨ 'ਤੇ ਵਿਸ਼ੇਸ਼

# ਬਹੁਪੱਖੀ ਸ਼ਖਸੀਅਤ- 'ਸ਼ਹੀਦ ਭਾਈ ਮਨੀ ਸਿੰਘ ਜੀ'



ਪ੍ਰੋ. ਜਸਵੀਰ ਸਿੰਘ ਉਭੀ 'ਅਜਨੋਹਾ'
jassyu2000@yahoo.com

ਸਿੱਖ ਇਤਿਹਾਸ ਵਿਚ ਅਕਸਰ ਚਾਰ ਭਾਈ ਮਨੀ ਸਿੰਘ ਨਾਵਾਂ ਦਾ ਜ਼ਿਕਰ ਆਉਂਦਾ ਹੈ- ਮਨੀ ਸਿੰਘ ਮੁਲਤਾਨੀ, ਮਨੀ ਸਿੰਘ ਕੰਬੋ, ਮਨ. ਸਿੰਘ ਕਾਨ੍ਹੇ-ਕਾਛੇ ਦੇ ਵਸਨੀਕ ਅਤੇ ਕੰਬੋਵਾਲ ਦੇ ਦੁਲੱਟ ਜ਼ਿਮੀਦਾਰ। ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫਰਗੜ੍ਹ, ਪੱਛਮੀ ਪੰਜਾਬ (ਪਾਕਿਸਤਾਨ) ਦਾ ਹੈ। ਮਾਤਾ ਮਧਰੀ ਬਾਇ. ਅਤੇ ਪਿਤਾ ਮਾਇ.ਦਾਸ ਦੇ ਘਰ 10 ਮਾਰਚ 1644 ਈ: ਨੂੰ ਜਨਮ ਹੋਇਆ। ਮਾਈ ਦਾਸ ਹਿੰਦੂ ਰਾਜਪੂਤ ਬਰਾਦਰੀ ਦੇ 'ਪੰਬਰ' ਗੋਤ ਨਾਲ ਸਬੰਧਤ ਸੀ ਅਤੇ ਬਾਦਸ਼ਾਹ ਸ਼ਾਹਜਹਾਨ ਦਾ ਅਹਿਲਕਾਰ ਸੀ। ਮਾਈ ਦਾਸ ਨੂੰ ਦੋ ਸ਼ਾਦੀਆਂ 'ਚ 12 ਪੁੱਤਰਾਂ ਦੀ ਦਾਤ ਬਖਸ਼ਿਸ਼ ਸੀ। ਇਕ ਪੁੱਤਰ ਬਚਪਨ 'ਚ ਪੂਰਾ ਹੋ ਗਿਆ ਅਤੇ ਬਾਕੀ ਦੇ 11 ਪੁੱਤਰ ਸਿੱਖੀ ਵਾਸਤੇ ਸ਼ਹੀਦ ਹੋਏ। ਮਨੀ ਸਿੰਘ ਦਾ ਬਚਪਨ ਦਾ ਨਾਂ ਮਨੀਆ (ਮਨੀ ਰਾਮ) ਸੀ। 1699 ਈ: ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੀਂ ਅੰਮ੍ਰਿਤਪਾਨ ਕਰਕੇ ਭਾਈ ਮਨੀ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਇਆ। ਦਿੱਲੀ ਵਿਖੇ ਤੇਗ ਵਿਚ ਉਬਲੇ ਜਾਣ ਵਾਲੇ ਭਾਈ ਦਿਆਲਾ ਜੀ ਮਨੀ ਸਿੰਘ ਦੇ ਭਰਾ ਸਨ। ਮਨੀ ਸਿੰਘ ਦੀਆਂ ਦੋ ਸ਼ਾਦੀਆਂ: ਬੀਬੀ ਸੀਤੋ (ਬਸੰਤ ਕੌਰ) ਅਤੇ ਬੀਬੀ ਖੇਮੀ ਜੀ ਦੇ 10 ਪੁੱਤਰ ਸਨ। ਦੋ ਪੁੱਤਰ ਗੁਰੂ ਘਰ ਦੇ ਦੀਵਾਨ ਸਨ। ਬੀਬੀ ਸੀਤੋ ਲੱਖੀ ਸ਼ਾਹ ਵਣਜਾਰਾ (ਲਿਵਾਣਾ ਨਹੀਂ) ਦੀ ਪੁੱਤਰੀ ਸੀ। ਇਹ ਉਹ ਲੱਖਸ਼ਾਹ ਜਿਸ ਨੇ ਗੁਰੂ ਤੇਗ ਬਹਾਦਰ ਜੀ ਦੀ ਧੜ ਦਾ ਸੰਸਕਾਰ ਆਪਣੇ ਮਕਾਨ ਨੂੰ ਅੱਗ ਲਗਾ ਕੇ ਦਿੱਲੀ ਵਿਖੇ ਕੀਤਾ ਸੀ।

ਪਿਤਾ ਮਾਈ ਦਾਸ 7ਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਾਏ ਜੀ ਦੇ ਦਰਸ਼ਨ ਕਰਨ ਕੀਰਤਪੁਰ ਆਇਆ ਤਾਂ 13 ਸਾਲਾਂ ਦੀ ਉਮਰ ਵਾਲੇ ਮਨੀ ਰਾਮ ਨੂੰ ਇੱਥੇ ਹੀ ਛੱਡ ਗਿਆ। ਮਨੀ ਰਾਮ ਜੀ ਸੱਤਵੇਂ ਗੁਰੂ ਦੇ ਜੋਤੀ ਜੋਤ ਸਮਾਉਣ ਬਾਅਦ 8ਵੇਂ ਗੁਰਾਂ ਦੀ ਹਜ਼ੂਰੀ ਵਿਚ ਰਹੇ। 20 ਸਾਲਾਂ ਦੀ ਉਮਰ ਵਿਚ ਪਿੰਡ ਬਕਾਲਾ ਵਿਖੇ 9ਵੇਂ ਗੁਰਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਰਹੇ ਅਤੇ ਫਿਰ 10ਵੇਂ ਗੁਰਾਂ ਦੀ ਹਜ਼ੂਰੀ ਵਿਚ ਨਿੱਜੀ ਸੁਰੱਖਿਅਕ। ਸ੍ਰੀ ਗੁਰੂ ਹਰਿਰਾਏ ਜੀ ਦੇ ਲੰਗਰ ਵਿਚ ਸੇਵਾ ਕਰਨ ਵਾਲਾ 13 ਸਾਲਾ ਮਨੀ ਰਾਮ, 35 ਸਾਲਾਂ ਦੀ ਉਮਰ 'ਚ ਅਧਿਆਪਕ, ਲਿਖਾਰੀ, ਵਿਦਵਾਨ, ਨਿਰਭੈ ਯੋਧਾ, ਸਿਆਸੀ ਅਤੇ ਧਾਰਮਿਕ ਆਗੂ ਦੇ ਰੂਪ ਵਿਚ ਖਾਲਸੇ ਦੀ ਸੇਵਾ 'ਚ ਆਇਆ। ਭਾਈ ਸਾਹਿਬ ਦੀਆਂ ਸਾਹਿਤਕ ਸੇਵਾਵਾਂ ਇਸ ਪ੍ਰਕਾਰ ਹਨ:-

(1) ਧੀਰ ਮੱਲੀਆਂ ਦੇ ਇਨਕਾਰ ਪਿੱਛੋਂ, ਸ੍ਰੀ ਗੁਰੂ ਗੋਬਿੰਦ ਸਾਹਿਬ ਦੀ ਨਿਗਰਾਨੀ ਹੇਠ ਬੀੜਾਂ (ਪੋਥੀਆਂ) ਲਿਖਣ ਦੀ ਸੇਵਾ ਵਿਚ ਭਾਈ ਹਰਦਾਸ ਜੀ ਤੇ ਹੋਰ ਲਿਖਾਰੀਆਂ ਵਿਚ ਮਨੀ ਸਿੰਘ ਜੀ ਦਾ ਨਾਂ ਸ਼ਾਮਲ ਸੀ।

(2) ਸਾਬੋ ਕੀ ਤਲਵੰਡੀ ਵਾਲੀ ਬੀੜ, ਜਿਸ ਨੂੰ ਗੁਰੂ ਸਾਹਿਬ ਨੇ ਗੁਰਗੱਦੀ ਦਿੱਤੀ ਸੀ, ਭਾਈ ਮਨੀ ਸਿੰਘ ਇਸ ਦੇ ਲਿਖਾਰੀ ਸਨ।

(3) ਆਪ ਜੀ ਦੀਆਂ ਕਥਾਵਾਂ ਜੋ ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ ਵਿਚ ਦਰਜ ਹਨ। ਭਾਈ ਸੂਰਤ ਸਿੰਘ ਲਿਖਾਰੀ ਸਨ।

(4) ਛੇਵੇਂ ਪਾਤਸ਼ਾਹ ਬਾਰੇ ਆਪ ਦੀ ਕਥਾ ਗੁਰ-ਬਿਲਾਸ ਵਿਚ ਦਰਜ ਹੈ। ਭਾਈ ਸੋਹਣ ਸਿੰਘ ਇਸ ਦੇ ਲਿਖਾਰੀ ਸਨ।

(5) ਕਾਬਲ ਸ਼ਹਿਰ ਦੇ 'ਗੁਰਦੁਆਰਾ ਭਾਈ ਗੁਰਦਾਸ' ਵਿਖੇ ਸਥਿਤ 10ਵੇਂ ਗੁਰਾਂ ਦੀ ਬਾਣੀ ਵਾਲਾ ਗ੍ਰੰਥ ਜੋ ਭਾਇ ਸ਼ੀਹਾਂ ਸਿੰਘ ਨੇ 1711-1712 ਈ: ਨੂੰ ਦਿੱਲੀ ਵਿਖੇ ਲਿਖਿਆ ਸੀ, ਆਪ ਨੇ ਇਸ ਦੀ ਨਿਗਰਾਨੀ ਕੀਤੀ ਸੀ।



(6) ਆਦਿ ਦਸਮ ਗ੍ਰੰਥ ਨੂੰ ਪੁਨਰ ਸੰਪਾਦਿਤ ਕਰਨਾ, ਆਪ ਦੀ ਆਖਰੀ ਸਾਹਿਤਕ ਸੇਵਾ ਹੈ।

(7) ਅਰਦਾਸ ਜੋ ਅੱਜ ਵੀ ਚੱਲਦੀ ਹੈ, ਆਪ ਦੀ ਲਿਖਤ ਹੈ।

ਸਿੱਖੀ ਮਰਿਆਦਾ ਦੇ ਉਲਟ, ਕੁਝ ਰਚਨਾਵਾਂ 'ਆਪ ਦੇ ਨਾਂ' ਹੇਠ ਲਿਖੀਆਂ ਹੋਈਆਂ ਹਨ, ਜਿਹਨਾਂ ਵਿਚ ਜੰਤਰ, ਮੰਤਰ ਅਤੇ ਟੂਣਿਆਂ ਆਦਿ ਦਾ ਜ਼ਿਕਰ ਹੈ। ਦਸਵੇਂ ਗੁਰਾਂ ਨੇ ਆਪ ਸ. ਹਰਿਮੰਦਰ ਸਾਹਿਬ ਦੇ ਤੀਜੇ ਹੈਡ ਗ੍ਰੰਥੀ ਨਿਯੁਕਤ ਕੀਤਾ। ਬਾਬਾ ਬੁੱਢਾ ਜੀ ਪਹਿਲੇ ਅਤੇ ਭਾਈ ਹਰਦਾਸ ਜੀ ਦੂਜੇ ਹੈਡ ਗ੍ਰੰਥੀ ਸਨ। 1706 ਈ. ਨੂੰ 10ਵੇਂ ਗੁਰਾਂ ਦੀ ਪਤਨੀ ਮਾਤਾ ਸਾਹਿਬ ਦੇਵਾਂ ਨੂੰ ਤਲਵੰਡੀ ਸਾਹਿਬ ਤੋਂ ਦਿੱਲੀ ਮਾਤਾ ਸੁੰਦਰੀ ਜੀ ਪਾਸ ਸੁਰੱਖਿਅਤ ਤਰੀਕੇ ਨਾਲ ਪਹੁੰਚਾ ਦਿੱਤਾ। ਜਦੋਂ ਤੱਤ ਖਾਲਸਾ ਅਤੇ ਬਾਂਦੇ ਖਾਲਸੇ ਵਿਚਕਾਰ ਹਰਿਮੰਦਰ ਸਾਹਿਬ ਵਿਖੇ ਟੱਕਰ ਸ਼ੁਰੂ ਹੋਈ ਤਾਂ ਆਪ ਨੇ ਅਤੇ 10ਵੇਂ ਗੁਰਾਂ ਦੇ ਮਾਮਾ ਕਿਰਪਾਲ ਸਿੰਘ (ਚੰਦ) ਨੇ ਆ ਕੇ ਸ਼ਾਂਤੀ ਦਾ ਮਾਹੌਲ ਬਣਾਇਆ।

1688 ਈ: ਦੀ ਪਾਉਂਟਾ ਸਾਹਿਬ ਵਿਖੇ ਭੰਗਾਣੀ ਦੀ ਜੰਗ, ਜੋ ਸਿੱਖਾਂ ਅਤੇ ਪਹਾੜੀ ਰਾਜਿਆਂ ਵਿਚਕਾਰ ਸੀ, ਆਪ ਨੇ ਆਪਣੀ ਤਲਵਾਰ ਦੇ ਖੂਬ ਜੌਹਰ ਦਿਖਾਏ ਸਨ।

ਇੱਥੇ ਛੋਟਾ ਭਾਈ ਹਰੀ ਚੰਦ ਸ਼ਹੀਦੀ ਪਾ ਗਿਆ।

1685 ਈ: ਨੂੰ ਨਾਹਨ ਅਤੇ 1688 ਨੂੰ 50 ਸਿੱਖਾਂ ਨਾਲ ਬਾਬਾ ਰਾਮ ਰਾਏ ਦੀ ਬਰਸੀ 'ਤੇ ਭੇਜਿਆ ਗਿਆ। 1690 ਦੀ ਜੰਗ ਜਿੱਤਣ ਪਿੱਛੋਂ ਦੀਵਾਨ ਦਾ ਦਰਜਾ ਪ੍ਰਾਪਤ ਕੀਤਾ। 1699 ਦੀ ਜੰਗ, ਜੋ ਖਾਲਸਾ ਪੰਥ ਅਤੇ ਰਾਜੇ ਅਜਮੇਰ ਚੰਦ ਤੇ ਉਸਦੇ ਮੁਗਲ ਸਹਾਇਕਾਂ ਵਿਚਕਾਰ ਸੀ, ਆਪ ਅਤੇ ਆਪ ਦੇ ਪੁੱਤਰ ਸਭ ਤੋਂ ਅੱਗੇ ਸਨ। ਗੁਰੂ ਸਾਹਿਬ ਨ ਆਪ ਦ ਪਰਿਵਾਰ ਨੂੰ ਹੁਕਮਨਾਮਾ ਦੇ ਕੇ ਸਨਮਾਨਿਆ। ਪੁੱਤਰ ਵੀ ਬਹਾਦਰ ਅਤੇ ਸਾਹਿਤਕ ਸਨ। ਖਾਲਸੇ ਦਾ 'ਰਹਿਤਨਾਮਾ' ਆਪ ਦੇ ਪੁੱਤਰ ਦੇਸਾ ਸਿੰਘ ਦੀ ਲਿਖਤ ਹੈ।

1737 ਈ: ਨੂੰ ਲਾਹੌਰ ਦੀ ਜਾਲਮ ਮੁਗਲੀਆ- ਜ਼ਕਰੀਆ ਖਾਨ ਸਰਕਾਰ ਨੇ ਸਿੱਖਾਂ ਦੀ ਅੰਮ੍ਰਿਤਸਰ ਆਉਣ ਉਤੇ ਪਾਬੰਦੀ ਲਗਾ ਦਿੱਤੀ। ਸਰਕਾਰ ਦੀ 10 ਹਜ਼ਾਰ ਰੁਪਏ ਲੈਣ ਦੀ ਸ਼ਰਤ ਹੇਠ ਦੀਵਾਲੀ ਮਨਾਉਣ ਦੀ ਇਜਾਜ਼ਤ ਲਈ। ਜਕਰੀਆ ਖਾਨ ਦੀ ਬਦਨੀਅਤ ਦਾ ਪਤਾ ਲੱਗਣ 'ਤੇ ਸਿੱਖਾਂ ਨੂੰ ਸੁਨੇਹਾ ਭੇਜ ਦਿੰਤਾ ਕਿ ਦੀਵਾਲੀ 'ਤੇ ਨਾ ਆਉਣ। ਫਿਰ ਵਿਸਾਖੀ ਤੇ ਇਕੱਠ ਕਰਨ ਦੀ ਤਜਵੀਜ਼ ਬਣਾਈ। ਵਾਅਦੇ ਦੇ ਵਿਰੁੱਧ ਦੀਵਾਨ ਲਖਪਤ ਰਾਏ ਖੱਤਰੀ ਨੂੰ ਜਿਸ ਨੇ ਸਿੱਖਾਂ ਨੂੰ ਖਤਮ ਕਰਨ ਦੀ ਕਸਮ ਖਾਧੀ ਹੋਈ ਸੀ, ਵੱਡੀ ਫੌਜ ਭੇਜ ਕ ਹਮਲਾ ਕਰਵਾ ਦਿੱਤਾ। ਤਿਉਹਾਰ ਭੰਗ ਹੋ ਗਿਆ, ਪੈਸਾ ਇਕੱਠਾ ਨਾ ਹੋ ਸਕਿਆ। ਬਾਅਦ ਵਿਚ ਸੁੱਖਾ ਸਿੰਘ ਮਾੜੀ-ਕੰਬੋਕੀ (ਰਾਮਗੜ੍ਹੀਆ) ਦੀ ਤਲਵਾਰ ਤੋਂ ਮਸਾਂ ਹੀ ਬਚ ਕੇ ਨਿਕਲਿਆ ਸੀ।

1738 ਨੂੰ ਭਾਈ ਸਾਹਿਬ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ। ਰੁਪਏ ਦੇਣ ਵਾਸਤੇ ਆਖਿਆ ਜਾਂ ਫਿਰ ਇਸਲਾਮ ਕਬੂਲ ਕਰਨ ਵਾਸਤੇ ਆਖਿਆ। ਸਾਹਮਣੇ ਆਪਦੇ ਪੁੱਤਰ ਦੀਆਂ ਅੱਖਾਂ ਕੱਢ ਦਿੱਤੀਆਂ ਅਤੇ ਭਰਾ ਜਗਤ ਸਿੰਘ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੰਤਾ। 9 ਜੁਲਾਈ 1738 ਨੂੰ ਬੰਦ-ਬੰਦ ਕੱਟ ਕੇ ਤਕਰੀਬਨ 90 ਸਾਲਾਂ ਦੀ ਉਮਰ 'ਚ ਸ਼ਹੀਦ ਕਰ ਦਿੱਤਾ। ਇਸ 'ਨਖਾਸਾ' ਦੇ ਸਥਾਨ ਲਾਹੌਰ ਵਿਖੇ 'ਗੁਰਦੁਆਰਾ ਸ਼ਹੀਦ ਗੰਜ ਸਥਿਤ ਹੈ।

1739 ਨੂੰ ਜ਼ਕਰੀਆ ਖਾਨ ਨੇ ਕਾਜ਼ੀ ਸਾਮੰਦ ਖਾਨ ਨੂੰ ਵੱਡੀ ਫੌਜ ਦੇ ਕੇ ਸਿੱਖਾਂ ਦੇ ਖਾਤਮੇ ਲਈ ਭੇਜਿਆ। ਸਿੰਘ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਸਨ ਅਤੇ ਕਾਜੀ ਆਬਦ ਸਾਮੰਦ ਖਾਨ ਨੂੰ ਭਾਈ ਮਨੀ ਸਿੰਘ ਦੀ ਸ਼ਹੀਦੀ ਦਾ ਬਦਲਾ ਲੈਣ ਵਾਸਤੇ ਪਹਿਲਾਂ ਹੀ ਲੱਭ ਰਹੇ ਸਨ। ਮਨੀ ਸਿੰਘ ਦੇ ਭਤੀਜੇ ਅਗੜ ਸਿੰਘ ਹੱਥੋਂ ਆਬਦ ਸਾਮੰਦ ਖਾਨ ਮਾਰਿਆ ਗਿਆ।

ਮਨੀ ਸਿੰਘ ਜੀ ਦੇ ਪਰਿਵਾਰ ਦੇ 53 ਤੋਂ ਵੱਧ ਸ਼ਹੀਦ ਸਿੱਖ ਕੌਮ ਨੂੰ ਸਮਰਪਿਤ ਹਨ। ਆਓ ਆਪਾਂ ਸਾਰੇ ਸ਼ਰਧਾਂਜਲੀਆਂ ਭੇਂਟ ਕਰੀਏ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ।

# ਹਿੰਦੂ ਤੋਂ ਹਿੰਦੂ ਨਹੀਂ ਸ਼ੂਦਰ ਕਹਾਉਣਾ ਬਿਹਤਰ ਹੈ

ਚੰਦਰ ਭਾਨ ਪਾਲ

ਹਿੰਦੂ ਤੋਂ ਹਿੰਦੂ ਨਹੀਂ ਸ਼ੂਦਰ ਕਹਾਉਣਾ ਬਿਹਤਰ ਹੈ, ਇਹ ਗੱਲ ਬਿਲਕੁਲ ਸੱਚ ਹੈ ਕਿ ਬ੍ਰਾਹਮਣ ਸ਼ੂਦਰ ਸ਼ਬਦ ਤੋਂ ਪਹਿਲਾਂ ਵੀ ਡਰਦਾ ਸੀ, ਅੱਜ ਵੀ ਡਰਦਾ ਹੈ, ਹਜ਼ਾਰਾਂ ਸਾਲ ਪਹਿਲਾਂ ਜਦੋਂ ਉਹਨਾਂ ਨੇ ਵਰਣ ਵਿਵਸਥਾ ਵਿਚ ਬ੍ਰਾਹਮਣ, ਕਸ਼ੱਤਰੀ, ਵੈਸ਼ ਤੋਂ ਬਾਅਦ ਭਾਰਤ ਦੇ ਮੂਲ ਨਿਵਾਸੀਆਂ ਨੂੰ ਚੌਥੇ ਦਰਜ ਸ਼ੂਦਰ ਦੇ ਰੂਪ ਵਿਚ ਸ਼ਾਮਲ ਕੀਤਾ। ਉਦੋਂ ਤੋਂ ਉਹਨਾਂ ਨੂੰ ਡਰ ਸੀ ਕਿ ਇਹ ਸੰਖਿਅਕ ਮੂਲ ਨਿਵਾਸੀ ਸਮਾਜ ਕਿਤੇ ਵਿਦਰੋਹ ਨਾ ਕਰ ਦੇਵੇ ਅਤੇ ਹੋਇਆ ਵੀ ਇੰਝ ਹੀ, ਬੁੱਧ ਦੀ ਕ੍ਰਾਂਤੀ ਸਫਲ ਹੀ ਇਸ ਲਈ ਹੋ ਸਕੀ ਸੀ ਕਿਉਂਕਿ ਵਰਣ ਵਿਵਸਥਾ ਦਾ ਸ਼ੁਰੂਆਤੀ ਦੌਰ ਸੀ ਅਤੇ ਬ੍ਰਾਹਮਣ ਜਾਤੀ ਦੀ ਕਾਢ ਨਹੀਂ ਕੱਢ ਸਕੇ ਸਨ ਅਤੇ ਪੂਰਾ ਸ਼ੂਦਰ ਸਮਾਜ ਬੋਧੀ ਬਣ ਗਿਆ। ਬ੍ਰਾਹਮਣ ਵੀ ਬੋਧੀ ਬਣੇ। ਪਰ ਜਦੋਂ ਅਸ਼ੋਕ ਦੇ ਪੋਤੇ ਬੋਧੀ ਰਾਜਾ ਬ੍ਰਹਦਰਥ ਮੋਰੀਆ ਦੀ ਹੱਤਿਆ ਕਰਕੇ ਉਹਨਾਂ ਦੀ ਬ੍ਰਾਹਮਣ ਸੈਨਾਪਤੀ ਰਾਜਾ ਬਣ ਗਿਆ। ਉਸ ਤੋਂ ਬਾਅਦ ਹੀ ਮਨੂ ਸਮਿਰਤੀ ਜਿਹੇ ਅਣਮਨੁੱਖੀ ਸੰਵਿਧਾਨ ਦੀ ਰਚਨਾ ਹੋਈ। ਇਹ ਮੂਲ ਨਿਵਾਸੀ ਸ਼ੂਦਰ ਸਮਾਜ ਫਿਰ ਵਿਦਰੋਹ ਨਾ ਕਰ ਸਕਣ, ਇਸ ਲਈ ਇਸ ਨੂੰ 6743 ਜਾਤਾਂ ਵਿਚ ਤਰਤੀਬਵਾਰ ਅਸਮਾਨਤਾ ਦੇ ਆਧਾਰ 'ਤੇ ਵੰਡ ਦਿੱਤਾ ਤਾਂ ਕਿ ਇਹ ਸਮਾਜ ਬ੍ਰਾਹਮਣੀ ਉਚ ਦਰਜਾ ਵਿਵਸਥਾ ਨੂੰ ਕਦੇ ਵੀ ਚੁਣੌਤੀ ਨਾ ਦੇ ਸਕੇ। ਇਸ ਤਰ੍ਹਾਂ ਉਹ ਸ਼ੂਦਰ ਸਮਾਜ ਨੂੰ ਹਜ਼ਾਰਾਂ ਜਾਤਾਂ ਵਿਚ ਵੰਡ ਕੇ ਉਹਨਾਂ ਨੂੰ ਸਿੱਖਿਆ, ਜਾਤੀਵਾਦ, ਹਥਿਆਰ ਚਲਾਉਣਾ ਆਦਿ ਤੋਂ ਸੱਖਣੇ ਕਰਨ ਵਾਲੇ ਨਿਯਮ ਬਣਾਉਣ ਅਤੇ ਉਹਨਾਂ ਨੂੰ ਰੱਬੀ ਹੁਕਮ ਦੱਸ ਕ ਸ਼ੂਦਰ ਸਮਾਜ ਤੇ ਥੋਪਣ ਵਿਚ ਕਾਮਯਾਬ ਹੋਏ। ਬਹੁਤ ਸਾਰੇ ਵਿਦੇਸ਼ੀ ਹਮਲਾਵਰ ਆਏ, ਇੱਥੇ ਰਾਜ ਕੀਤਾ ਪਰ ਬ੍ਰਾਹਮਣ ਹਮੇਸ਼ਾ ਸੱਤਾ ਵਿਚ ਚਿਪਕੇ ਰਹੇ। ਸ਼ੂਦਰਾਂ ਖਿਲਾ ਛੜਯੰਤਰ ਕਰਦੇ ਰਹੇ। ਇੱਥੋਂ ਤੱਕ ਮੁਗਲਾਂ ਦੇ ਸ਼ਾਸਨ ਕਾਲ ਵਿਚ ਵੀ ਸ਼ੂਦਰਾਂ ਤੇ ਬ੍ਰਾਹਮਣੀ ਗ੍ਰੰਥਾਂ ਦੇ ਨਿਯਮ ਕਾਇਦੇ ਅਨੁਸਾਰ ਹੀ ਵਿਉਹਾਰ ਹੁੰਦਾ ਸੀ। ਅੰਗਰੇਜਾਂ ਦੇ ਸ਼ਾਸਨ ਕਾਲ ਵਿਚ ਹੀ ਸ਼ੂਦਰਾਂ ਨੂੰ ਸਿੱਖਿਆ, ਜਾਤੀਵਾਦ ਅਤੇ ਬਰਾਬਰੀ ਦੇ ਅਧਿਕਾਰ ਦਾ ਦਰਜਾ ਮਿਲਿਆ।

ਪਰ 1917 ਵਿਚ ਜਦੋਂ ਇੰਗਲੈਂਡ ਵਿਚ ਵੋਟ ਦਾ ਅਧਿਕਾਰ ਬਿਲ ਪਾਸ ਹੋਇਆ ਤਾਂ ਬ੍ਰਾਹਮਣਾਂ ਦੇ ਕੰਨ ਖੜ੍ਹੇ ਹੋ ਗਏ ਕਿ ਦੇਰ ਸਵੇਰ ਭਾਰਤ ਵਿਚ ਵੀ ਵੋਟ ਨਾਲ ਸਰਕਾਰ ਬਣੇਗੀ ਅਤੇ ਸ਼ੂਦਰ ਸ਼ਬਦ ਤੋਂ ਬ੍ਰਾਹਮਣ ਦੂਜੀ ਵਾਰੀ ਡਰਿਆ ਕਿ ਇਹ 85 ਪ੍ਰਤੀਸ਼ਤ ਹੈ ਤਾਂ ਵੋਟ ਦੇ ਦਮ 'ਤੇ ਸ਼ੂਦਰ ਭਾਰਤ ਦੇ ਸੱਤਾਧਾਰੀ ਬਣ ਜਾਣਗੇ। ਬ੍ਰਾਹਮਣ ਕਿਤੇ ਦੇ ਨਾ ਰਹਿਣਗੇ। ਫਿਰ ਬ੍ਰਾਹਮਣਾਂ ਨੇ ਹਿੰਦੂ ਮਹਾਂਸਭਾ ਬਣਾਈ। ਆਰ. ਐਸ. ਐਸ., ਵਿਸ਼ਵ ਹਿੰਦੂ ਪ੍ਰੀਸ਼ਦ ਆਦਿ ਅਨੇਕਾਂ ਹਿੰਦੂਵਾਦੀ ਸੰਗਠਨ ਬਣਾ ਕੇ ਸਾਰੇ ਸ਼ੂਦਰਾਂ ਨੂੰ ਹਿੰਦੂ ਹਿੰਦੂ ਚਿਲਾਉਣਾ ਸ਼ੁਰੂ ਕਰਕੇ ਵਾਗਡੋਰ ਆਪਣੇ ਹੱਥ ਵਿਚ ਹੀ ਰੱਖੀ ਅਤੇ ਮੁਸਲਮਾਨਾਂ ਨੂੰ ਦੁਸ਼ਮਣ ਬਣਾ ਕੇ ਉਹਨਾਂ ਕੱਟੜਵਾਦ ਨੂੰ ਪ੍ਰਚਾਰਿਤ ਕਰਕੇ ਸਾਰੇ ਸ਼ੂਦਰਾਂ ਨੂੰ ਹਿੰਦੂ ਨਾਂ ਤੇ ਗੋਲਬੰਦ ਕਰਨਾ ਸ਼ੁਰੂ ਕਰ ਦਿੱਤਾ।

1885 ਵਿਚ ਜਦੋਂ ਇਕ ਅੰਗਰੇਜ਼ ਓ ਹਿਉਮ ਨੇ ਕਾਂਗਰਸ ਬਣਾਈ ਸੀ, ਉਸ 'ਤੇ ਵੀ ਬ੍ਰਾਹਮਣਾਂ ਦਾ ਕਬਜ਼ਾ ਸੀ ਅਤੇ ਅੱਜ ਵੀ ਹੈ। ਆਜ਼ਾਦੀ ਤੋਂ ਬਾਅਦ ਸੱਤਾ ਕਾਂਗਰਸ ਦੇ ਹੱਥ ਵਿਚ ਤਾਂ ਸੱਤਾ ਪੱਖ ਹੀ ਸੀ, ਵਿਰੋਧੀ ਪੱਖ ਵਿਚ ਵੀ ਬ੍ਰਾਹਮਣਾਂ ਦਾ ਕਬਜਾ ਰਿਹਾ। ਇਸ ਲਈ 1952 ਵਿਚ ਨਹਿਰੂ ਨੂੰ ਆਰ. ਐਸ. ਐਸ. ਦੇ ਬ੍ਰਾਹਮਣ ਵਾਜਪਾਈ, ਮੁਖਰਜੀ, ਉਪਾਧਿਆਏ ਆਦਿ ਨੂੰ ਬੁਲਾ ਕੇ ਜਨ ਸੰਘ ਦੀ ਸਥਾਪਨਾ ਕਰਵਾਈ ਜੋ ਅੱਜ ਭਾਜਪਾ ਦੇ ਰੂਪ ਵਿਚ ਭਾਰਤ ਦੀ ਸੱਤਾਧਾਰੀ ਪਾਰਟੀ ਹੈ।

ਕਾਂਗਰਸ ਧਰਮ ਨਿਰਪੱਖਤਾ ਦਾ ਮਖੌਟਾ ਲਾ ਕੇ ਅਤੇ ਭਾਜਪਾ ਹਿੰਦੂਵਾਦ ਦਾ ਪਰ ਮਖੌਟਾ ਦੇ ਪਿੱਛੇ ਦੋਹਾਂ ਦਾ ਅਸਲੀ ਚਿਹਰਾ ਬ੍ਰਾਹਮਣਾਂ ਦਾ ਹੈ ਜੋ ਆਪਸ ਵਿਚ ਭਲਵਾਨਾਂ ਦੀ ਕੁਸ਼ਤੀ ਦਾ ਦਿਖਾਵਾ ਕਰਕੇ ਸ਼ੂਦਰਾਂ ਦੇ ਹੱਕ ਅਧਿਕਾਰ ਹੜੱਪਣ, ਉਹਨਾਂ ਨੂੰ ਕਾਮਯਾਬ ਅਤੇ ਸੱਤਾਧਾਰੀ ਬਣਨ ਤੋਂ ਰੋਕਣ ਲਈ ਛੜਯੰਤਰ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਬ੍ਰਾਹਮਣ ਸ਼ੂਦਰ ਤੋਂ ਡਰਦਾ ਹੈ। ਪਹਿਲੀ ਵਾਰ ਡਰਿਆ ਤਾਂ ਜਾਤਾਂ ਵਿਚ ਵੰਡ ਦਿੱਤਾ। ਦੂਜੀ ਵਾਰ ਡਰਿਆ ਤਾਂ ਸਾਰੇ ਸ਼ੂਦਰਾਂ ਨੂੰ ਵੋਟ ਲਈ ਹਿੰਦੂ ਬਣਾ ਦਿੱਤਾ, ਭਾਵ ਬ੍ਰਾਹਮਣ ਸਦਾ ਆਪਣੀ ਰਣਨੀਤੀ, ਆਪਣੇ ਛੜਯੰਤਰ ਪੂਰੇ ਸ਼ੂਦਰ ਸਮਾਜ ਨੂੰ ਧਿਆਨ ਵਿਚ ਰੱਖ ਕੇ ਹੀ ਬਣਾਉਂਦਾ ਹੈ ਅਤੇ ਉਹਨਾਂ ਨੂੰ ਅਮਲੀ ਜਾਮਾ ਪਹਿਨਾਉਂਦਾ ਹੈ। ਉਦੇਸ਼ ਵੀ ਸਦਾ ਉਹੀ ਸ਼ੂਦਰ ਸਮਾਜ ਤੇ ਬ੍ਰਾਹਮਣਾਂ ਦਾ ਸਮਾਜਿਕ, ਪਾਰਪਕ ਅਤੇ ਰਾਜਨੀਤਿਕ ਉਪਰਲਾ ਦਰਜਾ ਕਾਇਮ ਰਹੇ।

ਸ਼ੂਦਰ ਸ਼ਬਦ ਤੇ ਬ੍ਰਾਹਮਣਾਂ ਨੇ ਨੀਚਤਾ ਦੀ ਅਜਿਹੀ ਗੰਦਗੀ ਲਪੇਟ ਦਿੰਤੀ ਕਿ ਸ਼ੂਦਰ ਵਰਣ ਦੇ ਲੋਕ ਕਦੇ ਉਸ 'ਤੇ ਮਾਣ ਮਹਿਸੂਸ ਕਰਕੇ ਇੱਕਜਟ ਨਾ ਹੋ ਸਕਣ, ਭਾਵੇਂ ਕਿ ਬ੍ਰਾਹਮਣਾਂ, ਕਸ਼ੱਤਰੀ, ਵੈਸ਼ ਤਿੰਨ ਵਰਣਾਂ ਦੇ ਲੋਕ ਆਪਣੇ ਆਪਣੇ ਵਰਨ ਤੇ ਮਾਣ ਕਰ ਸਕਦੇ ਹਨ। ਜਦਕਿ ਹਰ ਤਰ੍ਹਾਂ ਨਾਲ ਸ਼ੂਦਰ ਸਮਾਜ ਤੇ ਉਹਨਾਂ ਦਾ ਜੀਵਨ ਨਿਰਬਾਹ ਹੁੰਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸ਼ੂਦਰ ਸ਼ਬਦ ਤੇ ਨੀਚਤਾ ਦਾ ਲੈਵਲ ਬਿਨਾਂ ਕਾਰਨ ਸਿਰਫ ਸ਼ੂਦਰ ਇੱਕਜੁਟ ਨਾ ਹੋ ਸਕਣ, ਇਸ ਲਈ ਬ੍ਰਾਹਮਣਾਂ ਨੇ ਛੜਯੰਤਰ ਪੂਰਵਕ ਲਾਇਆ।

ਸਾਥੀਓ! ਬ੍ਰਾਹਮਣ ਸ਼ੂਦਰ ਸ਼ਬਦ ਤੋਂ ਡਰਦਾ ਹੈ ਇਹੀ ਸਿੱਧ ਹੋ ਚੁੱਕਾ ਹੈ। ਇਸ ਲਈ ਹੁਣ ਜ਼ਰੂਰੀ ਹੈ ਕਿ ਸ਼ੂਦਰ ਸ਼ਬਦ ਤੋਂ ਬ੍ਰਾਹਮਣਾਂ ਦੇ ਡਰ ਨੂੰ ਆਪਣੀ ਤਾਕਤ ਬਣਾਉਣਾ ਹੈ ਅਤੇ ਸ਼ੂਦਰ ਸ਼ਬਦ ਨੂੰ ਅਪਮਾਨ ਦਾ ਨਹੀਂ ਸਨਮਾਨ ਦਾ ਪ੍ਰਤੀਕ ਬਣਾਉਣਾ ਹੈ ਜਿਸ ਦਾ ਸਹੀ ਮਾਅਨਿਆਂ ਵਿਚ ਮਿਹਨਤਕਸ਼ ਵਰਗ ਦਾ ਪ੍ਰਤੀਨਿਧਤਾ ਕਰਕੇ ਉਹ ਹੱਕਦਾਰ ਹੈ, ਨੀਚਤਾ ਸ਼ਬਦ ਨੂੰ ਸ਼ੂਦਰ ਸ਼ਬਦ ਤੋਂ ਹਟਾ ਕੇ ਇੱਕਮੁੱਠ ਹੋਣਾ ਹੋਵੇਗਾ।

ਸ਼ੂਦਰ ਸ਼ਬਦ ਵਿਚ ਮਿਹਨਤ ਦੀ ਖੁਸ਼ਬੋ ਹੈ
ਸ਼ੂਦਰ ਭਾਰਤ ਦੇ ਮੂਲਨਿਵਾਸੀ ਹਨ
ਸ਼ੂਦਰ ਹੀ ਭਾਰਤ ਦੇ ਬਹੁਜਨ ਹਨ।

ਸ਼ੂਦਰ ਕਹਿੰਦੇ ਹੀ ਅਸੀਂ 85 ਪ੍ਰਤੀਸ਼ਤ ਹੋ ਜਾਂਦੇ ਹਾਂ। ਲੋਕਤੰਤਰ ਵਿਚ ਇਹ ਬਹੁਤ ਵੱਡੀ ਤਾਕਤ ਹੈ। ਇਸ ਤਾਕਤ ਨੂੰ ਪਛਾਨਣ ਦੀ ਲੋੜ ਹੈ। 15 ਪ੍ਰਤੀਸ਼ਤ ਕਹਿੰਦੇ ਹਨ ਉਸ ਦੀ ਕੋਈ ਅਹਿਮੀਅਤ ਨਹੀਂ। ਅਹਿਮੀਅਤ 85 ਪ੍ਰਤੀਸ਼ਤ ਮੰਨਣ ਦੀ ਹੈ। ਜਦੋਂ ਸ਼ੂਦਰ ਸਮਾਜ ਜਿਸ ਵਿਚ ਐਸ. ਸੀ./ਐਸ. ਟੀ., ਓ. ਬੀ. ਸੀ. ਸਾਰੇ ਆ ਜਾਂਦੇ ਹਨ। ਲਲਕਾਰ ਕੇ ਕਹਿਣਾ ਕਿ- ਸਾਨੂੰ ਮਾਣ ਹੈ ਕਿ ਅਸੀਂ ਸ਼ੂਦਰ ਹਾਂ ਤਾਂ ਛੜਯੰਤਰਕਾਰੀਆਂ ਦੇ ਹੋਸ਼ ਉਡ ਜਾਣਗੇ। ਉਹਨਾਂ ਦੀਆਂ ਜਾਤਾਂ ਵਿਚ ਵੰਡਣ ਅਤੇ ਹਿੰਦੂ ਬਣਾ ਕੇ ਸੱਤਾਧਾਰੀ ਬਣਨ ਦੀਆਂ ਸਾਰੀਆਂ ਸਾਜਿਸ਼ਾਂ ਧਰੀਆਂ ਦੀਆਂ ਧਰਾਈਆਂ ਰਹਿ ਜਾਣਗੀਆਂ। ਭਾਰਤ ਦੇ ਕੋਨੇ ਕੋਨੇ ਤੋਂ ਜਦੋਂ ਆਵਾਜ਼ ਆਵੇਗੀ ਕਿ ਹਟੋ ਬ੍ਰਾਹਮਣਵਾਦੀਓ, ਦਿੱਲੀ ਦੀ ਕੁਰਸੀ ਖਾਲੀ ਕਰੋ। ਹੁਣ ਉਸਦੇ ਅਸਲੀ ਹੱਕਦਾਰ ਸ਼ੂਦਰ ਆ ਰਹੇ ਹਨ ਤਾਂ ਅੱਜ ਜੋ 15 ਪ੍ਰਤੀਸ਼ਤ ਸ਼ਾਸਕ ਵਰਗ ਬਣਿਆ ਹੈ, ਉਸ ਦਾ ਮਾਨਸਿਕ ਹਾਲਤ ਦੀ ਕਲਪਨਾ ਕਰ ਸਕਦੇ ਹੋ।

ਸ਼ੂਦਰ ਵਿਚ ਹੀ ਭਾਰਤ ਦੇ ਸ਼ੋਸ਼ਿਤ ਵੰਚਿਤ ਵਰਗ ਨੂੰ ਉਹਨਾਂ ਦਾ ਖੁਸਿਆ ਅਧਿਕਾਰ ਮਿਲ ਸਕਦਾ ਹੈ ਅ ਤੇ ਭਾਰਤ ਸਾਡੇ ਮਾਨਵਤਾਵਾਦੀ ਮਹਾਂਪੁਰਖਾਂ ਦੇ ਸੁਪਨਿਆਂ ਦਾ ਅਮੀਰ ਅਤੇ ਪ੍ਰਬੁੱਧ ਭਾਰਤ ਬਣ ਸਕਦਾ ਹੈ। ਇਸ ਲਈ ਸ਼ੋਸ਼ਿਤ ਅਧਿਕਾਰਾਂ ਤੋਂ ਸੱਖਣੇ ਵਰਗ ਨੂੰ ਨਿਆਂ ਦਿਵਾਉਣ ਲਈ ਅਤੇ ਭਾਰਤ ਨੂੰ ਮਹਾਂਪੁਰਖਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਨਾਲ ਬਿਹਤਰ ਹੈ। ਸ਼ੂਦਰ ਬਣ ਕੇ ਖੁਦ ਆਪਣੇ ਭਾਰਤ ਦੇ ਸ਼ਾਸਕ ਬਣੀਏ ਅਤੇ ਬੇਝਿਜਕ ਲਲਕਾਰ ਕੇ ਅਤੇ ਪੂਰੇ ਮਾਣ ਨਾਲ ਕਰੋ ਅਸੀਂ ਸ਼ੂਦਰ ਹਾਂ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਬੰਦਾ ਜੇ ਬਣ ਜਾਏ ਬੰਦਾ...



ਸ਼ਾਮ ਸਿੰਘ ਅੰਗ-ਸੰਗ
91- 98141-13338

ਕਦੇ ਕਿਸੇ ਨੇ ਨਹੀਂ ਆਖਿਆ ਕਿ ਕੁੱਤਿਆ ਕੁੱਤਾ ਬਣ ਜਾ, ਕਿਉਂਕਿ ਉਹ ਕੁੱਤਿਆਂ ਵਾਲੇ ਕੁੱਤੇ ਕੰਮ ਕਰਨ ਤੋਂ ਕਦੇ ਵੀ ਨਹੀਂ ਉੱਕਦਾ। ਕੁੱਤਿਆਂ ਦੇ ਕੰਮ ਦੇਖ ਕੇ ਬੰਦਾ ਤਾਂ ਸ਼ਰਮਾਉਂਦਾ ਹੈ, ਪਰ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਉਹ ਜੋ ਵੀ ਕਰਦੇ ਹਨ, ਕਰਦੇ ਰਹਿੰਦੇ ਹਨ, ਕਿਉਂਕਿ ਉਨ੍ਹਾਂ ਨੂੰ ਨਾ ਅਕਲ ਹੁੰਦੀ ਹੈ ਅਤੇ ਨਾ ਸਦਾਚਾਰ ਦਾ ਫ਼ਿਕਰ। ਉਹ ਤਾਂ ਜਦੋਂ ਆਪੇ ਤੋਂ ਬਾਹਰੇ ਹੋ ਜਾਣ ਤਾਂ ਬੰਦਿਆਂ ਨੂੰ ਵੀ ਵੱਢ ਖਾਣ ਨੂੰ ਪੈਂਦੇ ਹਨ, ਕਿਉਂਕਿ ਉਨ੍ਹਾਂ ਨੇ ਕੁੱਤਿਆਂ ਦੇ ਕੌਤਕਾਂ ਤੋਂ ਬਾਜ਼ ਨਹੀਂ ਹੋਣਾ-ਆਉਣਾ ਹੁੰਦਾ। ਮਾੜੇ ਹੋਣ ਦੇ ਨਾਲ-ਨਾਲ ਕੁੱਤਿਆਂ ਦੀ ਚੌਕਸੀ, ਚੌਕੀਦਾਰੀ ਦਾ ਵੀ ਮੁਕਾਬਲਾ ਨਹੀਂ ਅਤੇ ਵਫ਼ਾਦਾਰੀ ਦਾ ਵੀ ਨਹੀਂ। ਕੁੱਤਿਆਂ ਨੂੰ ਸਿੱਖਿਆ ਅਤੇ ਟਰੇਨਿੰਗ ਦੇ ਕੇ ਉਨ੍ਹਾਂ ਤੋਂ ਚੰਗੇ ਕੰਮ ਵੀ ਲਏ ਜਾ ਸਕਦੇ ਹਨ ਅਤੇ ਹੁਨਰ ਭਰਪੂਰ ਹੈਰਾਨੀ ਜਨਕ ਵੀ।

ਪਰ ਬੰਦੇ ਨੂੰ ਹਰੇਕ ਸਮੇਂ ਆਖਿਆ ਜਾਂਦਾ ਹੈ ਕਿ ਬੰਦਿਆ ਬੰਦ ਬਣ ਜਾ। ਖ਼ਾਸ ਕਰ ਕੇ ਉਦੋਂ, ਜਦੋਂ ਚੰਗੇ ਕੰਮ ਨਾ ਕਰ ਰਿਹਾ ਹੋਵੇ ਅਤੇ ਮਾੜਿਆਂ ਤੋਂ ਹਟਦਾ ਨਾ ਹੋਵੇ। ਸਭ ਤੋਂ ਪਹਿਲਾਂ ਤਾਂ ਉਸ ਨੂੰ ਬਾਲਪਣ ਵਿੱਚ ਘਰੋਂ ਰਹਿਣ-ਬਹਿਣ, ਵਰਤੋਂ-ਵਿਹਾਰ ਦੀ ਸਿੱਖਿਆ ਮਿਲਦੀ ਹੈ, ਜਿਸ ਨਾਲ ਉਹ ਲੋਕਾਂ ਵਿੱਚ ਵਿਚਰਦਾ ਵੀ ਹੈ ਅਤੇ ਸਲੀਕੇ ਨਾਲ ਰਹਿੰਦਾ ਵੀ। ਵਿੱਦਿਅਕ ਅਦਾਰਿਆਂ ਤੋਂ ਵੀ ਸਿੱਖਦਾ ਹੈ ਅਤੇ ਧਾਰਮਿਕ ਸਥਾਨਾਂ ਤੋਂ ਵੀ। ਫੇਰ ਵੀ ਉਹ ਮਾੜੇ ਪਾਸੇ ਜਾਣ ਤੋਂ ਰੁਕਦਾ ਨਹੀਂ, ਜਿਸ ਕਾਰਨ ਉਸ ਨੂੰ ਇਹ ਸੁਣਨਾ ਹੀ ਪੈਂਦਾ ਹੈ ਕਿ 'ਬੰਦਾ ਬਣ ਜਾ'। ਏਨੀਆਂ ਸਿੱਖਿਆਵਾਂ, ਏਨੇ ਉਪਦੇਸ਼ ਪਰ ਬੰਦਾ ਫੇਰ ਵੀ ਬੰਦਾ ਨਹੀਂ ਬਣਦਾ। ਏਨੀ ਗਿਣਤੀ ਵਿੱਚ ਘਰ, ਵਿੱਦਿਅਕ ਅਦਾਰੇ, ਧਾਰਮਿਕ ਸਥਾਨ ਅਤੇ ਸਮਾਜ ਸੁਧਾਰਕ ਸਭਾਵਾਂ ਸਿਖਾਉਣ ਵਾਲੀਆਂ, ਪਰ ਬੰਦੇ 'ਤੇ ਕਾਬੂ ਪਾਉਣ ਤੋਂ ਸਭ ਅਸਮਰੱਥ!

ਹੈਰਾਨੀ ਤਾਂ ਉਦੋਂ ਹੁੰਦੀ ਹੈ, ਜਦੋਂ ਘਰਾਂ 'ਚ ਚੋਰੀਆਂ ਅਤੇ ਡਾਕੇ ਵੱਜੀ ਜਾਂਦੇ ਹਨ, ਮਾਰਨ ਵਾਲੇ ਬੰਦੇ। ਵਿੱਦਿਅਕ ਅਦਾਰਿਆਂ ਵਿੱਚ ਮੰਦੇ ਕੰਮ ਹੋਣੋਂ ਨਹੀਂ ਰੁਕਦੇ। ਮੰਦਰਾਂ ਅਤੇ ਹੋਰ ਧਾਰਮਿਕ ਸਥਾਨਾਂ 'ਚੋਂ ਚੋਰੀਆਂ ਦੇ ਕਿੱਸੇ। ਉੱਥੇ ਰੱਬ ਤੋਂ ਵੀ ਡਰ ਨਹੀਂ ਮੰਨਿਆ ਜਾਂਦਾ, ਜਿਵੇਂ ਉੱਥੇ ਰੱਬ ਰਹਿੰਦਾ ਹੀ ਨਾ ਹੋਵੇ। ਉੱਥੇ ਚੋਰੀ ਕਰਨ ਵਾਲੇ ਨੂੰ ਹੁੰਦਾ ਵੀ ਕੁਝ ਨਹੀਂ, ਕਿਉਂਕਿ ਉਹ ਵੀ ਰੱਬ ਨੂੰ ਧਿਆਏ ਬਗ਼ੈਰ ਚੋਰੀ ਨਹੀਂ ਕਰਦਾ। ਫਿਰ ਅਜਿਹੇ 'ਚ ਧਰਮ ਸਥਾਨਾਂ ਵਾਲੇ ਕੀ ਕਰ ਸਕਦੇ ਹਨ ਅਤੇ ਅਜਿਹੇ ਬੰਦੇ ਨੂੰ ਬੰਦਾ ਬਣਾਏ ਜਾਣ ਲਈ ਵੀ ਕੁਝ ਨਹੀਂ ਕਰ ਸਕਦੇ। ਬੰਦੇ ਨੂੰ ਬੰਦਾ ਬਣਾਉਣ ਲਈ ਬਹੁਤ ਜ਼ੋਰ ਲਾਇਆ ਜਾ ਰਿਹਾ, ਪਰ ਉਹ 'ਮੈਂ ਨਾ ਮਾਨੂੰ' ਉੱਤੇ ਅੜਿਆ ਹੀ ਖੜ੍ਹਾ।

ਅਸਲੀ ਗੱਲ ਇਹ ਹੈ ਕਿ ਜੇ ਉਸ ਦੀ ਅੜੀ 'ਤੇ ਕਾਬੂ ਪਾ ਲਿਆ ਜਾਵੇ ਅਤੇ ਉਹ ਬੰਦਾ ਬਣਨ ਲਈ ਤਿਆਰ ਹੋ ਜਾਵੇ ਅਤੇ ਬਣ ਵੀ ਜਾਵੇ ਤਾਂ ਸਭ ਕੁਝ ਚੰਗਾ ਹੋ ਸਕਦਾ, ਜਿਸ ਨਾਲ ਮਾਹੌਲ ਸਾਜ਼ਗਾਰ ਹੋ ਸਕਦੈ ਅਤੇ ਸਮਾਜ ਨਿਰਮਲ ਹੋ ਜਾਵੇਗਾ। ਜਿਹੜੀ ਆਪਾ-ਧਾਪੀ ਮੱਚੀ ਹੋਈ ਹੈ ਅਤੇ ਇੱਕ ਦੂਜੇ ਨਾਲ ਠੱਗੀ ਦਾ ਰਾਹ ਅਪਣਾਇਆ ਜਾ ਰਿਹਾ ਹੈ, ਉਹ ਸਭ ਕੁਝ ਖ਼ਤਮ ਹੋਣ ਦੀ ਉਮੀਦ ਤਾਂ ਹੀ ਹੋ ਸਕਦੀ ਹੈ, ਜੇ ਬੰਦਾ ਸੱਚਮੁੱਚ ਬੰਦਾ ਬਣ ਜਾਵੇ। ਉਹ ਜ਼ਾਬਤੇ ਦੀ ਮਰਿਯਾਦਾ ਨੂੰ ਮੰਨੇ ਅਤੇ ਚੰਗੇ ਕੰਮ ਕਰਨ ਵੱਲ ਤੁਰੇ।

ਘਰੋ-ਘਰੀ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਦਾ ਜਤਨ ਆਰੰਭਿਆ ਜਾਵੇ; ਦੂਜੇ, ਮਾਪੇ, ਸਕੂਲ-ਕਾਲਜ ਦੇ ਅਧਿਆਪਕ ਤਾਣ ਲਾ ਕੇ ਬੱਚਿਆਂ ਨੂੰ ਜਵਾਨੀ ਵਿੱਚ ਹੀ ਬੰਦਿਆਂ ਦੀ ਘਾੜਤ ਘੜ ਦੇਣ, ਤਾਂ ਕਿ ਸਮਾਜ ਵਿੱਚ ਨਿਰਮਲਤਾ ਆਵੇ, ਚੰਗਿਆਈ ਦਾ ਰਾਜ ਹੋਵੇ ਅਤੇ ਸਮਾਜ ਦਾ ਮੁਹਾਂਦਰਾ ਨਿੱਖਰ ਵੀ ਜਾਵੇ ਅਤੇ ਸੰਵਰ ਵੀ ਜਾਵੇ। ਧਰਮ ਸਥਾਨਾਂ ਦਾ ਕੰਮ ਉਹੀ ਸੰਭਾਲਣ, ਜਿਨ੍ਹਾਂ ਨੂੰ ਸਮਾਜਕ ਮਰਿਯਾਦਾ ਦੇ ਨਾਲ-ਨਾਲ ਰੂਹਾਨੀਅਤ ਦੀ ਸਾਰ ਵੀ ਹੋਵੇ। ਜਿਨ੍ਹਾਂ ਨੇ ਧਾਰਮਿਕ ਸਥਾਨਾਂ, ਡੇਰਿਆਂ ਅਤੇ ਆਸ਼ਰਮਾਂ ਵਿੱਚ ਗੰਦੇ ਕੰਮ ਕਰਨ ਲਈ ਆਉਣਾ ਹੋਵੇ, ਉਹ ਕੋਈ ਹੋਰ ਕੰਮ ਕਰਨ, ਉਪਦੇਸ਼ ਦੇਣ ਦਾ ਕੰਮ ਤਿਆਗ ਦੇਣ।

ਆਦਮੀ ਸੰਸਾਰ ਵਿੱਚ ਬਹੁਤੇ ਚਿਰ ਲਈ ਨਹੀਂ ਆਇਆ। ਧਰਤੀ ਦੇ ਮਹਿਮਾਨ ਨੂੰ ਆਪਣੀ ਫੇਰੀ ਦਾ ਮਕਸਦ ਸਮਝਣਾ ਚਾਹੀਦਾ ਹੈ, ਤਾਂ ਕਿ ਉਹ ਬੰਦਾ ਬਣ ਕੇ ਬੰਦਿਆਂ ਵਾਲੇ ਕੰਮ ਕਰੇ ਅਤੇ ਦੂਜਿਆਂ ਵਾਸਤੇ ਉਤਸ਼ਾਹੀ ਅਤੇ ਚੰਗੀ ਪ੍ਰੇਰਨਾ ਬਣੇ, ਤਾਂ ਕਿ ਇੱਕ ਦੂਜੇ ਨੂੰ ਦੇਖ ਕੇ ਹਰ ਕੋਈ ਚੰਗਾ, ਉੱਤਮ, ਨਿਰਮਲ ਬਣਨ ਦਾ ਕੇਵਲ ਜਤਨ ਨਾ ਕਰੇ, ਸਗੋਂ ਬੰਦਾ ਬਣ ਹੀ ਜਾਵੇ।

ਅਜਿਹਾ ਬਣਨ ਲਈ ਬੰਦੇ ਨੂੰ ਨਸ਼ਿਆਂ ਅਤੇ ਮਾੜੇ ਕੰਮਾਂ ਤੋਂ ਦੂਰ ਰਹਿਣਾ ਪਵੇਗਾ। ਸਰਕਾਰਾਂ ਅਤੇ ਰਾਜਸੀ ਨੇਤਾਵਾਂ ਨੂੰ ਝੂਠ ਬਿਲਕੁੱਲ ਨਹੀਂ ਬੋਲਣਾ ਚਾਹੀਦਾ, ਨਾ ਹੀ ਉਹ ਲਾਰਿਆਂ ਨਾਲ ਬੁੱਤਾ ਸਾਰਨ ਦੀ ਰਾਜਨੀਤੀ ਕਰਨ। ਉਹ ਉਹੀ ਵਾਅਦੇ ਕਰਨ, ਜਿਹੜੇ ਪੂਰੇ ਕਰ ਸਕਦੇ ਹੋਣ, ਉਹ ਕੰਮ ਕਰਨ, ਜਿਹੜੇ ਨੇਪਰੇ ਚਾੜ੍ਹ ਸਕਣ, ਤਾਂ ਹੀ ਉਹ ਦੂਜਿਆਂ ਲਈ ਰਾਹ-ਦਸੇਰਾ ਬਣਨ ਦੇ ਯੋਗ ਹੋ ਸਕਣਗੇ। ਬੰਦੇ ਨੂੰ ਸਿੱਧਾ ਸੰਬੋਧਨ ਹੀ ਹੋ ਲਈਏ :

ਬੰਦਿਆ ਜੇ ਤੂੰ ਬੰਦਾ ਬਣਨਾ,
ਚੰਗੇ ਕੰਮ ਤੂੰ ਕਰ ਲੈ।
ਦੂਰ ਭੱਜਣ ਦੀ ਲੋੜ ਨਾ ਤੈਨੂੰ,
ਆਪਣੇ ਈ ਦਿਲ ਤੋਂ ਬਰ ਲੈ।
ਚੋਰੀ ਦੇ ਵਿੱਚ ਡੁੱਬਣ ਨਾਲੋਂ,
ਸੱਚ ਦਾ ਸਾਗਰ ਤਰ ਲੈ।

ਬੰਦਿਆ ਜੇ ਤੂੰ ਬਣ ਜਾਏਂ ਬੰਦਾ
ਸਭ ਕੁਝ ਹੋ ਜਾਊ ਚੰਗਾ ਚੰਗਾ
ਨਸ਼ੇ-ਨੁਸ਼ੇ ਸਭ ਦੌੜ ਜਾਣਗੇ
ਦੇਸ਼ ਬਣ ਜਾਊ ਵਗਦੀ ਗੰਗਾ
ਬਣੇਗਾ ਨਿੱਘਾ ਭਾਈਚਾਰਾ
ਖ਼ਤਮ ਹੋ ਜਾਊ ਹਰ ਇੱਕ ਪੰਗਾ
ਮਿਟ ਜਾਣਗੇ ਝਗੜੇ-ਝੇੜੇ
ਕਿਤੇ ਨਾ ਹੋਊ ਹਿੰਸਕ ਦੰਗਾ।
ਨਸ਼ਿਆਂ ਬਾਰੇ ਰੌਲਾ-ਰੱਪਾ

ਨਸ਼ਿਆਂ ਬਾਰੇ ਜਿੰਨਾ ਰੌਲਾ-ਰੱਪਾ ਹੁਣ ਪੈ ਰਿਹਾ ਹੈ, ਸ਼ਾਇਦ ਪਹਿਲਾਂ ਕਦੇ ਏਨਾ ਨਹੀਂ ਪਿਆ। ਮਸਲਾ ਤਾਂ ਇਹ ਗੰਭੀਰ ਹੈ, ਕਿਉਂਕਿ ਇਨ੍ਹਾਂ ਨਸ਼ਿਆਂ ਨਾਲ ਸੌਰਦਾ ਕੁਝ ਨਹੀਂ, ਵਿਗੜਦਾ ਹੀ ਵਿਗੜਦਾ। ਨਸ਼ਿਆਂ 'ਤੇ ਜੇ ਕਾਬੂ ਪਾਉਣਾ ਹੋਵੇ ਤਾਂ ਸਰਕਾਰਾਂ ਤੁਰਤ ਹੀ ਪਾ ਸਕਦੀਆਂ ਹਨ, ਕਿਉਂਕਿ ਉਨ੍ਹਾਂ ਕੋਲ ਸਾਧਨ ਵੀ ਹਨ ਅਤੇ ਤਾਕਤ ਵੀ, ਪਰ ਜੇ ਸਰਕਾਰਾਂ ਨੇ ਆਰਥਿਕ ਤੌਰ 'ਤੇ ਨਸ਼ਿਆਂ ਦੀ ਵਿੱਕਰੀ 'ਤੇ ਨਿਰਭਰ ਰਹਿਣ ਨੂੰ ਤਰਜੀਹ ਦੇਣੀ ਹੈ ਤਾਂ ਨਸ਼ੇ ਕਦੇ ਬੰਦ ਨਹੀਂ ਹੋ ਸਕਦੇ। ਪੰਜਾਬ ਦੇ ਮੁੱਖ ਮੰਤਰੀ ਨੇ ਰਾਜ 'ਚੋਂ ਨਸ਼ੇ ਖ਼ਤਮ ਕਰਨ ਲਈ ਸਹੁੰ ਖਾਧੀ ਸੀ, ਜਿਸ ਕਾਰਨ ਹੁਣ ਉਨ੍ਹਾ ਨੂੰ ਇਹ ਪੂਰੀ ਕਰਨੀ ਚਾਹੀਦੀ ਹੈ, ਨਸ਼ੇ ਖ਼ਤਮ ਹੋ ਜਾਣਗੇ।

**ਲਤੀਫ਼ੇ ਦਾ ਚਿਹਰਾ-ਮੋਹਰਾ**

ਪਤਨੀ : ਐਹ ਗੁਆਂਢੀ ਵੱਲ ਖੁੱਲ੍ਹਦੀਆਂ ਤਾਕੀਆਂ ਵਿੱਚ ਪਰਦੇ ਲਗਾ ਦਿਉ। ਉਹ ਸਾਰਾ ਦਿਨ ਮੈਨੂੰ ਦੇਖਦਾ ਰਹਿੰਦਾ।

ਪਤੀ : ਇੱਕ ਦਿਨ ਬਿਨਾਂ ਮੇਕਅੱਪ ਤਾਕੀ ਵਿੱਚ ਓਧਰ ਨੂੰ ਮੂੰਹ ਕਰ ਕੇ ਖੜ ਜਾਣਾ, ਉਹ ਆਪਣੀਆਂ ਤਾਕੀਆਂ 'ਚ ਆਪੇ ਪਰਦੇ ਲਾ ਲਵੇਗਾ।

# ਨਸ਼ਿਆਂ ਦੇ ਭੱਠ ਵਿੱਚ ਵਹਿ ਤੁਰਿਆ ਪੰਜਾਬ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਪੰਜਾਬ ਦੀ ਜੁਆਨੀ ਨਸ਼ਿਆਂ ਦੇ ਦਰਿਆ ਦੇ ਵਹਿਣ ਵਿੱਚ ਰੁੜ੍ਹਦੀ ਨਜ਼ਰ ਆਉਂਦੀ ਹੈ।ਇਸ ਵਹਿਣ ਵਿੱਚ ਡੁੱਬੇ ਨੌਜਵਾਨਾਂ ਨੂੰ ਕੋਈ ਕਿਨਾਰਾ ਨਜ਼ਰ ਆਉਂਦਾ ਨਹੀਂ ਲਗਦਾ।ਆਏ ਦਿਨ ਚਿੱਟੇ ਦੀ ਓਵਰਡੋਜ ਨਾਲ ਉੱਜੜੇ ਪਰਿਵਾਰ ਦੀ ਖਬਰ ਨਾਲ ਦਿਲ ਟੁੱਟ ਜਾਂਦਾ ਹੈਨਸ਼ਾ ਵੀ ਉਹ ਜਿਸ ਨਾਲ ਹਾਥੀ ਨੂੰ ਬਦਹੋਸ਼ ਕੀਤਾ ਜਾਂਦਾ ਹੈ। ਇਸ ਮਹੀਨੇ 25 ਹੱਸਦੇ ਵੱਸਦੇ ਘਰਾਂ ਦੇ ਚਿਰਾਗ ਬੁਝਣ ਦੀ ਖਬਰ ਹੈ, ਜੋ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ।ਰਿਪੋਰਟਾਂ ਚ ਉੱਜੜੇ ਘਰਾਂ ਦੀਆਂ ਚੀਕਾਂ ਅਤੇ ਦਰਦ ਦੇ ਬੋਲਾਂ ਦੇ ਹਵਾਲੇ ਦਿਲ ਦਿਹਲਾਉਂਦੇ ਹਨ।ਨਸ਼ਿਆਂ ਦੇ ਭੱਠ 'ਚ ਵਹਿ ਤੁਰੇ ਪੰਜਾਬ ਤੋਂ ਹੁਣ ਦਰਦ ਅਸਹਿ ਹੋ ਗਿਆ ਹੈ।

ਜਦੋਂ ਨੌਜਵਾਨ ਘਰੋਂ ਬਾਹਰ ਜਾਣ ਦੀ ਗੱਲ ਕਰਦਾ ਹੈ ਤਾਂ ਮਾਪਿਆਂ ਦੇ ਦਿਲ ਨੂੰ ਚੀਸ ਪੈ ਜਾਂਦੀ ਹੈ।ਉਹ ਅੰਦਰੋਂ ਅੰਦਰੀਂ ਝੁਰਦੇ ਹਨ।ਬੱਚਿਆਂ ਦੇ ਖੇਡਣ ਮੱਲਣ ਦੀ ਉਮਰ 'ਚ ਨਸ਼ੇ ਦੇ ਡਰੋਂ ਉਹਨਾਂ ਉੱਤੇ ਲਾਈਆਂ ਪਾਬੰਦੀਆਂ ਉਹਨਾਂ ਦਾ ਮਾਪਿਆਂ ਪ੍ਰਤੀ ਨਜ਼ਰੀਆ ਹੀਣਤਾ ਭਰਿਆ ਬਣਾ ਦਿੰਦੀਆਂ ਹਨ।

ਸਰਕਾਰਾਂ, ਪੁਲਿਸ ਅਤੇ ਸੂਹੀਏ ਵਿਭਾਗ ਪੜਤਾਲ ਦੀ ਆੜ੍ਹ ਹੇਠ ਪੰਜਾਬ ਦੀ ਜੁਆਨੀ ਨੂੰ ਨਸ਼ਿਆਂ ਦੀ ਭੱਠ ਵਿੱਚ ਤੋਂ ਅਸਮਰੱਥ ਨਜ਼ਰ ਆਉਂਦੀਆਂ ਹਨ।ਕਦੋਂ ਤੱਕ ਅਸੀਂ ਇਨਸਾਨੀਅਤ ਨੂੰ ਮਾਰ ਕੇ ਆਪਣੇ ਸੂਬੇ ਦਾ ਘਾਣ ਕਰਦੇ ਰਹਾਂਗੇ। ਪੰਜਾਬ ਚ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦੀਆਂ ਟਾਹਰਾਂ ਮਾਰਨ ਵਾਲੀ ਪੰਥਕ ਸਰਕਾਰ ਨੇ ਵੀ ਨੌਜਵਾਨੀ ਨੂੰ ਬਚਾਉਣ ਲਈ ਕੋਈ ਅਹਿਦ ਨਹੀਂ ਕੀਤਾ ਸੀ।ਨਸ਼ਿਆਂ ਦਾ ਜਿਆਦਾ ਪਸਾਰ ਪਿਛਲੇ 10-12 ਸਾਲ ਤੋਂ ਜਿਆਦਾ ਹੋਇਆ ਹੈ।ਕੋਈ ਵੀ ਸਰਕਾਰ ਨਸ਼ਿਆਂ ਦੇ ਫੈਲਾਅ ਵਿੱਚ ਸਮੂਲੀਅਤ ਤੋਂ ਮੁਨਕਰ ਨਹੀਂ ਹੋ ਸਕਦੀ। ਰਾਜਨੀਤੀਵਾਨ ਦੂਜਿਆਂ ਦੇ ਸਿਰ ਦੋਸ਼ ਮੜ੍ਹ ਕੇ ਆਪਣੇ ਆਪ ਨੂੰ ਨਿਰਦੋਸ਼ ਸਾਬਿਤ ਨਹੀਂ ਕਰ ਸਕਦੇ।

ਕਿਸੇ ਵੇਲੇ ਮਾਰਸ਼ਲ ਕੌਮ ਵਜੋਂ ਜਾਣੇ ਜਾਂਦੇ, ਅਹਿਮਦ ਸ਼ਾਹ ਅਬਦਾਲੀ, ਦੂਰਾਨੀ ਵਰਗੇ ਧਾੜਵੀਆਂ ਨੂੰ ਮੂੰਹ ਖੁਆਉਣ ਵਾਲੇ ਪੰਜਾਬੀ ਅੱਜ ਢਾਈ ਇੰਚ ਸਰਿੰਜ ਅੱਗੇ ਢਹਿ ਢੇਰੀ ਹੋ ਰਹੇ ਹਨ।ਸਰਕਾਰਾਂ ਰਾਜਨੀਤੀ ਦੀ ਗੰਦੀ ਖੇਡ ਖੇਡਦੀਆਂ ਮਾਇਆ ਚ ਅੰਨ੍ਹੀਆਂ ਆਮ ਲੋਕਾਂ ਦੀਆਂ ਸਮੱਸਿਆਵਾਂ ਤੋਂ ਬੇਫਿਕਰ ਆਪਣੀ ਮਸਤੀ ਚ ਮਸ਼ਰੂਫ ਕੁੱਝ ਸਾਰਥਿਕ ਕਦਮ ਚੁੱਕਣ ਦੀ ਬਜਾਏ ਬੱਸ ਇੱਕ ਦੂਜੇ ਨੂੰ ਭੰਡਣ ਤੱਕ ਸੀਮਤ ਹਨ।ਲਾਲਚ ਅਤੇ ਸੱਤਾ ਦੇ ਨਸ਼ੇ ਚ ਗੜੁੱਚ ਸਿਆਸੀ ਗਲਿਆਰੇ ਸਮੱਸਿਆ ਨੂੰ ਸੁਲਝਾਉਣ ਲਈ ਰਾਇ ਦੇਣ ਥਾਂ ਸਿਆਸੀ ਰੰਗਤ ਦੇਕੇ ਆਪਣੀ ਬੇਇੱਜ਼ਤੀ ਛੁਪਾਉਣ ਲਈ ਸੰਬੰਧਿਤ ਦੋਸ਼ੀਆਂ ਨੂੰ ਬਚਾਉਣ ਲਈ ਅਹਿਦ ਕਰਦੇ ਹਨ । ਉਹ ਆਮ ਜਨਤਾ ਦੀ ਭਲਾਈ ਲਈ ਚੁੱਕੇ ਕਦਮਾਂ ਦੀ ਪ੍ਰੋੜ੍ਹਤਾ ਅਤੇ ਸਹਿਯੋਗ ਕਰਨ ਦੀ ਬਜਾਇ ਵਿਰੋਧੀ ਰੁਖ ਅਪਣਾਉਂਦੇ ਹਨ। ਫੌਤ ਹੋ ਚੁੱਕੇ ਨੌਜਵਾਨਾਂ ਦੇ ਘਰਾਂ ਚ ਵਿਛੇ ਸੱਥਰ ਕੀ ਸਿਆਸੀ ਗਲਿਆਰਿਆਂ ਦੇ ਦਿਲਾਂ ਚ ਧੂਹ ਨਹੀਂ ਪਾਉਂਦੇ।ਲੀਡਰਾਂ ਨੂੰ ਅੰਦਰੋਂ ਨਹੀਂ ਝੰਜੋੜਦੇ।ਕੀ ਉਹ ਉਦੋਂ ਤਕ ਉਡੀਕ ਕਰਨਗੇ ਜਦੋਂ ਤਕ ਸੇਕ ਉਹਨਾਂ ਦੇ ਘਰਾਂ ਤਕ ਨਹੀਂ ਪਹੁੰਚਦਾ।ਉੱਠੋ ਜਾਗੋ, ਵੋਟ ਬੈਂਕ ਤੋਂ ਉੱਪਰ ਉੱਠੋ ਤੇ ਪੰਜਾਬ ਨੂੰ ਬਚਾਉਣ ਲਈ ਗੈਰਤ ਨੂੰ ਹਲੂੰਣਾ ਦਿਉ।ਕੀ ਕਹਿੰਦੀ ਹੋਵੇਗੀ ਉਸ ਗਰੀਬ ਮਾਂ ਜਿਸਦਾ ਨੌਜਵਾਨ ਪੁੱਤ ਉਹਦੀਆਂ ਬਾਹਾਂ ਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਤੇ ਮਾਂ ਨੇ ਸਿਰ ਲਾਹ ਕੇ ਪਾਟੀ ਚੁੰਨੀ ਉਸ ਉੱਤੇ ਕੱਫਣ ਪਾਕੇ ਦਰਦਨਾਕ ਆਵਾਜ਼ 'ਚ ਕਿਹਾ,"ਲੈ ਪੁੱਤ ਤੇਰੇ ਲਈ ਮਾਂ ਬਸ ਇਤਨਾ ਹੀ ਕਰ ਸਕੀ ਹੈ।"

ਮੌਕੇ ਦੀਆਂ ਸਰਕਾਰਾਂ ਨੂੰ ਪੰਜਾਬ ਦੀ ਖਤਮ ਹੋ ਰਹੀ ਜੁਆਨੀ ਨੂੰ ਬਚਾਉਣ ਲਈ ਰਾਜਨੀਤੀ ਤੋਂ ਉੱਪਰ ਉੱਠ ਕੇ ਸਖਤ ਕਦਮ ਉਠਾਉਣੇ ਚਾਹੀਦੇ ਹਨ। ਵਿਰੋਧੀ ਰਾਜਨੀਤਕ ਪਾਰਟੀਆਂ ਨੂੰ ਵੀ ਇਸ ਮੁਹਿੰਮ ਚ ਸਹਿਯੋਗ ਕਰਨਾ ਚਾਹੀਦਾ ਹੈ।ਨਸ਼ਿਆਂ ਚ ਸਮੂਲੀਅਤ ਹੋਣ ਤੇ ਵਿਆਕਤੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਚਾਹੇ ਉਹ ਰਾਜਨੀਤਕ, ਸਰਕਾਰੀ ਅਧਿਕਾਰੀ ਜਾਂ ਸਤਿਕਾਰਤ ਹਸਤੀ ਹੀ ਕਿਉਂ ਨਾ ਹੋਵੇ।ਆਓ ਨਸ਼ਾ ਵਿਰੋਧੀ ਹਫਤੇ ਦਾ ਪੁਰਜੋਰ ਸਮੱਰਥਨ ਕਰੀਏ।

## ਗੀਤਕਾਰ ਪ੍ਰੀਤ ਸੰਘਰੇੜੀ

# "ਲੋਕ ਸਿਆਣੇ ਆਖਦੇ, ਮਿਲੇ ਬਾਗਾਂ 'ਚੋ ਖੁਸ਼ਬੋ, ਨਹੀਂ ਲਿਖਦਾ ਕੋਈ ਉਸਦੇ ਵਰਗਾ, ਜੋ ਲਿਖ ਦਿੰਦਾ ਉਹ"



ਮੁਹੰਮਦ ਬਸ਼ੀਰ
91-94171-58300

ਮਾਲਵੇ ਦੀ ਧਰਤੀ ਹਮੇਸ਼ਾ ਹੀ ਕਿਸੇ ਨਾ ਕਿਸੇ ਕਲਾਕਾਰ, ਗੀਤਕਾਰ ਆਦਿ ਰਾਹੀਂ ਚਰਚਾ ਦਾ ਵਿਸ਼ਾ ਬਣਦੀ ਰਹੀ ਹੈ। ਅਨੇਕਾਂ ਕਲਾਕਾਰਾਂ, ਗੀਤਕਾਰਾਂ ਨੇ ਇਸ ਧਰਤੀ ਤੇ ਜਨਮ ਲੈ ਕੇ ਆਪਣੀ ਕਲਾ ਦੇ ਬਲਬੂਤੇ ਇਸ ਧਰਤੀ ਦਾ ਨਾਂ ਦੇਸ਼ਾਂ-ਵਿਦੇਸ਼ਾਂ ਵਿੱਚ ਚਮਕਾਇਆ ਹੈ। ਅਜਿਹੇ ਕਲਾਕਾਰ ਨੇ ਆਪਣੀ ਬਹੁਪੱਖੀ ਕਲਾ ਅਤੇ ਸਖਸ਼ੀਅਤ ਦੇ ਦਮ ਤੇ ਦੇਸ਼ਾਂ-ਵਿਦੇਸ਼ਾਂ ਵਿੱਚ ਬਹੁਤ ਨਾਮ ਖੱਟਿਆ ਹੈ ਅਤੇ ਨਾਲ ਨਾਲ ਆਪਣੇ ਮਾਪਿਆਂ ਅਤੇ ਇਲਾਕੇ ਦਾ ਵੀ ਨਾਮ ਰੌਸ਼ਨ ਕੀਤਾ ਹੈ। ਅੱਜ ਮੈਂ ਇੱਕ ਅਜਿਹੇ ਗੀਤਕਾਰ ਦੀ ਜ਼ਿੰਦਗੀ ਬਾਰੇ ਤੁਹਾਨੂੰ ਦੱਸਣ ਜਾ ਰਿਹਾ ਹਾਂ ਜੋ ਕਿ ਬਿਨ੍ਹਾਂ ਸ਼ੱਕ ਹੁਣ ਤੱਕ ਦਾ ਸਭ ਤੋਂ ਵੱਧ ਪੜ੍ਹਿਆ ਲਿਖਿਆ ਗੀਤਕਾਰ ਹੋਵੇਗਾ। ਜੋ ਕਿ ਆਪਣੀ ਛੋਟੀ ਉਮਰ ਵਿੱਚ ਹੀ ਗੀਤਕਾਰੀ ਨੂੰ ਆਪਣਾ ਕਿੱਤਾ ਬਣਾ ਕੇ ਗੀਤਕਾਰੀ ਦੇ ਖੇਤਰ ਵਿੱਚ ਨਵੇਂ ਆਯਾਮ ਸਥਾਪਤ ਕਰ ਚੁੱਕਾ ਹੈ। ਨਵੇਂ-ਨਵੇਂ ਸ਼ਬਦਾਂ ਨੂੰ ਘੜ੍ਹਨ ਦੀ ਤਪੱਸਿਆ ਕਰਦੇ ਹੋਏ ਨਿਵੇਕਲੇ ਸ਼ਬਦਾਂ ਦੀ ਬਦੌਲਤ ਚੰਗੇ ਸੱਭਿਆਚਾਰਕ ਗੀਤਾਂ ਦੀ ਰਚਨਾ ਕਰਨ ਵਿੱਚ ਬਾਖੂਬੀ ਸਫਲ ਰਿਹਾ ਹੈ। ਪ੍ਰੀਤ ਸੰਘਰੇੜੀ ਨੂੰ ਗੀਤ ਲਿਖਣ ਦਾ ਸ਼ੌਕ ਦਸਵੀਂ ਜਮਾਤ ਵਿੱਚ ਹੀ ਪੈ ਗਿਆ ਸੀ ਜਦੋਂ ਉਹ ਸ਼ਬਦਾ ਨੂੰ ਜੋੜ ਕੇ ਛੋਟੇ-ਛੋਟੇ ਮੁਖੜ੍ਹੇ ਬਣਾਇਆ ਕਰਦਾ ਸੀ ਤੇ ਇਸ ਤਰ੍ਹਾਂ ਉਹ ਇਨ੍ਹਾਂ ਮੁਖੜਿਆਂ ਨੂੰ ਇੱਕ ਗੀਤ ਦਾ ਰੂਪ ਦੇ ਦਿੰਦਾ ਸੀ। ਆਰੰਭ ਦੇ ਦਿਨਾਂ ਵਿੱਚ ਸੰਘਰਸ਼ ਕਰਦੇ ਸਮੇਂ ਇਸ ਗੀਤਕਾਰ ਨੇ ਜਨੂੰਨ ਦੀ ਹੱਦ ਤੱਕ ਜਾ ਕੇ ਮਿਹਨਤ ਕੀਤੀ ਅਤੇ ਕਈ ਉਸ ਸਮੇਂ ਦੇ ਨਾਮਵਰ ਕਲਾਕਾਰਾ ਤੱਕ ਪਹੁੰਚ ਕੀਤੀ। ਇਸਦੀ ਅਣਥੱਕ ਕੋਸ਼ਿਸ਼, ਮਿਹਨਤ ਅਤੇ ਪਰਮਾਤਮਾ ਦੀ ਮੇਹਰ ਸਦਕਾ ਪ੍ਰੀਤ ਸੰਘਰੇੜੀ ਥੋੜੇ ਸਮੇਂ ਵਿੱਚ ਹੀ ਔਕੜਾਂ ਨੂੰ ਪਿਛਾਂਹ ਧੱਕਦੇ ਹੋਏ ਆਪਣੀਆਂ ਮੰਜ਼ਿਲਾਂ ਨੂੰ ਸਰ ਕਰਨ ਵਿੱਚ ਕਾਫੀ ਹੱਦ ਤੱਕ ਸਫਲ ਹੋ ਗਿਆ ਹੈ। ਅੱਜ ਕੱਲ ਇਹ ਨਾਮਵਾਰ ਗੀਤਕਾਰ ਪੰਜਾਬ ਦੀ ਮਿਊਜਿਕ ਇੰਡਸਟਰੀ ਵਿੱਚ ਆਪਣੀ ਨਿਵੇਕਲੀ ਥਾਂ ਬਣਾ ਚੁੱਕਾ ਹੈ। ਪੰਜਾਬੀ ਸੰਗੀਤ ਅਤੇ ਪੰਜਾਬੀਅਤ ਲਈ ਇਹ ਇੱਕ ਚੰਗੀ ਉਮੀਦ ਹੈ ਕਿ ਅੱਜ ਕੱਲ੍ਹ ਦੇ ਜ਼ਿਆਦਾ ਗੀਤਕਾਰ ਕਲਾ ਦੇ ਨਾਲ ਨਾਲ ਪੜ੍ਹਾਈ ਦੇ ਖੇਤਰ ਵਿੱਚ ਵੀ ਮੱਲਾਂ ਮਾਰ ਰਹੇ ਹਨ। ਜੀ ਹਾਂ ਅਸੀਂ ਗੱਲ ਕਰ ਰਹੇ ਹਾਂ "ਲਵਲੀ ਵਰਸਿਜ਼ ਪੀ ਯੂ" ਨਾਲ ਪ੍ਰਸਿੱਧੀ ਹਾਸਲ ਕਰਨ ਵਾਲੇ ਮਸ਼ਹੂਰ ਗੀਤਕਾਰ ਪ੍ਰੀਤ ਸੰਘਰੇੜੀ ਦੀ। ਪ੍ਰੀਤ ਸੰਘਰੇੜੀ ਦਾ ਜਨਮ ਪਿੰਡ ਸੰਘਰੇੜੀ ਜਿਲ੍ਹਾ ਸੰਗਰੂਰ ਵਿਖੇ ਪਿਤਾ ਸ. ਕਰਨੈਲ ਸਿੰਘ ਨੰਬਰਦਾਰ ਅਤੇ ਮਾਤਾ ਸਰਦਾਰਨੀ ਕਰਨੈਲ ਕੌਰ ਦੇ ਘਰ ਹੋਇਆ। ਪ੍ਰੀਤ ਨੂੰ ਬਚਪਨ ਤੋਂ ਹੀ ਗੀਤ ਲਿਖਣ ਦਾ ਸ਼ੌਕ ਸੀ। ਲਗਭਗ 10-12 ਸਾਲਾਂ ਦੇ ਲੰਮੇ ਸੰਘਰਸ਼ ਤੋਂ ਬਾਅਦ ਪ੍ਰੀਤ ਦਾ ਲਿਖਿਆ ਪਹਿਲਾ ਗੀਤ "ਸੱਜਣਾ ਨੇ ਹਾਂ ਕਰਤੀ" ਗਾਇਕਾ ਮੀਨੂੰ ਅਟਵਾਲ ਦੀ ਆਵਾਜ਼ ਵਿੱਚ ਸਾਲ 2008 ਵਿੱਚ ਰਿਕਾਰਡ ਹੋਇਆ। ਪ੍ਰੀਤ ਦੀ ਲਿਖੀ ਪਹਿਲੀ ਪੁਸਤਕ 'ਮੇਰੇ ਹਾਣੀ' ਵੀ ਇਸੇ ਸਾਲ ਰਿਲੀਜ਼ ਹੋਈ। ਇਸ ਤੋਂ ਬਾਅਦ 'ਮੇਰੇ ਪਿੰਡ ਦੀ ਫਿਰਨੀ ਤੋਂ, ਅੰਤਿਮ ਇੱਛਾ, ਮੋਹ ਦੀਆਂ ਤੰਦਾਂ, ਕਲਮਾਂ ਦੇ ਹਲ ਅਤੇ ਲੋਹ- ਪੁਰਸ਼ ਸਮੇਤ ਪ੍ਰੀਤ ਦੀਆਂ ਲਿਖੀਆਂ 6 ਪੁਸਤਕਾਂ ਹੁਣ ਤੱਕ ਬਜ਼ਾਰ ਵਿੱਚ ਆ ਚੁੱਕੀਆਂ ਹਨ। ਪ੍ਰੀਤ ਸੰਘਰੇੜੀ ਦੇ ਲਿਖੇ 45 ਦੇ ਕਰੀਬ ਗੀਤ ਰਿਕਾਰਡ ਹੋ ਚੁੱਕੇ ਹਨ। ਜਿਨ੍ਹਾਂ ਨੂੰ ਪੰਜਾਬੀ ਗਾਇਕ ਮਨਮੋਹਨ ਵਾਰਿਸ, ਕਮਲ ਹੀਰ, ਰਵਿੰਦਰ ਗਰੇਵਾਲ, ਲਖਵਿੰਦਰ ਵਡਾਲੀ, ਦੀਪ ਢਿੱਲੋਂ-ਜੈਸਮੀਨ ਜੱਸੀ, ਸ਼ੀਰਾ ਜਸਵੀਰ, ਮਿਸ ਪੂਜਾ, ਜੀ.ਐਸ. ਪੀਟਰ, ਸੁਦੇਸ਼ ਕੁਮਾਰੀ, ਗੋਲਡੀ ਬਾਵਾ, ਦੀਪ ਦਵਿੰਦਰ ਆਦਿ ਕਈ ਪ੍ਰਸਿੱਧ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਹੈ। ਰਵਿੰਦਰ ਗਰੇਵਾਲ ਦੇ ਸੁਪਰਹਿੱਟ ਗੀਤ "ਵੇ ਮੈਂ ਲਵਲੀ ਜੀ ਲਵਲੀ ਚ ਪੜ੍ਹਦੀ" ਅਤੇ ਦੀਪ ਢਿੱਲੋਂ ਦੁਆਰਾ ਗਾਏ "ਨੱਢੀਏ ਤੇਰੇ ਲਈ ਗੁੱਡ ਹੋਣ ਵਾਸਤੇ ਗੁੱਡੀਆਂ ਘਸਾਤੀਆਂ ਮੈਂ ਫੋਰਡ ਦੀਆਂ" ਵਰਗੇ ਗੀਤਾਂ ਨੇ ਪ੍ਰੀਤ ਨੂੰ ਨਾਮਵਾਰ ਗੀਤਕਾਰਾਂ ਦੀ ਕਤਾਰ ਵਿੱਚ ਲਿਆ ਖੜਾ ਕੀਤਾ ਹੈ। ਇਹਨਾਂ ਗੀਤਾਂ ਤੋਂ ਇਲਾਵਾ ਪ੍ਰੀਤ ਦੀ ਕਲਮ ਚੋਂ ਉਪਜੇ "ਕਦੇ ਮਾਂ ਯਾਦ ਆਉਂਦੀ" (ਲਖਵਿੰਦਰ ਵਡਾਲੀ), "ਮਾਣ ਸ਼ਹੀਦਾਂ ਤੇ" (ਮਨਮੋਹਣ ਵਾਰਿਸ), "ਕਲੱਬ ਵਿੱਚ" (ਕਮਲ ਹੀਰ), "ਬਦਨਾਮ" (ਸ਼ੀਰਾ ਜਸਵੀਰ), "ਮੈਂ ਨੰਗੇ ਪੈਰੀ ਨੱਚੀ" (ਮਿਸ ਪੂਜਾ), "ਤੇਰਾ ਮੋਹ" (ਜੀ.ਐਸ. ਪੀਟਰ), "ਕਦੇ ਭੁੱਲ ਕੇ ਨਾ ਰੋਈ" (ਸੁਦੇਸ਼ ਕੁਮਾਰੀ), "ਰੋਜ਼-ਰੋਜ਼ ਦੀ ਪੀਣੀ" (ਦੀਪ ਢਿੱਲੋਂ/ਜੈਸਮੀਨ ਜੱਸੀ) ਆਦਿ ਦਰਜਨਾਂ ਗੀਤ ਲੋਕਾਂ ਮਨਾਂ ਵਿਚ ਘਰ ਕਰੀ ਬੈਠੇ ਹਨ।



ਸਭ ਤੋਂ ਵੱਡੀ ਗੱਲ ਹੈ ਕਿ ਪ੍ਰੀਤ ਸੰਘਰੇੜੀ ਬਹੁਤ ਸਾਰੇ ਪੜ੍ਹੇ ਲਿਖੇ ਗੀਤਕਾਰਾਂ ਵਿੱਚੋਂ ਇੱਕ ਹੈ। ਪ੍ਰੀਤ ਨੇ ਹੁਣ ਤੱਕ ਐਮ.ਏ. ਹਿੰਦੀ ਤੇ ਐਮ.ਏ. ਪੰਜਾਬੀ ਦੀ ਡਿਗਰੀ ਤੋਂ ਇਲਾਵਾ ਬੀ.ਐਡ., ਡੀ.ਸੀ.ਏ. ਕੰਪਿਊਟਰ, ਪੀ.ਜੀ.ਡੀ.ਸੀ.ਏ., ਐਮ.ਐਸ.ਸੀ. (ਆਈ.ਟੀ.), ਐਮ.ਸੀ.ਏ., ਐਮ.ਫਿਲ ਤੱਕ ਪੜ੍ਹਾਈ ਕੀਤੀ ਹੈ। ਇਸ ਸਮੇਂ ਪ੍ਰੀਤ ਸੰਘਰੇੜੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਪੀ.ਐਚ.ਡੀ. ਕਰ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਜਿੱਥੇ ਪੰਜਾਬ ਦੇ ਨਾਮੀ ਫ਼ਨਕਾਰ ਪ੍ਰੀਤ ਦੀ ਕਲਮ ਨੂੰ ਆਪਣੀ ਆਵਾਜ਼ ਦੇਣਗੇ ਉਥੇ ਹੀ ਪ੍ਰੀਤ ਸੰਘਰੇੜੀ ਇੱਕ ਨਵੇਂ ਪੰਜਾਬੀ ਗਾਇਕ 'ਹੈਪੀ ਪੁੰਨਾਵਾਲ' ਨੂੰ ਵੱਡੇ ਪੱਧਰ ਤੇ ਪੇਸ਼ ਕਰਨ ਜਾ ਰਹੇ ਹਨ। ਧਿਆਨ ਰਹੇ ਕਿ ਹੈਪੀ ਪੁੰਨਾਵਾਲ ਇੱਕ ਪ੍ਰਤਿਭਾਸ਼ਾਲੀ ਸ਼ਖਸੀਅਤ ਹੈ ਜਿਸ ਨੇ ਪ੍ਰੀਤ ਸੰਘਰੇੜੀ ਦੇ ਸੰਘਰਸ਼ ਦੇ ਦਿਨਾਂ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਹਮੇਸ਼ਾ ਸਾਥ ਦਿੱਤਾ ਤੇ ਆਪਣਾ ਰਿਆਜ਼ ਜਾਰੀ ਰੱਖਿਆ। ਅੱਜ ਇਸ ਸ਼ਖਸੀਅਤ ਨੂੰ ਪੰਜਾਬੀ ਦਰਸ਼ਕਾਂ ਦੇ ਅੱਗੇ ਪੇਸ਼ ਕਰਨ ਦੀ ਜ਼ਿੰਮੇਵਾਰੀ ਵੀ ਵੱਡੇ ਪੱਧਰ ਤੇ ਪ੍ਰੀਤ ਸੰਘਰੇੜੀ ਨੇ ਆਪਣੀ ਪ੍ਰੋਡਕਸ਼ਨ ਤਹਿਤ ਲਈ ਹੈ। ਹੈਪੀ ਪੁੰਨਾਵਾਲ ਜਿੱਥੇ ਇੱਕ ਚੰਗਾ ਗਾਇਕ ਹੈ ਉੱਥੇ ਇਕ ਚੰਗਾ ਲਿਖਾਰੀ ਵੀ ਹੈ। ਪ੍ਰੀਤ ਸੰਘਰੇੜੀ ਇਕ ਪੰਜਾਬੀ ਫ਼ਿਲਮ ਲੈ ਕੇ ਵੀ ਆ ਰਿਹਾ ਹੈ ਜਿਸਦੀ ਕਹਾਣੀ ਅਤੇ ਗੀਤ ਵੀ ਉਸ ਦੁਆਰਾ ਹੀ ਲਿਖੇ ਗਏ ਹਨ। ਪਰਮਾਤਮਾ ਹਮੇਸ਼ਾ ਪ੍ਰੀਤ ਸੰਘਰੇੜੀ ਨੂੰ ਚੜਦੀ ਕਲਾ 'ਚ ਰੱਖੇ ਤੇ ਉਹ ਆਪਣੀਆਂ ਮੰਜਿਲਾਂ ਵੱਲ ਲਗਾਤਾਰ ਵੱਧਦਾ ਰਹੇ।

# 7 ਮਹਾਨ ਫੁੱਟਬਾਲ ਖਿਡਾਰੀ ਜੋ ਵਿਸ਼ਵ ਕੱਪ ਨਾ ਜਿੱਤ ਸਕੇ

ਰੂਸ ਵਿੱਚ ਚੱਲ ਰਹੇ ਫੁੱਟਬਾਲ ਵਿਸ਼ਵ-ਕੱਪ 2018 ਨੂੰ ਹੈਰਾਨਕੁਨ ਨਤੀਜਿਆਂ ਵਾਲਾ ਵਿਸ਼ਵ ਕੱਪ ਕਿਹਾ ਜਾਵੇ ਤਾਂ ਸ਼ਾਇਦ ਗਲਤ ਨਹੀਂ ਹੋਵੇਗਾ। ਵਿਸ਼ਵ ਕੱਪ ਦੇ ਪਹਿਲੇ ਦੌਰ ਵਿੱਚ ਜਿੱਥੇ ਮੌਜੂਦਾ ਚੈਂਪੀਅਨ ਜਰਮਨੀ ਬਾਹਰ ਹੋਇਆ ਤਾਂ ਨਾਕਆਊਟ ਗੇੜ ਸ਼ੁਰੂ ਹੁੰਦਿਆਂ ਹੀ ਅਰਜਨਟੀਨਾ, ਪੁਰਤਗਾਲ, ਸਪੇਨ ਵਰਗੀਆਂ ਟੀਮਾਂ ਦੀ ਘਰ ਵਾਪਸੀ ਹੋ ਗਈ। ਕੁਆਟਰ ਫਾਇਨਲ ਵਿੱਚ ਬ੍ਰਾਜ਼ੀਲ ਵਰਗੀ ਟੀਮ ਵੀ ਹਾਰ ਦਾ ਮੂੰਹ ਵੇਖ ਕੇ ਘਰ ਪਰਤ ਗਈ।

ਇਸ ਦੇ ਨਾਲ ਹੀ ਇਨ੍ਹਾਂ ਟੀਮਾਂ ਨਾਲ ਜੁੜੇ ਕਈ ਵੱਡੇ ਸਿਤਾਰਿਆਂ ਦਾ ਵਿਸ਼ਵ ਕੱਪ ਜਿੱਤਣ ਦਾ ਸੁਫ਼ਨਾ ਵੀ ਅਧੂਰਾ ਹੀ ਰਹਿ ਗਿਆ। ਅੱਜ ਤੱਕ ਲਿਓਨਲ ਮੇਸੀ ਅਤੇ ਕ੍ਰਿਸਟੀਆਨੋ ਰੋਨਾਲਡੋ ਆਪਣੇ ਹੱਥਾਂ ਵਿੱਚ ਵਿਸ਼ਵ ਕੱਪ ਟਰਾਫੀ ਨਹੀਂ ਲੈ ਸਕੇ ਹਨ।

### ਚਾਰ ਵਿਸ਼ਵ ਕੱਪ ਫਿਰ ਰਹੇ ਮਹਿਰੂਮ

ਇਨ੍ਹਾਂ ਦੋਵਾਂ ਖਿਡਾਰੀਆਂ ਨੇ ਚਾਰ ਵਿਸ਼ਵ ਕੱਪ ਖੇਡੇ ਹਨ ਪਰ ਦੋਵੇਂ ਖਿਡਾਰੀ ਪਿਛਲੇ 16 ਰਾਊਂਡ ਵਿੱਚ ਗੋਲ ਕਰਨ ਵਿੱਚ ਨਾਕਾਮਯਾਬ ਰਹੇ ਹਨ।

ਜੇ ਇਹ ਦੋਵੇਂ ਖਿਡਾਰੀ ਚਾਰ ਸਾਲ ਬਾਅਦ 2022 ਵਿੱਚ ਕਤਰ ਵਿੱਚ ਹੋਣ ਵਾਲੇ ਵਿਸ਼ਵ ਕੱਪ ਤੱਕ ਖੇਡਦੇ ਰਹੇ ਤਾਂ 31 ਸਾਲਾ ਮੇਸੀ ਅਤੇ 33 ਸਾਲਾ ਰੋਨਾਲਡੋ ਆਪਣੀ ਕਿਸਮਤ ਅਜ਼ਮਾਉਣ ਦੀ ਕੋਸ਼ਿਸ਼ ਜ਼ਰੂਰ ਕਰਨਗੇ।

ਹਾਲਾਂਕਿ ਜਿਸ ਤਰ੍ਹਾਂ ਫੁੱਟਬਾਲ ਦਾ ਖੇਡ ਤੇਜ਼ੀ ਨਾਲ ਬਦਲ ਰਿਹਾ ਹੈ ਉਸ ਤੋਂ ਲਗਦਾ ਨਹੀਂ ਕਿ ਇਹਨਾਂ ਦੋਵਾਂ ਖਿਡਾਰੀਆਂ ਦੀ ਇੱਛਾ ਪੂਰੀ ਹੋ ਸਕੇਗੀ।

ਇਹ ਦੋਵੇਂ ਖਿਡਾਰੀ ਫੁੱਟਬਾਲ ਵਰਲਡ ਕੱਪ ਵਿੱਚ ਬੈਸਟ ਫੁੱਟਬਾਲਰ ਦਾ ਖਿਤਾਬ ਜਿੱਤ ਚੁੱਕੇ ਹਨ ਪਰ ਆਪਣੇ ਦੇਸ ਨੂੰ ਵਿਸ਼ਵ ਕੱਪ ਨਹੀਂ ਦੇ ਸਕੇ।

ਪਰ ਅਜਿਹਾ ਨਹੀਂ ਹੈ ਕਿ ਇਹ ਬਦਕਿਸਮਤੀ ਸਿਰਫ਼ ਇਨ੍ਹਾਂ ਦੋਹਾਂ ਖਿਡਾਰੀਆਂ ਨਾਲ ਹੈ। ਉਨ੍ਹਾਂ ਤੋਂ ਪਹਿਲਾਂ ਵੀ ਅਜਿਹੇ ਕਈ ਚੰਗੇ ਖਿਡਾਰੀ ਰਹੇ ਹਨ ਜਿਨ੍ਹਾਂ ਨੇ ਪੂਰੀ ਦੁਨੀਆਂ ਵਿੱਚ ਆਪਣੀ ਖੇਡ ਦਾ ਲੋਹਾ ਤਾਂ ਮਨਵਾਇਆ ਪਰ ਵਿਸ਼ਵ ਕੱਪ ਨੂੰ ਆਪਣੀ ਝੋਲੀ ਵਿੱਚ ਨਹੀਂ ਪਾ ਸਕੇ।

### ਜੋਹਾਨ ਕ੍ਰਫ਼ (ਹਾਲੈਂਡ)

ਸੰਤਰੀ ਰੰਗ ਦੀ ਜਰਸੀ ਪਾਏ ਹੋਏ ਹਾਲੈਂਡ ਦੇ ਜੋਹਾਨ ਕ੍ਰਫ਼ ਨੂੰ ਯੂਰਪ ਦੇ ਇਤਿਹਾਸ ਦਾ ਸਭ ਤੋਂ ਚੰਗਾ ਫੁੱਟਬਾਲ ਖਿਡਾਰੀ ਮੰਨਿਆ ਜਾਂਦਾ ਹੈ। ਸਾਲ 1974 ਵਿੱਚ ਪੱਛਮੀ ਜਰਮਨੀ ਵਿੱਚ ਖੇਡੇ ਗਏ ਵਿਸ਼ਵ ਕੱਪ ਵਿੱਚ ਉਨ੍ਹਾਂ ਨੇ ਆਪਣੀ ਟੀਮ ਦੀ ਅਗੁਵਾਈ ਕੀਤੀ ਅਤੇ 'ਟੋਟਲ ਫੁੱਟਬਾਲ' ਦੀ ਆਪਣੀ ਟੀਮ ਦੀ ਰਣਨੀਤੀ ਰਾਹੀਂ ਉਨ੍ਹਾਂ ਨੇ ਹਾਲੈਂਡ ਨੂੰ ਫਾਈਨਲ ਤੱਕ ਪਹੁੰਚਾਇਆ।

ਪਰ ਇਸ ਇਤਿਹਾਸਕ ਮੈਚ ਵਿੱਚ ਉਨ੍ਹਾਂ ਦੀ ਟੀਮ ਜਰਮਨੀ ਹੱਥੋਂ 1-2 ਨਾਲ ਹਾਰ ਗਈ। ਕਰੂਫ਼ ਨੇ ਤਿੰਨ ਵਾਰੀ ਗੋਲਡਨ ਬਾਲ ਦਾ ਖਿਤਾਬ ਜਿੱਤਿਆ ਪਰ ਉਹ ਕਦੇ ਵਿਸ਼ਵ ਕੱਪ ਨਹੀਂ ਜਿੱਤ ਸਕੇ।



### ਫੇਰੇਂਸ ਪੁਸਕਾਸ (ਹੰਗਰੀ-ਸਪੇਨ)

ਪੁਸਕਾਸ ਨੂੰ ਹਮੇਸ਼ਾਂ ਲਗਾਤਾਰ ਚੰਗੇ ਫਾਰਵਰਡ ਖਿਡਾਰੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਸਾਲ 1952 ਦੀਆਂ ਓਲੰਪਿਕ ਖੇਡਾਂ ਵਿੱਚ ਉਨ੍ਹਾਂ ਨੇ ਆਪਣੀ ਟੀਮ ਨੂੰ ਸੋਨ ਤਗਮਾ ਦਿਵਾਇਆ ਅਤੇ ਉਸ ਤੋਂ ਦੋ ਸਾਲ ਬਾਅਦ 1954 ਵਿੱਚ ਸਵਿਜ਼ਰਲੈਂਡ ਵਿੱਚ ਖੇਡੇ ਗਏ ਫੁੱਟਬਾਲ ਵਿਸ਼ਵ ਕੱਪ ਵਿੱਚ ਉਨ੍ਹਾਂ ਦੀ ਟੀਮ ਫਾਈਨਲ ਤੱਕ ਪਹੁੰਚੀ।

ਇਸ ਮੁਕਾਬਲੇ ਵਿੱਚ ਉਨ੍ਹਾਂ ਦੀ ਟੀਮ ਜਿੱਤ ਦੀ ਮਜ਼ਬੂਤ ਦਾਅਵੇਦਾਰ ਸੀ ਪਰ ਇੱਥੇ ਉਨ੍ਹਾਂ ਨੂੰ ਪੱਛਮ ਜਰਮਨੀ ਦੇ ਹੱਥੋਂ ਹਾਰਨਾ ਪਿਆ।

ਸਾਲ 1962 ਵਿੱਚ ਪੁਸਕਾਸ ਨੇ ਸਪੇਨ ਦੀ ਨਾਗਰਿਕਤਾ ਹਾਸਿਲ ਕੀਤੀ ਅਤੇ ਇਸੇ ਸਾਲ ਚਿਲੀ ਵਿੱਚ ਖੇਡੇ ਗਏ ਵਿਸ਼ਵ ਕੱਪ ਵਿੱਚ ਉਨ੍ਹਾਂ ਨੇ ਹਿੱਸਾ ਵੀ ਲਿਆ ਪਰ ਇੱਥੇ ਵੀ ਉਹ ਵਿਸ਼ਵ ਕੱਪ ਨਹੀਂ ਜਿੱਤ ਸਕੇ।

### ਅਲਫਰੇਡੋ ਡਿ-ਸਟੇਫਿਨੋ (ਅਰਜਨਟੀਨਾ-ਸਪੇਨ)

ਫੀਫਾ ਨੇ ਡਿ ਸਟੇਫੀਨੋ ਨੂੰ 20ਵੀਂ ਸਦੀ ਦੇ ਪੰਜ ਸਭ ਤੋਂ ਚੰਗੇ ਫੁੱਟਬਾਲ ਖਿਡਾਰੀਆਂ ਵਿੱਚ ਸ਼ਾਮਿਲ ਕੀਤਾ ਸੀ। ਇਸ ਸੂਚੀ ਵਿੱਚ ਪੇਲੇ, ਮੈਰਾਡੋਨਾ, ਕਰੂਫ ਅਤੇ ਬੈਕੇਨਬੋਰ ਸ਼ਾਮਿਲ ਸਨ।

ਇੰਨਾ ਚੰਗਾ ਫੁੱਟਬਾਲ ਖਿਡਾਰੀ ਹੋਣ ਦੇ ਬਾਵਜੂਦ ਡੀ ਸਟੇਫਨੋ ਕਦੇ ਵਿਸ਼ਵ ਕੱਪ ਨਹੀਂ ਖੇਡ ਸਕੇ। ਪਹਿਲਾਂ ਉਹ ਅਰਜਨਟੀਨਾ ਲਈ ਖੇਡਦੇ ਰਹੇ ਪਰ ਇਸ ਦੌਰਾਨ ਸਾਲ 1950 ਅਤੇ 1954 ਦੇ ਵਿਸ਼ਵ ਕੱਪ ਵਿੱਚ ਅਰਜਨਟੀਨਾ ਨੇ ਹਿੱਸਾ ਹੀ ਨਹੀਂ ਲਿਆ।

ਅਲਫਰੇਡੋ ਡਿ ਸਟੇਫਨੋ ਨੇ ਦੋ ਦੇਸਾਂ ਲਈ ਫੁੱਟਬਾਲ ਖੇਡੀ ਪਰ ਕਦੇ ਵਿਸ਼ਵ ਕੱਪ ਦਾ ਹਿੱਸਾ ਨਹੀਂ ਬਣ ਸਕੇ ਇਸ ਤੋਂ ਬਾਅਦ ਵੀ ਸਟੇਫਨੋ ਨੇ ਅਰਜਨਟੀਨਾ ਛੱਡ ਕੇ ਸਪੇਨ ਦੀ ਨਾਗਰਿਕਤਾ ਲਈ ਪਰ ਬਦਕਿਸਮਤੀ ਨੇ ਉਨ੍ਹਾਂ ਦਾ ਸਾਥ ਨਹੀਂ ਛੱਡਿਆ ਅਤੇ ਸਾਲ 1958 ਦੇ ਵਿਸ਼ਵਕੱਪ ਲਈ ਸਪੇਨ ਕੁਆਲੀਫਾਈ ਹੀ ਨਹੀਂ ਕਰ ਸਕਿਆ।

ਉਸ ਦੇ ਚਾਰ ਬਾਅਦ ਚਿਲੀ ਵਿੱਚ ਹੋਏ ਵਿਸ਼ਵ ਕੱਪ ਵਿੱਚ ਡੀ ਸਟੇਫਨੋ ਸੱਟ ਲੱਗਣ ਕਾਰਨ ਨਹੀਂ ਖੇਡ ਸਕੇ।

### ਯੂਸੇਬਿਓ (ਪੁਰਤਗਾਲ)

ਯੂਸੇਬਿਓ ਦਾ ਜਨਮ ਮੋਜ਼ਾਂਬਿਕ ਵਿੱਚ ਹੋਇਆ। ਉਸ ਵੇਲੇ ਉੱਥੇ ਪੁਰਤਗਾਲ ਦਾ ਸ਼ਾਸਨ ਸੀ। ਯੂਸੇਬਿਓ ਨੂੰ ਪੁਰਤਗਾਲੀ ਫੁੱਟਬਾਲ ਦਾ ਪਹਿਲਾ ਮਹਾਨ ਫੁੱਟਬਾਲਰ ਮੰਨਿਆ ਜਾਂਦਾ ਹੈ।

1965 ਵਿੱਚ ਉਨ੍ਹਾਂ ਨੂੰ ਯੂਰਪ ਦੇ ਸਭ ਤੋਂ ਵੱਡੇ ਖਿਡਾਰੀ ਦੇ ਤੌਰ 'ਤੇ ਚੁਣਿਆ ਗਿਆ। ਉਸ ਤੋਂ ਇੱਕ ਸਾਲ ਬਾਅਦ ਇੰਗਲੈਂਡ ਵਿੱਚ ਹੋਏ ਵਿਸ਼ਵ ਕੱਪ ਯੂਸੇਬਿਓ ਦੇ ਚੰਗੇ ਖੇਡ ਦੀ ਮਦਦ ਨਾਲ ਪੁਰਤਗਾਲ ਦੀ ਟੀਮ ਸੈਮੀਫਾਈਨਲ ਤੱਕ ਪਹੁੰਚੀ ਪਰ ਇੱਥੇ ਉਨ੍ਹਾਂ ਨੂੰ ਇੰਗਲੈਂਡ ਨੇ 1-2 ਨਾਲ ਹਰਾ ਦਿੱਤਾ

### ਜੋਰਜ ਬੈਸਟ (ਉੱਤਰੀ ਆਇਰਲੈਂਡ)

ਉੱਤਰੀ ਆਇਰਲੈਂਡ ਦੇ ਮਹਾਨ ਫੁੱਟਬਾਲ ਖਿਡਾਰੀ ਜੋਰਜ ਬੈਸਟ ਕਦੇ ਵਿਸ਼ਵ ਕੱਪ ਵਿੱਚ ਹਿੱਸਾ ਨਾ ਲੈ ਸਕੇ। ਹਾਲਾਂਕਿ ਉਨ੍ਹਾਂ ਨੇ ਡੇਨਿਸ ਲਾਵੀ ਬੌਬੀ ਚਾਲਰਟਨ ਨਾਲ ਮਿਲ ਕੇ ਸਾਲ 1968 ਦੇ ਯੂਰਪੀ ਕੱਪ ਵਿੱਚ ਆਪਣੀ ਟੀਮ ਮੈਨ-ਚੈਸਟਰ ਯੂਨਾਈਟੇਡ ਨੂੰ ਚੈਂਪੀਅਨ ਜ਼ਰੂਰ ਬਣਾਇਆ।

ਇਸੇ ਸਾਲ ਉਨ੍ਹਾਂ ਨੂੰ ਯੂਰਪ ਦਾ ਸਭ ਤੋਂ ਚੰਗਾ ਖਿਡਾਰੀ ਵੀ ਚੁਣਿਆ ਗਿਆ ਸੀ।

### ਮੈਕਰੋ ਵੈਨ ਬੈਸਟਨ (ਹਾਲੈਂਡ)

ਮੈਕਰੋ ਨੇ ਸਿਰਫ਼ ਇੱਕ ਵਿਸ਼ਵ ਕੱਪ ਵਿੱਚ ਹਿੱਸਾ ਲਿਆ। ਇਹ ਵਿਸ਼ਵ ਕੱਪ ਸਾਲ 1990 ਵਿੱਚ ਇਟਲੀ ਵਿੱਚ ਖੇਡਿਆ ਗਿਆ ਸੀ। ਇਸ ਤੋਂ ਪਹਿਲਾਂ 1988 ਵਿੱਚ ਵੈਨ ਬੈਸਟਨ ਆਪਣੀ ਟੀਮ ਨੂੰ ਯੂਰਪੀ ਚੈਂਪੀਅਨਸ਼ਿਪ ਦਾ ਖਿਤਾਬ ਜਿਤਾ ਚੁੱਕੇ ਸਨ।

1992 ਵਿੱਚ ਉਨ੍ਹਾਂ ਨੂੰ ਦੁਨੀਆਂ ਦੇ ਸਭ ਤੋਂ ਵਧੀਆ ਖਿਡਾਰੀ ਵਜੋਂ ਚੁਣਿਆ ਗਿਆ ਸੀ ਅਤੇ ਉਨ੍ਹਾਂ ਨੇ ਗੋਲਡਨ ਬਾਲ ਤਿੰਨ ਵਾਰੀ ਜਿੱਤੀ ਸੀ ਪਰ ਸਾਲ 1993 ਵਿੱਚ ਜਦੋਂ ਉਹ ਸਿਰਫ਼ 28 ਸਾਲ ਦੇ ਸਨ ਤਾਂ ਗਿੱਟੇ 'ਤੇ ਗੰਭੀਰ ਸੱਟਾਂ ਨੇ ਉਨ੍ਹਾਂ ਦਾ ਕਰੀਅਰ ਖ਼ਤਮ ਕਰ ਦਿੱਤਾ।

ਇਨ੍ਹਾਂ ਸਾਰੇ ਖਿਡਾਰੀਆਂ ਤੋਂ ਇਲਾਵਾ ਹੋਰ ਵੀ ਕਈ ਚੰਗੇ ਖਿਡਾਰੀ ਰਹੇ ਜੋ ਕਦੇ ਵਿਸ਼ਵ ਕੱਪ ਨਾਂ ਜਿੱਤ ਸਕੇ। ਪਾਓਲੋ ਮੇਲਡੀਨੀ (ਇਟਲੀ), ਲੂਈਸ ਫੀਗੋ (ਪੁਰਤਗਾਲ), ਜ਼ੀਕੋ (ਬਰਾਜ਼ੀਲ), ਰੋਬਰਟੋ ਬੈਗਿਓ (ਇਟਲੀ) ਅਤੇ ਮਾਈਕਲ ਪਲੈਟਿਨੀ (ਫਰਾਂਸ) ਇਸ ਸੂਚੀ ਵਿੱਚ ਸ਼ਾਮਿਲ ਹਨ।

# ਫੁੱਟਬਾਲ ਦੇ ਮਾਮਲੇ ਵਿੱਚ ਭਾਰਤ ਪਿੱਛੇ ਕਿਉਂ?

**ਵਿਪਿਨ ਪੱਬੀ**

ਬੇਸ਼ੱਕ ਕਰੋੜਾਂ ਭਾਰਤੀ 'ਫੀਫਾ' ਵਰਲਡ ਕੱਪ ਫੁੱਟਬਾਲ ਮੈਚ ਦੇਖਣ ਲਈ ਅੱਜਕਲ੍ਹ ਰਾਤ ਭਰ ਜਾਗਦੇ ਹਨ ਤੇ ਵੱਖ-ਵੱਖ ਟੀਮਾਂ ਦੀਆਂ ਸੰਭਾਵਨਾਵਾਂ ਬਾਰੇ ਬਹੁਤ ਜ਼ਿੰਦਾਦਿਲੀ ਨਾਲ ਚਰਚਾ ਕਰਦੇ ਹਨ, ਤਾਂ ਵੀ ਭਾਰਤੀ ਫੁੱਟਬਾਲ ਇੱਕ ਰਹੱਸ ਬਣਿਆ ਹੋਇਆ ਹੈ ਅਤੇ ਹਫੜਾ-ਦਫੜੀ ਦੀ ਸਥਿਤੀ 'ਚ ਹੈ।

ਇੱਕ ਅਜਿਹਾ ਦੇਸ਼, ਜੋ ਓਲੰਪਿਕ 'ਚ ਫੁੱਟਬਾਲ ਖੇਡ ਚੁੱਕਾ ਹੋਵੇ, ਇੱਥੋਂ ਤੱਕ 1950 ਵਿੱਚ ਫਾਈਨਲ ਤੱਕ ਵੀ ਪਹੁੰਚ ਗਿਆ ਸੀ, ਉਸ ਤੋਂ ਬਾਅਦ ਭਾਰਤ ਦੀ ਟੀਮ ਹੌਲੀ ਹੌਲੀ ਪਿੱਛੇ ਖਿਸਕਦੀ ਗਈ। ਇਸ ਨੇ 1950-60 ਦੇ ਦਹਾਕੇ ਵਿੱਚ ਚੰਗਾ ਸਮਾਂ ਵੀ ਵੇਖਿਆ, ਜਦੋਂ ਇਹ ਚੋਟੀ ਦੀਆਂ ਏਸ਼ੀਆਈ ਟੀਮਾਂ ਵਿੱਚ ਗਿਣਤੀ ਜਾਂਦੀ ਸੀ ਤੇ 1951 ਤੇ 1962 'ਚ ਦੋ ਵਾਰ ਏਸ਼ੀਆਈ ਖੇਡਾਂ ਦਾ ਗੋਲਡ ਮੈਡਲ ਜਿੱਤ ਲਿਆ ਸੀ।

ਮਰਡੇਕਾ ਫੁੱਟਬਾਲ ਟੂਰਨਾਮੈਂਟ ਵਿੱਚ ਵੀ 1959 ਅਤੇ 1964 'ਚ ਦੋ ਵਾਰ ਇਸ ਨੂੰ ਰਨਰਅੱਪ ਰਹਿਣ ਦਾ ਮੌਕਾ ਮਿਲਿਆ। 1964 ਦੇ ਏਸ਼ੀਆ ਕੱਪ ਵਿੱਚ ਵੀ ਇਸ ਦੀ ਕਾਰਗੁਜ਼ਾਰੀ ਬਿਹਤਰੀਨ ਸੀ। 1956 ਦੀਆਂ ਮੈਲਬਰਨ ਓਲੰਪਿਕ ਖੇਡਾਂ ਵਿੱਚ ਸਾਡੀ ਟੀਮ ਚੌਥੇ ਨੰਬਰ 'ਤੇ ਰਹੀ। ਉਝ ਓਲੰਪਿਕ ਦੇ ਫੁੱਟਬਾਲ ਸੈਮੀਫਾਈਨਲ ਵਿੱਚ ਪਹੁੰਚਣ ਵਾਲੀ ਪਹਿਲੀ ਏਸ਼ੀਆਈ ਟੀਮ ਭਾਰਤ ਦੀ ਹੀ ਸੀ। ਅਸਲ ਵਿੱਚ 1948 ਤੋਂ 1960 ਤੱਕ ਭਾਰਤੀ ਫੁੱਟਬਾਲ ਟੀਮ ਦਾ ਓਲੰਪਿਕ ਵਿੱਚ ਪ੍ਰਦਰਸ਼ਨ ਕਾਫੀ ਜ਼ਿਕਰ ਯੋਗ ਸੀ। 1960 'ਚ ਇਸ ਨੇ ਓਲੰਪਿਕ ਲਈ ਆਖਰੀ ਵਾਰ ਕੁਆਲੀਫਾਈ ਕੀਤਾ ਤੇ 1984 ਤੋਂ ਬਾਅਦ ਤਾਂ ਭਾਰਤ ਏਸ਼ੀਆਈ ਕੱਪ ਦੇ ਫਾਈਨਲ ਰਾਊਂਡ ਤੱਕ ਕਦੇ ਨਹੀਂ ਪਹੁੰਚ ਸਕਿਆ।



ਸਾਡਾ ਲਗਾਤਾਰ ਤੇ ਸਿੱਧਾ ਪਛੜਿਆਪਣ ਵਰਲਡ ਫੀਫਾ ਰੈਂਕਿੰਗ 'ਚ ਸਾਨੂੰ ਮਾਰਚ 2015 ਵਿੱਚ 173ਵੇਂ ਸਥਾਨ ਤੱਕ ਧੱਕ ਕੇ ਲੈ ਗਿਆ, ਫਿਰ ਵੀ ਕੁਝ ਸਾਲਾਂ ਤੋਂ ਇਸ ਮਾਮਲੇ ਵਿੱਚ ਭਾਰਤ ਮੁੜ ਬਹਾਲੀ ਵੱਲ ਵੱਧ ਰਿਹਾ ਹੈ ਤੇ ਇਸ ਸਮੇਂ ਅਸੀਂ 97ਵੇਂ ਸਥਾਨ 'ਤੇ ਹਾਂ।

ਜ਼ਿਕਰ ਯੋਗ ਹੈ ਕਿ ਭਾਰਤੀ ਫੁੱਟਬਾਲ ਦੀ ਗਿਰਾਵਟ ਭਾਰਤੀ ਕ੍ਰਿਕਟ ਦੇ ਲਗਾਤਾਰ ਉਭਰਨ ਦੇ ਪ੍ਰਸੰਗ ਵਿੱਚ ਬੜੀ ਦੁੱਖਦਾਈ ਦ੍ਰਿਸ਼ ਪੇਸ਼ ਕਰਦੀ ਹੈ। ਫੁੱਟਬਾਲ ਲਈ ਸਾਡਾ ਪਿਆਰ ਮੁੱਖ ਤੌਰ 'ਤੇ ਵਰਲਡ ਕੱਪ, ਯੂਰਪੀਨ ਚੈਂਪੀਅਨਸ਼ਿਪ ਤੇ ਓਲੰਪਿਕ ਦੌਰਾਨ ਉਠਦਾ ਹੈ, ਇਸ ਦੇ ਬਾਵਜੂਦ ਕ੍ਰਿਕਟ ਦੀ ਖੇਡ ਇੱਕ ਤਰ੍ਹਾਂ ਸ਼ਰਧਾ ਭਾਵਨਾ ਵਾਲੀ ਹੈਸੀਅਤ ਹਾਸਲ ਕਰ ਚੁੱਕੀ ਹੈ। ਨੌਜਵਾਨਾਂ ਤੇ ਬੁੱਢਿਆਂ ਨੂੰ ਇਹ ਇੱਕੋ ਜਿਹੇ ਢੰਗ ਨਾਲ ਮੰਤਰ-ਮੁਗਧ ਕਰਦੀ ਹੈ।

ਅਜਿਹੀ ਸਥਿਤੀ 'ਚ ਸਵਾਲ ਹੈ ਕਿ ਜਿਹੜੇ ਕੌਮਾਂਤਰੀ ਫੁੱਟਬਾਲ ਮੈਚਾਂ ਲਈ ਭਾਰਤ ਦੀ ਟੀਮ ਕੁਆਲੀਫਾਈ ਤੱਕ ਨਹੀਂ ਕਰਦੀ, ਉਨ੍ਹਾਂ ਦੌਰਾਨ ਵੀ ਇਸ ਖੇਡ ਵਾਸਤੇ ਜੇ ਦੇਸ਼ 'ਚ ਇੰਨਾ ਉਤਸ਼ਾਹ ਤੇ ਜਨੂੰਨ ਪੈਦਾ ਹੁੰਦਾ ਹੈ ਤਾਂ ਕਿਤੇ ਨਾ ਕਿਤੇ ਕੋਈ ਗੜਬੜ ਜ਼ਰੂਰ ਹੈ। ਜੇ ਕਿਸੇ ਇੱਕ ਗੱਲ ਨੂੰ ਸਭ ਤੋਂ ਅਹਿਮ ਮੰਨਿਆ ਜਾਵੇ ਤਾਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵੱਖ-ਵੱਖ ਖੇਡ ਐਸੋਸੀਏਸ਼ਨਾਂ 'ਚ ਸਿਆਸਤਦਾਨਾਂ ਤੇ ਨੌਕਰਸ਼ਾਹਾਂ ਦੇ ਦਖ਼ਲ ਨੇ ਖੇਡ ਦੀ ਥੂ-ਥੂ ਕਰਵਾਈ ਹੈ। ਇਹ ਲੋਕ ਸਿਰਫ਼ ਨਿੱਜੀ ਲਾਭਾਂ ਲਈ ਹੀ ਇਸ ਅਖਾੜੇ 'ਚ ਕੁੱਦੇ ਹਨ, ਨਾ ਕਿ ਕਿਸੇ ਪੇਸ਼ੇਵਰ ਦਿਲਚਸਪੀ ਕਾਰਨ।

ਇਸ ਦਾ ਨਤੀਜਾ ਇਹ ਨਿਕਲਿਆ ਕਿ ਖਿਡਾਰੀਆਂ ਦੀ ਚੋਣ ਮਨਮਰਜ਼ੀ ਨਾਲ ਹੁੰਦੀ ਹੈ, ਭਾਈ-ਭਤੀਜਾਵਾਦ ਦਾ ਬੋਲਬਾਲਾ ਹੈ, ਖਿਡਾਰੀਆਂ ਲਈ ਤਿਆਰੀ ਤੇ ਅਭਿਆਸ ਦਾ ਵਧੀਆ ਪ੍ਰਬੰਧ ਨਹੀਂ ਹੁੰਦਾ। ਇੱਕ ਪਾਸੇ ਨੌਜਵਾਨਾਂ ਦੀ ਇਸ ਖੇਡ ਪ੍ਰਤੀ ਦਿਲਚਸਪੀ ਘਟਦੀ ਜਾ ਰਹੀ ਹੈ ਤਾਂ ਦੂਜੇ ਪਾਸੇ ਖਿਡਾਰੀਆਂ ਨੂੰ ਕੌਮਾਂਤਰੀ ਐਕਸਪੋਜ਼ਰ ਨਹੀਂ ਮਿਲਦਾ।

ਮਾਹਿਰ ਇਸ ਤੱਤ ਵੱਲ ਇਸ਼ਾਰਾ ਕਰਦੇ ਹਨ ਕਿ ਦੇਸ਼ ਵਿੱਚ ਨਾਰਥ ਈਸਟ, ਪੱਛਮੀ ਬੰਗਾਲ, ਕੇਰਲ, ਗੋਆ ਅਤੇ ਪੰਜਾਬ ਦੀਆਂ ਫੁੱਟਬਾਲ ਨਰਸਰੀਆਂ ਵਿੱਚ ਵਿਸ਼ਵ ਪੱਧਰ ਦੇ ਖਿਡਾਰੀ ਪੈਦਾ ਕਰਨ ਦੀ ਸਮਰੱਥਾ ਹੈ। ਜੋ ਲੋਕ ਇਸ ਖੇਡ ਤੋਂ ਜਾਣੂ ਨਹੀਂ, ਉਨ੍ਹਾਂ ਨੂੰ ਇਹ ਬੜਾ ਅਜੀਬ ਲੱਗੇਗਾ ਕਿ ਭਾਰਤੀ ਫੁੱਟਬਾਲ ਟੀਮ ਦੇ ਕਪਤਾਨ ਸੁਨੀਲ ਸ਼ੇਤਰੀ ਨੂੰ ਸੰਸਾਰ ਫੁੱਟਬਾਲ ਮੈਚਾਂ ਦੇ ਤਿੰਨ ਬਿਹਤਰੀਨ ਗੋਲਬਾਜ਼ਾਂ 'ਚ ਗਿਣਿਆ ਜਾਂਦਾ ਹੈ ਤੇ ਦੰਦਕਥਾ ਦੇ ਨਾਇਕਾਂ ਵਰਗੀ ਹੈਸੀਅਤ ਰੱਖਣ ਵਾਲੇ ਕ੍ਰਿਸਟਿਆਨੋ ਅਤੇ ਮੈਸੀ ਤੋਂ ਬਾਅਦ ਤੀਜਾ ਨੰਬਰ ਸ਼ੇਤਰੀ ਦਾ ਹੀ ਹੈ। ਉਂਜ ਉਸ ਨੇ ਇਨ੍ਹਾਂ ਖਿਡਾਰੀਆਂ ਨਾਲ ਕਦੇ ਕੋਈ ਮੈਚ ਨਹੀਂ ਖੇਡਿਆ ਅਤੇ ਸਾਰੇ ਕੌਮਾਂਤਰੀ ਗੋਲ ਬੀ ਗ੍ਰੇਡ ਦੀਆਂ ਫੁੱਟਬਾਲ ਟੀਮਾਂ ਦੇ ਵਿਰੁੱਧ ਹੀ ਕੀਤੇ ਹਨ।

ਇਸ ਦੇਸ਼ 'ਚ 150 ਵਰ੍ਹਿਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਡੂਰੰਡ ਕੱਪ ਵਰਗੇ ਕੌਮਾਂਤਰੀ ਟੂਰਨਾਮੈਂਟ 'ਚ ਹਿੱਸਾ ਲੈਣ ਦਾ ਇਤਿਹਾਸ ਹੈ। ਬ੍ਰਿਟਿਸ਼ ਸ਼ਾਸਕਾਂ ਨੇ 1888 ਵਿੱਚ ਸ਼ਿਮਲਾ ਵਿੱਚ ਸਥਿਤ ਅੰਨਾਡੇਲ ਗਰਾਊਂਡ ਤੋਂ ਇਸ ਟੂਰਨਾਮੈਂਟ ਦੀ ਸ਼ੁਰੂਆਤ ਕੀਤੀ। ਇਸ ਤੋਂ ਇਲਾਵਾ ਪੱਛਮੀ ਬੰਗਾਲ, ਮਣੀਪੁਰ, ਮਿਜ਼ੋਰਮ, ਕੇਰਲ ਅਤੇ ਗੋਆ ਦੀਆਂ ਵੱਕਾਰੀ ਫੁੱਟਬਾਲ ਕਲੱਬਾਂ ਹਨ। ਇਨ੍ਹਾਂ ਗੱਲਾਂ ਦੇ ਬਾਵਜੂਦ ਕੌਮੀ ਫੁੱਟਬਾਲ ਟੂਰਨਾਮੈਂਟ 'ਚ ਸੱਚਮੁੱਚ ਸਾਡੀ ਸਥਿਤੀ ਪਤਨਮੁਖੀ ਹੈ। ਨਹਿਰੂ ਕੱਪ ਵਰਗੇ ਕੁਝ ਪੁਰਾਣੇ ਟੂਰਨਾਮੈਂਟ ਗਾਇਬ ਹੀ ਹੋ ਗਏ ਹਨ।

ਅਜੇ ਵੀ ਸਭ ਕੁਝ ਹੱਥੋਂ ਨਹੀਂ ਨਿਕਲਿਆ। ਚੰਡੀਗੜ੍ਹ ਫੁੱਟਬਾਲ ਅਕੈਡਮੀ ਦੀ ਮੈਨੇਜਮੈਂਟ ਨੌਜਵਾਨਾਂ 'ਚ ਫੁੱਟਬਾਲ ਨੂੰ ਹੱਲਾਸ਼ੇਰੀ ਦੇਣ ਲਈ ਬਿਹਤਰੀਨ ਕੰਮ ਕਰ ਰਹੀ ਹੈ। ਇਸ ਅਕੈਡਮੀ ਦੀ ਸਥਾਪਨਾ ਬੰਗਲਾ ਦੇਸ਼ ਮੁਕਤੀ ਯੁੱਧ 'ਚ 'ਹੀਰੋ' ਦੀ ਭੂਮਿਕਾ ਨਿਭਾਉਣ ਵਾਲੇ ਜਨਰਲ ਜੇ ਐਫ ਆਰ ਜੈਕਬ ਨੇ ਕੀਤੀ ਸੀ।

ਇਹ ਅਕੈਡਮੀ ਦੇਸ਼ ਭਰ ਦੇ ਹੋਣਹਾਰ ਖਿਡਾਰੀਆਂ ਨੂੰ ਮੁਫਤ ਕੋਚਿੰਗ ਤੋਂ ਇਲਾਵਾ ਉਨ੍ਹਾਂ ਨੂੰ ਰਿਹਾਇਸ਼ ਅਤੇ ਖਾਣ-ਪੀਣ ਦੀਆਂ ਸਹੂਲਤਾਂ ਦੇਂਦੀ ਹੈ। ਪਿੱਛੇ ਜਿਹੇ ਭਾਰਤ ਦੀ ਅੰਡਰ 19 ਟੀਮ ਦੇ ਘੱਟੋ ਘੱਟ ਸੱਤ ਖਿਡਾਰੀ ਇਸ ਅਕੈਡਮੀ ਵਿੱਚੋਂ ਨਿਕਲੇ ਹਨ। ਇਹ ਅਕੈਡਮੀ ਵੱਖ-ਵੱਖ ਕੌਮਾਂਤਰੀ ਪੱਧਰਾਂ 'ਤੇ ਖੇਡਣ ਵਾਲੇ ਘੱਟੋ-ਘੱਟ 47 ਖਿਡਾਰੀ ਪੈਦਾ ਕਰ ਚੁੱਕੀ ਹੈ। ਇਹ ਅਕੈਡਮੀ ਦੇਸ਼ ਭਰ ਦੇ ਹੋਣਹਾਰ ਨੌਜਵਾਨਾਂ ਨੂੰ ਮੁਫਤ ਦਾਖਲਾ ਦੇਂਦੀ ਹੈ। ਇਨ੍ਹਾਂ ਖਿਡਾਰੀਆਂ 'ਚੋਂ ਕਾਫੀ ਗਿਣਤੀ ਉਤਰ-ਪੂਰਬ ਦੇ ਨੌਜਵਾਨਾਂ ਦੀ ਹੁੰਦੀ ਹੈ।

ਸਾਨੂੰ ਨੌਜਵਾਨਾਂ ਨੂੰ ਇਸ ਦੇ ਲਈ ਪ੍ਰੇਰਿਤ ਕਰਨ ਤੇ ਕੋਚਿੰਗ ਦੇਣ ਲਈ ਅਜਿਹੀਆਂ ਕਈ ਅਕੈਡਮੀਆਂ ਦੀ ਲੋੜ ਹੈ? ਇਹ ਵੀ ਅਹਿਮ ਹੈ ਕਿ ਸਰਕਾਰ ਸਿਆਸਤਦਾਨਾਂ ਤੇ ਹੋਰ ਗੈਰ-ਫੁੱਟਬਾਲਰਾਂ 'ਤੇ ਇਸ 'ਚ ਦਖਲ ਦੇਣ ਤੋਂ ਰੋਕ ਲਾਵੇ ਤੇ ਖੇਡ ਨੂੰ ਹੱਲਾਸ਼ੇਰੀ ਦੇਣ ਲਈ ਉਚ ਰੇਟਿੰਗ ਵਾਲੇ ਕੌਮਾਂਤਰੀ ਕੋਚਾਂ ਸਮੇਤ ਪ੍ਰੋਫੈਸ਼ਨਲ ਦੀਆਂ ਸੇਵਾਵਾਂ ਦਾ ਪ੍ਰਬੰਧ ਕਰੇ।

# ਆਰ.ਐਸ.ਐਸ. ਦਾ ਅਸਲੀ ਇਤਿਹਾਸ ਤੇ ਗ੍ਰਹਿ ਯੁੱਧ ਦਾ ਯਤਨ

**ਅਸ਼ੋਕ ਕੁਮਾਰ ਬਸੋਤਰਾ**

(1) ਮੁੰਜੇ ਹੈਡਗਵਾਰ ਦਾ ਗੁਰੂ ਸੀ।

(2) ਮੁੰਜੇ 1920 ਤੋਂ 1948 ਤੱਕ ਹਿੰਦੂ ਮਹਾਂਸਭਾ ਦਾ ਪ੍ਰਧਾਨ ਰਿਹਾ।

(3) ਹੈਂਡਗਵਾਰ ਨੇ 1925 ਵਿੱਚ 'ਰਾਇਲ ਸੀਕ੍ਰਿਟ ਸਰਵਿਸ' ਦਾ ਨਾਂ ਰਾਸ਼ਟਰੀ ਸਵੈਸੇਵਕ ਸੰਘ ਕੀਤਾ।

(4) ਹੈਡਗਵਾਰ 1928 ਵਿੱਚ ਜਦੋਂ ਦੇਸ਼ ਦੇ ਹਿੰਦੂ ਮੁਸਲਮਾਨ ਮਿਲ ਕੇ ਅੰਗਰੇਜ਼ਾਂ ਵਿਰੁਧ ਦੇਸ਼ ਦੀ ਅਜ਼ਾਦੀ ਦੀ ਲੜਾਈ ਲੜ ਰਹੇ ਸਨ ਤਾਂ 'ਸਾਵਰਕਰ' ਨੇ ਖੁਲੇਆਮ ਇਹ ਐਲਾਨ ਕੀਤਾ ਸੀ ਕਿ ਭਾਰਤ ਵਿੱਚ ਦੋ ਰਾਸ਼ਟਰ, ਹਿੰਦੂ ਅਤੇ ਮੁਸਲਮਾਨ ਵਸਦੇ ਹਨ। ਭਾਰਤ ਦੇ ਬਟਵਾਰੇ ਦਾ ਵਿਚਾਰ ਇਥੋਂ ਹੀ ਜਨਮ ਲੈਂਦਾ ਹੈ।

(5) 1930-31 ਵਿੱਚ ਲੰਡਨ ਵਿੱਚ ਗੋਲਮੇਜ ਸੰਮੇਲਨ ਤੋਂ ਮੁੜਦੇ ਹੋਏ ਮੁੰਜੇ ਇਟਲੀ ਦੇ ਤਾਨਾਸ਼ਾਹ ਮੁਸੋਲਿਨੀ ਨੂੰ ਮਿਲਿਆ।

(6) ਇਸ ਗੱਲਬਾਤ ਵਿੱਚ ਉਸਨੇ ਭਾਰਤ ਨੂੰ ਇਟਲੀ ਦਾ ਗੁਲਾਮ ਬਣਾ ਦੇਣ ਦਾ ਵਾਅਦਾ ਕੀਤਾ।

(7) ਆਰ.ਐਸ.ਐਸ. ਦਾ ਢਾਂਚਾ ਅਤੇ ਬਰਾਂਚਾਂ ਦੀ ਰਚਨਾ 1931 ਵਿੱਚ ਮੁੰਜੇ ਨੇ ਕੀਤੀ।

(8) ਸੰਘੀਆਂ ਨੇ 1930-31 ਵਿੱਚ ਭਗਤ ਸਿੰਘ ਦੇ ਖਿਲਾਫ ਗਵਾਹੀ ਦਿੱਤੀ।

(9) ਸ਼ਿਆਮਾ ਪ੍ਰਸ਼ਾਦ ਮੁਖਰਜੀ ਨੂੰ 1934 ਵਿੱਚ ਅੰਗਰੇਜ਼ਾਂ ਨੇ ਕਲੱਕਤਾ ਯੂਨੀਵਰਸਿਟੀ ਦਾ ਕੁਲਪਤੀ ਬਣਾਇਆ। ਉਨ੍ਹਾਂ ਦਿਨਾਂ ਵਿੱਚ ਬੰਗਾਲ ਵਿੱਚ ਬਹੁਤ ਸੀਨੀਅਰ ਸਿੱਖਿਆ ਸ਼ਾਸਤਰੀਆਂ ਨੂੰ ਨਜ਼ਰ ਅੰਦਾਜ਼ ਕਰਕੇ ਅੰਗਰੇਜ਼ਾਂ ਨੇ ਸਿਰਫ 33 ਵਰ੍ਹਿਆਂ ਦੇ ਸ਼ਿਆਮਾ ਪ੍ਰਸ਼ਾਦ ਮੁਖਰਜੀ ਨੂੰ ਇਸ ਲਈ ਕੁਲਪਤੀ ਬਣਾ ਦਿੱਤਾ ਸੀ ਤਾਂ ਗਾਂਧੀ ਦੇ ਸੱਦੇ ਤੇ ਹਜ਼ਾਰਾਂ ਦੀ ਤਦਾਦ ਵਿੱਚ ਯੂਨੀਵਰਸਿਟੀ ਦੇ ਹੋਣਹਾਰ ਵਿਦਿਆਰਥੀਆਂ ਦੁਆਰਾ ਅਜ਼ਾਦੀ ਦੀ ਲੜਾਈ ਵਿੱਚ ਸ਼ਾਮਲ ਹੋਣ ਤੋਂ ਰੋਕਿਆ ਜਾ ਸਕੇ।

(10) ਸ਼ਿਆਮਾ ਪ੍ਰਸ਼ਾਦ ਮੁਖਰਜੀ ਨੇ 1937 ਵਿੱਚ ਮੁਹੰਮਦ ਅਲੀ ਜਿਨਹਾ ਦੀ ਮੁਸਲਿਮ ਲੀਗ ਦੇ ਨਾਲ ਸਰਕਾਰ ਬਣਾਈ।

(11) ਸਾਵਰਕਰ ਨੇ 1940-41 ਵਿੱਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਸਾਥ ਛੱਡਿਆ।

(12) 1940-41 ਵਿੱਚ ਸੰਘ ਨੇ ਐਲਾਨ ਕੀਤਾ ਕਿ ਕੋਈ ਵੀ ਹਿੰਦੂ 'ਅਜ਼ਾਦ ਹਿੰਦ ਫੌਜ' ਵਿਚ ਭਰਤੀ ਨਾ ਹੋਵੇ।

(13) 1940-41 ਵਿੱਚ ਹੀ ਸਾਵਰਕਰ ਨੇ 'ਅਜ਼ਾਦ ਹਿੰਦ ਫੌਜ' ਦੇ ਵਿਰੁਧ ਅੰਗਰੇਜ਼ਾਂ ਦੀ ਫੌਜ ਵਿੱਚ ਹਿੰਦੂਆਂ ਦੀ ਭਰਤੀ ਕੀਤੀ।

(14) 1942 ਵਿੱਚ ਅਟਲ ਬਿਹਾਰੀ ਵਾਜਪਾਈ ਨੇ ਦੇਸ਼ ਦੇ ਕ੍ਰਾਂਤੀਕਾਰੀਆਂ ਦੇ ਖਿਲਾਫ ਗਵਾਹੀ ਦਿੱਤੀ ਅਤੇ ਦੋ ਕ੍ਰਾਂਤੀਕਾਰੀਆਂ ਨੂੰ ਕਾਲੇਪਾਣੀ ਦੀ ਸਜ਼ਾ ਹੋਈ।

(15) ਫਰਵਰੀ 1943 ਨੂੰ ਸ਼ਿਆਮਾ ਪ੍ਰਸ਼ਾਦ ਮੁਖਰਜੀ ਨੇ ਕਿਹਾ ਸੀ ਕਿ ਹਿੰਦੂ ਮਹਿਸੂਸ ਰਕਦੇ ਹਨ ਕਿ ਜੇਕਰ ਮੁਸਲਮਾਨ ਪਾਕਿਸਤਾਨ 'ਚ ਰਹਿਣਾ ਚਾਹੁੰਦੇ ਹਨ ਉਹ ਆਪਣਾ ਬੋਰੀ ਬਿਸਤਰਾ ਚੁੱਕ ਕੇ ਭਾਰਤ ਛੱਡ ਦੇਣ।

(16) ਕਰਮ ਚੰਦ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਨੇ 1942 ਵਿੱਚ 9 ਅਗਸਤ ਨੂੰ ਜਦੋਂ 'ਅੰਗਰੇਜ਼ ਭਾਰਤ ਛੱਡੋ' ਦਾ ਨਾਅਰਾ ਦਿੱਤਾ ਸੀ ਤਾਂ ਹਿੰਦੂ ਮਹਾਂ ਸਭਾ ਨੇ ਉਸਦਾ ਵਿਰੋਧ ਕੀਤਾ ਸੀ।

(17) ਸ਼ਿਆਮਾ ਪ੍ਰਸ਼ਾਦ ਮੁਖਰਜੀ ਨੇ ਬੰਗਾਲ ਵਿੱਚ ਮੁਸਲਿਮ ਲੀਗ ਦੀ ਅਗਵਾਈ ਵਿੱਚ ਬਣੀ ਸਰਕਾਰ ਦੇ ਮੰਤਰੀ ਦੇ ਰੂਪ ਵਿੱਚ ਅੰਗਰੇਜ਼ ਸਰਕਾਰ ਨੂੰ 26 ਜੁਲਾਈ 1942 ਨੂੰ ਚਿੱਠੀ ਲਿਖ ਕੇ ਕਿਹਾ ਸੀ ਯੁੱਧ ਕਾਲ ਵਿੱਚ ਅਜੇਹੇ ਅੰਦੋਲਨ ਨੂੰ ਮਸਲ ਦੇਣਾ ਕਿਸੇ ਵੀ ਸਰਕਾਰ ਦਾ ਫਰਜ਼ ਹੈ।

(18) 1941-42 ਵਿੱਚ ਹਿੰਦੂ ਮਹਾਂ ਸਭਾ ਮੁਸਲਿਮ ਲੀਗ ਨਾਲ ਮਿਲ ਕੇ ਬੰਗਾਲ ਵਿੱਚ ਫਜਲੁਲ ਹੱਕ ਸਰਕਾਰ ਵਿੱਚ ਸ਼ਾਮਲ ਸੀ। ਸ਼ਿਆਮਾ ਪ੍ਰਸ਼ਾਦ ਮੁਖਰਜੀ ਉਸ ਸਰਕਾਰ ਵਿੱਚ ਵਿਤ ਮੰਤਰੀ ਸਨ।

(19) ਸ਼ਿਆਮਾ ਪ੍ਰਸ਼ਾਦ ਮੁਖਰਜੀ ਨੇ 1946 ਵਿੱਚ ਬੰਗਾਲ ਦੀ ਵੰਡ ਕਰ ਦੇਣੀ ਮੰਗ ਰੱਖੀ।

(20) ਸ਼ਿਆਮਾ ਪ੍ਰਸ਼ਾਦ ਮੁਖਰਜੀ ਨੇ 1946 ਵਿੱਚ ਕਿਹਾ, 'ਬਿਨਾ ਗ੍ਰਹਿ ਯੁਧ ਦੇ ਹਿੰਦੂ ਮੁਸਲਮਾਨ ਸੱਮਸਿਆ ਦਾ ਹੱਲ ਨਹੀਂ।

(21) ਸ਼ਿਆਮਾ ਪ੍ਰਸ਼ਾਦ ਮੁਖਰਜੀ ਨੇ 1947 ਵਿੱਚ ਸਰਤ ਬੋਸ ਦੇ ਬੰਗਾਲ ਨੂੰ ਇੱਕ ਕਰਨ ਦਾ ਵਿਰੋਧ ਕੀਤਾ।

ਦਸੋ ਅਜ਼ਾਦੀ ਦੀ ਲੜਾਈ ਵਿੱਚ ਕੌਣ ਸ਼ਾਮਲ ਸੀ ਅਤੇ ਕੌਣ ਗੱਦਾਰ ਸਨ? ਇਹ ਦੇਸ਼ ਪ੍ਰੇਮ ਦਾ ਸਰਟੀਫਿਕੇਟ ਵੰਡਣ ਵਾਲੇ ਅੰਗਰੇਜ਼ਾਂ ਦੀ ਕਦੇ ਅਲੋਚਨਾ ਅਤੇ ਨਿੰਦਿਆ ਕਿਉਂ ਨਹੀਂ ਕਰਦੇ? ਧਿਆਨ ਦਿਓ - ਅੰਗਰੇਜ਼ਾਂ ਨੇ ਹਿੰਦੂ ਮਹਾਸਭਾ ਅਤੇ ਆਰ.ਐਸ.ਐਸ. ਤੇ ਕਦੇ ਪ੍ਰਤੀਬੰਧ ਨਹੀਂ ਲਾਇਆ-ਕਿਉਂ?

ਪੁਆਇੰਟ 21 ਤੇ ਧਿਆਨ ਦਿਓ, ਸ਼ਿਆਮਾ ਪ੍ਰਸ਼ਾਦ ਮੁਖਰਜੀ ਨੇ 1946 ਵਿੱਚ ਕਿਹਾ, ਬਿਨਾ ਗ੍ਰਹਿ ਯੁੱਧ ਦੇ ਹਿੰਦੂ ਮੁਸਲਿਮ ਸੱਮਸਿਆ ਦਾ ਹੱਲ ਨਹੀਂ।'' ਸੰਘੀ ਅੱਜ ਤੱਕ ਇਹੀ ਕੋਸ਼ਿਸ਼ ਲਗਾਤਾਰ ਕਰ ਰਹੇ ਹਨ।

ਕਦੇ ਮੰਦਰ ਮਸਜਿਦ ਤਾਂ ਕਦੇ ਗਊ ਰੱਖਿਆ, ਲਵ ਜੇਹਾਦ ਅਤੇ ਧਰਮ ਪਰਿਵਰਤਨ ਦੇ ਨਾਂ ਤੇ।

******

# ਘੁਟਾਲਿਆਂ 'ਚ ਨੰਬਰ ਵੰਨ ਮੋਦੀ ਸਰਕਾਰ!

**ਨਵੀਂ ਦਿੱਲੀ –** ਮੋਦੀ ਸਰਕਾਰ ਘੁਟਾਲਿਆਂ 'ਚ ਹੱਦਾਂ ਬੰਨ੍ਹੇ ਟੱਪ ਗਈ ਹੈ। ਦੇਸ਼ਾਂ ਵਿਦੇਸ਼ਾਂ ਵਿੱਚ ਕਾਂਗਰਸ ਸਰਕਾਰ ਵਲੋਂ ਹੋਏ ਭ੍ਰਸ਼ਟਾਚਾਰ ਬਾਰੇ ਨਰਿੰਦਰ ਮੋਦੀ ਛਾਤੀ ਠੋਕ ਕੇ ਕਹਿੰਦੇ ਸੀ ਨਾ ਖਾਊਂਗਾ ਨਾ ਖਾਣ ਦੁ-ਊਂਗਾ। ਕਾਂਗਰਸ ਦੇ ਰਣਦੀਪ ਸੁਰਜੇਵਾਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿਅੰਗ ਕਸ ਕੇ ਕਿਹਾ ਹੈ ਕਿ ਖਊਂਗਾ ਤੇ ਖਾਣ ਦੁਊਂਗਾ ਤੇ ਪੈਕ ਕਰਕੇ ਲਿਜਾਣ ਵੀ ਦੇਵਾਂਗਾ। ਹੁਣ ਤਾਂ ਪਾਣੀ ਸਿਰ ਤੋਂ ਟੱਪ ਗਿਆ ਹੈ। ਪਿਛਲੇ ਚਹੁੰ ਸਾਲਾਂ ਵਿੱਚ ਖਾਣ ਵਾਲਿਆਂ ਨੇ ਅਰਾਮ ਨਾਲ ਖਾਧਾ ਹੀ ਨਹੀਂ ਸਗੋਂ ਖਾ ਪੀ ਕੇ ਵਿਦੇਸ਼ਾਂ ਵਿੱਚ ਜਾ ਚੁੱਕੇ ਹਨ। ਰਿਜ਼ਰਵ ਦੀ ਰਿਪੋਰਟ ਮੁਤਾਬਕ ਮੋਦੀ ਸਰਕਾਰ ਵੇਲੇ ਤੋਂ 62,000 ਕਰੋੜ ਰੁਪਇਆਂ ਦੇ ਬੈਂਕ ਘੁਟਾਲੇ ਹੋ ਚੁੱਕੇ ਹਨ। 2014-15 ਵਿੱਚ 4639 ਬੈਂਕ ਘੁਟਾਲੇ ਹੋਏ। 19455 ਕਰੋੜ ਰੁਪਇਆਂ ਦਾ ਚੂਨਾ ਲੱਗਿਆ। 201516 ਵਿੱਚ 4693 ਬੈਂਕ ਘੁਟਾਲੇ ਹੋਏ। ਇਸ ਦੌਰਾਨ 18698 ਕਰੋੜ ਰੁਪਏ ਦਾ ਚੂਨਾ ਲੱਗਿਆ। 2016-17 ਵਿੱਚ 5078 ਬੈਂਕ ਘੁਟਾਲੇ ਹੋਏ। ਇਸ ਦੌਰਾਨ 23934 ਕਰੋੜ ਰੁਪਏ ਦੀ ਠੱਗੀ ਹੋ ਚੁੱਕੀ ਹੈ। ਭਾਵ ਇਨ੍ਹਾਂ ਮੁਢਲੇ ਤਿੰਨ ਸਾਲਾਂ ਵਿੱਚ 14410 ਬੈਂਕ ਘੁਟਾਲਿਆਂ ਵਿੱਚ 62087 ਕਰੋੜ ਰੁਪਏ ਦਾ ਚੂਨਾ ਲੱਗ ਚੁੱਕਾ ਹੈ।

ਉਦਯੋਗ ਪਤੀ ਨੀਰਵ ਮੋਦੀ ਦੇਸ਼ ਦਾ 5000 ਕਰੋੜ, ਵਿਜੇ ਮਾਲੀਆ 9000 ਕਰੋੜ, ਮੇਹੁਲ ਚੌਕਸੀ 8000 ਕਰੋੜ ਰੁਪਏ ਲੈ ਕੇ ਦੇਸ਼ ਤੋਂ ਫਰਾਰ ਹੋ ਚੁੱਕੇ ਹਨ। ਭਾਰਤ ਦੀ ਜਨਤਾ ਦਾ 56 ਕਰੋੜ 70 ਲੱਖ ਤੋਂ ਜ਼ਿਆਦਾ ਧੰਨ ਸੁਆਹ ਕਰ ਦਿੱਤਾ ਹੈ। ਇਸ ਵੇਲੇ 14 ਭਗੌੜੇ ਲੰਡਨ ਵਿੱਚ ਅਰਾਮ ਨਾਲ ਰਹਿ ਰਹੇ ਹਨ। ਦੇਸ਼ ਦੀ ਜਨਤਾ ਜਾਵੇ ਢੱਠੇ ਖੂਹ ਵਿੱਚ। ਮੋਦੀ ਸਰਕਾਰ ਦਾ ਸਲੋਗਨ ਵਿਕਾਸ ਤਾਂ ਨਿਰਾ ਬਕਵਾਸ ਹੋ ਗਿਆ। ਇਸ ਵੇਲੇ ਗੌਤਮ ਅਦਾਨੀ ਦੀ ਆਮਦਨ 66 ਫੀਸਦੀ, ਮੁਕੇਸ਼ ਅੰਬਾਨੀ ਦੀ 67 ਫੀਸਦੀ ਬਾਬਾ (ਲਾਲਾ) ਰਾਮ ਦੇਵ ਦੀ 173 ਫੀਸਦੀ ਅਮਿਤ ਸ਼ਾਹ ਦੀ 300 ਫੀਸਦੀ ਜੈ ਸ਼ਾਹ ਦੀ 16000 ਫੀਸਦੀ ਵੱਧ ਗਈ ਹੈ। ਦੇਸ਼ ਦੀ ਜਨਤਾ ਦਾ ਤਾਂ ਹਾਲ ਬੇਹਾਲ ਹੈ।

# ਦਲਿਤ ਨੌਜੁਆਨਾਂ ਨੂੰ ਨੰਗੇ ਕਰਕੇ ਕੀਤਾ ਤੱਸ਼ਦਦ

**ਮੁੰਬਈ–** ਮਹਾਂ ਰਾਸ਼ਟਰ ਦੇ ਜਲਗਾਂਵ ਵਿੱਚ ਵੀ ਤਿੰਨ ਦਲਿਤ ਨੌਜੁਆਨਾਂ ਦੀ ਬੇਰਹਿਮੀ ਨਾਲ ਕੁੱਟਮਾਰ ਦੀ ਵੀਡੀਓ ਸਾਮ੍ਹਣੇ ਆਈ ਹੈ। ਇਨ੍ਹਾਂ ਦੀ ਕੁਟਮਾਰ ਮਹਿਜ ਇਸ ਲਈ ਕੀਤੀ ਗਈ ਕਿਉਂਕਿ ਇਹ ਤਿੰਨ ਖੂੰਹ ਵਿੱਚ ਤੈਰਾਕੀ ਕਰਨ ਲਈ ਉੱਤਰ ਗਏ ਸਨ। ਇਹ ਘਟਨਾ 10 ਜੂਨ ਦੀ ਹੈ। ਮਾਮਲਾ ਕੁੱਟਮਾਰ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਸਾਮ੍ਹਣੇ ਆਇਆ।

ਨੌਜੁਆਨਾਂ ਦੇ ਦਲਿਤ ਭਾਈਚਾਰੇ ਨਾਲ ਸਬੰਧਤ ਹੋਣ ਕਾਰਨ ਪਿੰਡ ਦੇ ਲੋਕਾਂ ਨੇ ਉਨ੍ਹਾਂ ਦੀ ਕੁੱਟਮਾਰ ਕੀਤੀ, ਬੇਰਹਿਮੀ ਦੀ ਹੱਦ ਉਦੋਂ ਹੋਈ ਜਦੋਂ ਨੌਜੁਆਨਾਂ ਨੂੰ ਨੰਗੇ ਕਰਕੇ ਪਹਿਲਾਂ ਸਾਰੇ ਪਿੰਡ ਵਿੱਚ ਘੁੰਮਾਇਆ ਤੇ ਫਿਰ ਖੇਤਾਂ ਵਿੱਚ ਲਿਜਾ ਕੇ ਗੰਦੇ ਤਰੀਕੇ ਨਾਲ ਉਨ੍ਹਾਂ ਦੀ ਕੁਟਮਾਰ ਕੀਤੀ। ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਮਾਮਲੇ ਵਿੱਚ ਪੀੜਤਾਂ ਦੇ ਘਰਦਿਆਂ ਨੇ ਪੁਲਿਸ ਨੂੰ ਕੇਸ ਦਰਜ ਕਰਵਾਇਆ ਪਰ ਉਨ੍ਹਾਂ ਤੇ ਕੇਸ ਵਾਪਸ ਲੈਣ ਲਈ ਦਬਾਅ ਪਾਇਆ ਜਾ ਰਿਹਾ ਹੈ।

# ਪਿੰਡਾਂ ਵਿੱਚ ਇੱਕ ਗੁਰਦੁਆਰਾ ਤੇ ਇੱਕ ਸ਼ਮਸ਼ਾਨ ਘਾਟ ਦੀ ਮੰਗ

ਗੜ੍ਹਸ਼ੰਕਰ ਵਿਖੇ ਨੇੜੇ ਦੇ ਲਗਪਗ 30 ਪਿੰਡਾਂ ਦੇ ਸੈਂਕੜੇ ਨੌਜਵਾਨਾਂ ਨੇ ਇੱਕਠੇ ਹੋ ਕੇ ਇਕ ਵਿਸ਼ੇਸ਼ ਮੀਟਿੰਗ ਕੀਤੀ ਜਿਸ ਵਿੱਚ ਇੱਕ ਮਤੇ ਰਾਹੀਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇੱਕ ਚਿੱਠੀ ਲਿਖ ਕੇ ਮੰਗ ਕੀਤੀ ਕਿ ਪਿੰਡਾਂ ਵਿੱਚ ਜਾਤੀ-ਪਾਤੀ ਅਤੇ ਛੂਆ-ਛਾਤ ਨੂੰ ਖਤਮ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਇਸ ਵਾਸਤੇ ਜਾਤੀ ਦੇ ਅਧਾਰ ਦੇ ਬਣੇ ਗੁਰਦੁਆਰਿਆਂ ਦੀ ਜਗ੍ਹਾ ਇੱਕ ਹੀ ਗੁਰਦੁਆਰਾ ਚਲਾਉਣ ਦੀ ਮੰਗ ਕੀਤੀ। ਨਾਲ ਹੀ ਇੱਕ ਹੀ ਸ਼ਮਸ਼ਾਨਘਾਟ ਦੀ ਵੀ ਮੰਗ ਕੀਤੀ। ਇਸ ਮੀਟਿੰਗ ਨੂੰ ਨੌਜੁਆਨ ਆਗੂ ਐਡਵੋਕੇਟ ਨਵਰਾਜ ਸਿੰਘ ਨੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਭ ਦਾ ਸਾਂਝਾ ਹੈ। ਉਨ੍ਹਾਂ ਦਲਿਤਾਂ ਨਾਲ ਹੋ ਰਹੇ ਅਨਿਆਂ ਅਤੇ ਧੱਕੇਸ਼ਾਹੀ ਵਿਰੁਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇੱਕ ਵਿਸ਼ੇਸ਼ ਹੈਲਪ ਲਾਈਨ ਨੰਬਰ ਚਲਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਧਰਮ ਸਾਂਝੀ ਵਾਲਤਾ ਦਾ ਸੰਕਲਪ ਲੈ ਕੇ ਚੱਲਿਆ ਸੀ। ਇਸ ਸੰਕਲਪ ਵਿਰੁਧ ਐਕਸ਼ਨ ਲਵੇ। ਯਾਦ ਰਹੇ ਕੁਝ ਸਮਾਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿੰਡਾਂ ਵਿੱਚ ਜਾਤੀ ਦੇ ਅਧਾਰ ਤੇ ਬਣੇ ਗੁਰੂ ਘਰਾਂ ਦੀ ਜਗ੍ਹਾ ਇੱਕ ਹੀ ਗੁਰਦੁਆਰਾ ਚਲਾਉਣ ਦਾ ਸੰਕਲਪ ਲਿਆ ਸੀ ਪਰ ਯੋਜਨਾ ਸਫਲ ਨਹੀਂ ਹੋ ਸਕੀ।

# ਨੌਜਵਾਨ ਵਰਗ ਪੌਦੇ ਲਗਾ ਕੇ ਵਾਤਾਵਰਣ ਦੀ ਖੁਸ਼ਹਾਲੀ 'ਚ ਵੀ ਪਾਵੇ ਯੋਗਦਾਨ : ਸਾਬੀ ਮੋਗਾ

**ਜਲੰਧਰ–** ਬਲਾਕ ਭੋਗਪੁਰ ਦੇ ਪਿੰਡ ਨਜ਼ਦੀਕੀ ਪਿੰਡ ਪਤਿਆਲ ਵਿਖੇ ਚੜ੍ਹਦੀ ਕਲਾ ਸਮਾਜ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਜ਼ਿਲਾ ਜਲੰਧਰ ਦੇ ਗਾਇਡੈਂਸ ਕੌਂਸਲਰ ਸ਼੍ਰੀ ਸੁਰਜੀਤ ਲਾਲ ਅਤੇ ਹਲਕਾ ਆਦਮਪੁਰ ਤੋਂ ਉੱਘੇ ਨੌਜਵਾਨ ਆਗੂ ਸਤਨਾਮ ਸਿੰਘ ਸਾਬੀ ਮੋਗਾ ਵੱਲੋਂ ਪਿੰਡ ਪਤਿਆਲ, ਚੱਕ ਸ਼ਕੂਰ, ਖੋਜਪੂਰ ਤੇ ਟਾਂਡੀ ਨੂੰ ਬੂਟੇ ਵੰਡੇ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪਤਿਆਲ ਵਿਖੇ ਬੂਟੇ ਲਗਾਏ। ਇਸ ਮੌਕੇ ਸੁਰਜੀਤ ਲਾਲ ਜ਼ਿਲਾ ਗਾਇਡੈਂਸ ਕੌਂਸਲਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਦੂਰਦਰਸ਼ਤਾ ਸੋਚ ਸਦਕਾ ਚਲਾਏ ਤੰਦਰੁਸਤ ਪੰਜਾਬ ਮਿਸ਼ਨ ਤਹਿਤ ਇਲਾਕੇ ਵਿਚ ਨੌਜਵਾਨ ਆਗੂ ਸਾਬੀ ਮੋਗਾ ਦੇ ਸਹਿਯੋਗ ਨਾਲ ਬੂਟੇ ਲਗਾਏ ਜਾ ਰਹੇ ਹਨ। ਸੁਰਜੀਤ ਲਾਲ ਨੇ ਕਿਹਾ ਕਿ ਜ਼ਿਲਾ ਜਲੰਧਰ ਦੇ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਜ਼ਿਲਾ ਜਲੰਧਰ ਨੂੰ ਹਰਿਆ-ਭਰਿਆ ਬਣਾਉਣ ਲਈ ਬੂਟੇ ਲਗਾਏ ਜਾਣਗੇ। ਇਸ ਮੌਕੇ ਹਲਕਾ ਆਦਮਪੂਰ ਤੋਂ ਉੱਘੇ ਨੌਜਵਾਨ ਆਗੂ ਸਤਨਾਮ ਸਿੰਘ ਸਾਬੀ ਮੋਗਾ ਨੇ ਕਿਹਾ ਕਿ ਇਸ ਮੁਹਿੰਮ ਨੂੰ



ਯਕੀਨੀ ਬਣਾਉਣ ਲਈ ਯੂਥ ਕਲੱਬਾਂ, ਸਮਾਜ ਸੇਵਾ ਸੁਸਾਇਟੀਆਂ ਤੇ ਪੰਚਾਇਤਾਂ ਨੂੰ ਨਾਲ ਲੈ ਕੇ ਪੂਰਾ ਸਹਿਯੋਗ ਕੀਤਾ ਜਾਵੇਗਾ। ਉਹਨਾਂ ਕਿਹਾ ਕੇ ਬੂਟੇ ਲਗਾ ਕੇ ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਣ ਲਈ ਉਹ ਹਮੇਸ਼ਾ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਇਲਾਕੇ ਦਾ ਨੌਜਵਾਨ ਵਰਗ ਪੌਦੇ ਲਗਾ ਕੇ ਵਾਤਾਵਰਣ ਦੀ ਖੁਸ਼ਹਾਲੀ 'ਚ ਵੀ ਯੋਗਦਾਨ ਪਾਵੇ।

ਇਸ ਮੌਕੇ ਚੜ੍ਹਦੀ ਕਲਾ ਸਮਾਜ ਸੇਵਾ ਸੁਸਾਇਟੀ ਦੇ ਸੇਵਾਦਾਰ ਸ਼ਮਸ਼ੇਰ ਚਮਕ, ਪਰਮਜੀਤ ਸਿੰਘ ਪੰਮਾ, ਡਾ. ਮਨਜੀਤ ਸਿੰਘ ਪਨੇਸਰ ਨੇ ਇਸ ਮੁਹਿੰਮ ਦਾ ਪੂਰਾ ਸਹਿਯੋਗ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਪਰਮਜੀਤ ਪੰਮਾ, ਡਾ. ਮਨਜੀਤ ਸਿੰਘ, ਅਵਤਾਰ ਸਿੰਘ ਰਾਜਾ, ਨਾਜ਼ਰ ਸਿੰਘ, ਵਿਕਰਮ ਸਿੰਘ, ਸਕੱਤਰ ਸਿੰਘ ਚੱਕ ਸ਼ਕੂਰ, ਸ਼ਮੇਸ਼ਰ ਚਮਕ, ਭਾਈ ਜਗੀਰ ਸਿੰਘ, ਗੁਰਸ਼ਾਂਤ ਸਿੰਘ, ਮਾਨਵ, ਹੈਰੀ, ਹਰਸੂਰਤ ਸਿੰਘ, ਨੰਬਰਦਾਰ ਸਾਹਿਬ ਸਿੰਘ ਟਾਂਡੀ, ਸਾਬੀ ਰਾਜਪੁਰ, ਪਰਮਜੀਤ ਸਿੰਘ ਟਾਂਡੀ, ਅਸ਼ੋਕ ਗਿੱਲ ਖੋਜਪੁਰ, ਰਮੇਸ਼ ਖੋਜਪੁਰ ਤੇ ਹੋਰ ਹਾਜ਼ਰ ਸਨ।

# ਪੰਜਾਬ ਨੂੰ ਹਰਿਆ ਭਰਿਆ ਬਣਾਉਣ ਵਾਸਤੇ ਹਰ ਪੰਜਾਬੀ ਸਮਝੇ ਆਪਣਾ ਫਰਜ਼ - ਸਮਰਾ

**ਬਟਾਲਾ (ਨ ਸ ਬਰਨਾਲ)—** ਵਿਸਵਭਰ ਵਿੱਚ ਜਿਥੇ ਥਾ ਥਾ ਤੇ ਰੈਲੀਆਂ ਤੇ ਸੈਮੀਨਾਰ ਕੀਤੇ ਜਾ ਰਹੇ ਹਨ, ਤੰਦਰੁਸਤੀ ਜਰੂਰੀ ਹੈ ਤੇ ਨਾਲ ਹੀ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਵਾਸਤੇ ਘਰ ਘਰ ਹੋਕਾ ਦੇਣ ਦੀ ਲੋੜ ਹੈ। ਇਹ ਸੁਨੇਹਾ ਸਿਖਿਆ ਵਿਭਾਗ ਉਚ ਅਧਿਕਾਰੀਆਂ, ਸਕੂਲ ਅਧਿਆਪਕਾਂ ਤੇ ਖਾਸ ਕਰਦੇ ਸਕੂਲੀ ਵਿਦਿਆਰਥੀਆਂ ਦੀ ਮਦਦ ਨਾਲ ਹਰ ਘੜੀ ਹਰ ਪਲ ਹੋਕਾ ਦੇ ਰਿਹਾ ਹੈ ਕਿ ਪੰਜਾਬੀਓ ਪੰਜਾਬ ਬਚਾਓ ਤੇ ਵਧ ਤੋ ਵਧ ਦਰੱਖਤ ਲਗਾ ਕੇ ਪੰਜਾਬ ਨੂੰ ਹਰਿਆ ਭਰਿਆ ਬਣਾਂਉਣ ਵਿੱਚ ਆਉ ਸਮਾਜ ਨਾਲ ਰਲੇ ਹੰਭਲਾ ਮਾਰੀਏ ਤਾ ਹੀ ਮਨੁਖਤਾ ਬਚ ਸਕਦੀ ਹੈ। ਵਿਦਿਆਰਥੀਆਂ ਵਿਚ ਚੇਤਨਾ ਭਰਨ ਦੇ ਮਕਸਦ ਨਾਲ ਜਿਲ੍ਹਾ ਸਿਖਿਆ ਅਫਸਰ, ਗੁਰਦਾਸਪੁਰ ਸ੍ਰੀ ਸਲਵਿੰਦਰ ਸਿਘ ਸਮਰਾ ਨੇ ਸਰਕਾਰੀ ਰਿਹਾਇਸੀਹੋਸਟਲ ਵਿਚ ਵਣ ਮਹਾਂ ਉਤਸਵ ਮਨਾਓਦਿਆ ਕਹੇ। ਪ੍ਰਿੰਸੀਪਲ ਭਾਰਤ ਭੂਸ਼ਣ ਦੀ ਅਗਵਾਈ ਹੇਠ ਮਿਸ਼ਨ ਤੰਦਰੁਸਤ ਪੰਜਾਬ ਤਹਿਤ ਮੈਰਾਥਨ ਦੌੜ, ਵਣ-ਮਹਾਂਉਤਸਵ ਮਨਾਇਆ ਗਿਆ। ਇਸ ਮੌਕੇ ਇੰਟਰ ਹਾਊਸ ਕੁਇੱਜ਼ ਮੁਕਾਬਲੇ ਵੀ ਕਰਵਾਏ ਗਏ। ਇਸ ਵਿੱਚ ਜ਼ਿਲਾ



ਸਿੱਖਿਆ ਅਫ਼ਸਰ (ਅ)ਸਲਵਿੰਦਰ ਸਿੰਘ ਸਮਰਾ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਇਸ ਮੌਕੇ ਸੰਬੋਧਨ ਕਰਦਿਆਂ ਡੀਈਓ ਸਮਰਾ ਨੇ ਦੱਸਿਆ ਕਿ ਅਗਰ ਅਸੀਂ ਵਧੀਆਪੰਜਾਬ ਤੇ ਸਮਾਜ ਸਿਰਜਣਾ ਹੈ ਤਾਂ ਸਾਨੂੰ ਆਪਣੀ ਤੇ ਵਾਤਾਵਰਨ ਦੀ ਤੰਦਰੁਸਤੀ ਵੱਲ ਧਿਆਨ ਦੇਣਾ ਪਵੇਗਾ।

ਆਪਣੀ ਤੰਦਰੁਸਤੀ ਲਈ ਕਸਰਤ ਤੇਵਾਤਾਵਰਨ ਦੀ ਤੰਦਰੁਸਤੀ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਹੋਣਗੇ। ਆਪਣੇ ਸਰਵਪੱਖੀ ਵਿਕਾਸ ਲਈ ਸਾਨੂੰ ਵੱਧ ਤੋਂ ਵੱਧ ਮੁਕਾਬਲਿਆਂ ਵਿੱਚ ਹਿੱਸਾਲੈਣਾ ਪਵੇਗਾ। ਇਸਦੇ ਨਾਲ ਹੀ ਸਾਨੂੰ ਨਸ਼ੇ ਦੇ ਕੋਹੜ ਨੂੰ ਤਿਆਗਣ ਦੀ ਲੋੜ ਹੈ। ਇਸ ਮੌਕੇ ਬਲਜਿੰਦਰ ਸਿੰਘ ਹਾਊਸ ਕੋਆਰਡੀਨੇਟਰ, ਰਾਜਵਿੰਦਰ ਸਿੰਘ, ਗੁਰਬਚਨ ਸਿੰਘ, ਰੁਪਿੰਦਰਜੀਤ ਕੌਰ, ਸੁਰਿੰਦਰ ਕੌਰ, ਅਸ਼ਤਿੰਦਰਪਾਲ, ਪਰਵਿੰਦਰ ਕੌਰ, ਕਸ਼ਮੀਰ ਕੌਰ, ਮੋਹਿਤ ਗੁਪਤਾ, ਗੁਰਦੀਪ ਸਿੰਘ, ਗੁਰਭੇਜ ਸਿੰਘ, ਅਮਰਜੀਤ ਸਿੰਘ, ਸੁਖਪਾਲ ਸਿੰਘ, ਨਵਦੀਪ ਕੁਮਾਰ, ਜਸਪਾਲ ਸਿੰਘ, ਤਰਸੇਮ ਸਿੰਘ, ਜਸਬੀਰ ਸਿੰਘ, ਬਲਵਿੰਦਰਪਾਲ, ਪੁਸ਼ਪਿੰਦਰ, ਮਨਜੀਤ ਕੌਰ, ਰਚਨਾ ਸਰੀਨ, ਮਨਪ੍ਰੀਤ ਕੌਰ, ਰਾਜਬੀਰ ਕੌਰ, ਗੁਰਬਿੰਦਰ ਕੌਰ, ਸੁਖਵਿੰਦਰ ਕੌਰ, ਪੁਨੀਤਪਾਲ ਕੌਰ, ਨਰਿੰਦਰ ਕੌਰਆਦਿ ਹਾਜ਼ਰ ਸਨ। ਵਖ ਆਈਟਮਾ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ ਦੇ ਸਨਾਮਨਿਆ ਗਿਆ। ਅੰਤ ਵਿਚ ਰਿਹਾਇਸੀ ਹੋਸਟਲ ਦੇ ਪ੍ਰਿੰਸੀਪਲ ਸ੍ਰੀ ਭਾਰਤ ਭੁਸਨ ਨੇ ਆਏ ਪਤਵੰਤਿਆਂ , ਡੀ ਈ ਓ ਐਲੀਮੈਟਰੀ , ਸਕੂਲ ਮੈਨੇਜਮੈਂਟ ਕਮੇਟੀ ਦਾ ਧਨਵਾਦ ਕੀਤਾ ਤੇ ਕਿਹਾ ਕਿ ਇਸ ਰਿਹਾਇਸੀ ਹੋਸਟਲ ਵਿਚ ਬੱਚਿਆਂ ਨੂੰ ਪੜਾਉਣਾ ਚਾਹੀਦਾ ਹੈ।

# ਗਲਾਸਗੋ 'ਚ ਹੋਇਆ ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਬਾਰੇ ਸੈਮੀਨਾਰ

## ਬਾਮਸੇਫ ਮੁਖੀ ਵਾਮਨ ਮੇਸ਼ਰਾਮ, ਸੁਖਪ੍ਰੀਤ ਸਿੰਘ ਉੱਦੋਕੇ ਨੇ ਕੀਤਾ ਸੰਬੋਧਨ

**ਲੰਡਨ (ਮਨਦੀਪ ਖੁਰਮੀ)–** ਸਿਆਣਿਆਂ ਦਾ ਕਥਨ ਹੈ ਕਿ ''ਤਕੜੇ ਦਾ ਸੱਤੀਂ ਵੀਹੀਂ ਸੌ''। ਜਿੰਨਾ ਚਿਰ ਦੱਬੇ ਕੁਚਲੇ ਨਿਤਾਣੇ ਲੋਕਾਂ ਨੂੰ ਜਾਗਰੂਕ ਕਰਕੇ ਆਪਣੀ ਹੋਣੀ ਦੇ ਮਾਲਕ ਨਹੀਂ ਬਣਾਇਆ ਜਾਂਦਾ, ਓਨੀ ਦੇਰ ਆਰਥਿਕ, ਸਰੀਰਕ ਤੇ ਮਾਨਸਿਕ ਲੁੱਟ ਹੁੰਦੀ ਹੀ ਰਹੇਗੀ। ਇਸ ਤਰ੍ਹਾ ਦੀ ਹੀ ਚੇਤਨਾ ਦੇ ਪਸਾਰੇ ਹਿਤ ਗਲਾਸਗੋ ਦੇ ਸੈਂਟਰਲ ਗੁਰਦੁਆਰਾ ਸਾਹਿਬ ਦੇ ਕਾਨਫਰੰਸ ਹਾਲ ਵਿੱਚ ਭਾਰਤ ਵਿੱਚ ਘੱਟ ਗਿਣਤੀਆਂ ਉੱਤੇ ਹੋ ਰਹੇ ਹਮਲਿਆਂ ਅਤੇ ਹਾਲਾਤਾਂ ਬਾਰੇ ਇੱਕ ਸੈਮੀਨਾਰ ਵਿਚਾਰ-ਗੋਸ਼ਟੀ ਕੀਤੀ ਗਈ। ਜਿਸ ਵਿੱਚ ਮਹਿਮਾਨ ਬੁਲਾਰਿਆਂ ਵਜੋਂ ਡਾ: ਸੁਖਪ੍ਰੀਤ ਸਿੰਘ ਉੱਦੋਕੇ, ਡਾ: ਭੀਮ ਰਾਓ ਅੰਬੇਦਕਰ ਸਾਹਿਬ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਣ ਵਾਲੀ ਸੰਸਥਾ ਬਾਮਸੇਫ ਦੇ ਮੁਖੀ ਵਾਮਨ ਮੇਸ਼ਰਾਮ, ਟੀ.ਵੀ. ਚੈਨਲ ਵਾਇਸ ਆਫ ਖਾਲਸਾ ਵੱਲੋਂ ਸੁਖਵਿੰਦਰ ਸਿੰਘ ਅਮਰੀਕਾ ਅਤੇ ਲੰਡਨ ਤੋਂ ਐੱਚ. ਐੱਲ. ਬੇਦੀ ਨੇ ਸਿਰਕਤ ਕੀਤੀ। ਸੈਮੀਨਾਰ ਦੀ ਸ਼ੁਰੂਆਤ ਸੋਹਣ ਲਾਲ ਗੰਡਾ ਦੇ ਸਵਾਗਤੀ ਭਾਸ਼ਣ ਨਾਲ ਹੋਈ। ਫਿਰ ਸ: ਸੁਖਿਵੰਦਰ ਸਿੰਘ ਅਮਰੀਕਾ ਨੇ ਭਾਰਤ ਵਿੱਚ ਘੱਟ ਗਿਣਤੀਆਂ ਦੇ ਸੱਚ ਨੂੰ ਦਬਾ ਕੇ ਉਹਨਾਂ ਦੀ ਅਵਾਜ਼ ਨੂੰ ਬੰਦ ਕਰਨ ਦੇ ਕੀਤੇ ਜਾ ਰਹੇ ਯਤਨਾਂ ਬਾਰੇ ਵਿਸਥਾਰ ਪੂਰਵਕ ਵਿਚਾਰ ਪੇਸ਼ ਕੀਤੇ। ਇਸ ਤੋਂ ਬਾਅਦ ਸ਼੍ਰੀ ਮੇਸ਼ਰਾਮ ਨੇ ਦੱਸਿਆ ਕਿ ਕਿਵੇਂ ਭਾਰਤ ਵਿੱਚ ਲੋਕ-ਤੰਤਰ



ਨੂੰ ਬ੍ਰਾਹਮਣ-ਤੰਤਰ ਵਿੱਚ ਤਬਦੀਲ ਕਰਨ ਦਾ ਨਿਰੰਤਰ ਯਤਨ ਕੀਤਾ ਜਾ ਰਿਹਾ ਹੈ ਜੋ ਕਿ ਪੁਰਾਤਨ ਸਮਿਆਂ ਤੋਂ ਲੈ ਕੇ ਘੱਟ ਗਿਣਤੀਆਂ ਨਾਲ ਅੱਜ ਤੱਕ ਹੋ ਰਿਹਾ ਹੈ। ਉਹਨਾਂ ਜ਼ੋਰ ਦਿੰਦਿਆਂ ਕਿਹਾ ਕਿ ਇਸ ਜ਼ਲਾਲਤ ਭਰੇ ਵਿਤਕਰੇ ਤੋਂ ਛੁਟਕਾਰਾ ਸਿਰਫ ਤੇ ਸਿਰਫ ਚੇਤਨ ਹੋ ਕੇ ਹੀ ਪਾਇਆ ਜਾ ਸਕਦਾ ਹੈ।

ਇਸ ਤੋਂ ਉਪਰੰਤ ਡਾ: ਸੁਖਪ੍ਰੀਤ ਸਿੰਘ ਓਦੋਕੇ ਨੇ ਭਾਰਤ ਵਿੱਚ ਘੱਟ ਗਿਣਤੀਆਂ ਦੇ ਹਾਲਾਤਾਂ, ਉਹਨਾਂ ਤੇ ਹੋ ਰਹੇ ਮਾਨਸਿਕ ਸਰੀਰਕ ਹਮਲਿਆਂ, ਬਿਪਰਵਾਦੀ ਬ੍ਰਾਹਮਣਵਾਦੀ ਨੀਤੀਆਂ, ਭਾਰਤੀ ਸਰਕਾਰਾਂ ਦੀ ਘੱਟ ਗਿਣਤੀਆਂ ਵਿਰੁੱਧ ਮਾਰੂ ਹੱਲਾਸ਼ੇਰੀ ਤੇ ਕੂਟਨੀਤਿਕ ਸਾਜਿਸ਼ਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ।

ਅੰਤ ਵਿੱਚ ਸੈਂਟਰਲ ਗੁਰਦੁਆਰਾ ਗਲਾਸਗੋ ਦੇ ਪ੍ਰਧਾਨ ਸੁਰਜੀਤ ਸਿੰਘ ਚੌਧਰੀ ਨੇ ਆਈਆਂ ਹੋਈਆਂ ਸੰਗਤਾ ਦਾ ਧੰਨਵਾਦ ਕਰਦਿਆਂ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਵੀ ਭੇਂਟ ਕੀਤੇ। ਮੰਚ ਸੰਚਾਲਕ ਦੇ ਫ਼ਰਜ਼ ਹਰਜੀਤ ਦੁਸਾਂਝ ਨੇ ਨਿਭਾਏ। ਇਸ ਸਮੇਂ ਪ੍ਰਬੰਧਕ ਸੱਜਣਾ ਵਿੱਚ ਹਰਪਾਲ ਸਿੰਘ, ਤਰਲੋਚਨ ਮੁਠੱਡਾ, ਦਲਜੀਤ ਦਿਲਬਰ, ਮੁਲਕ ਰਾਜ ਮੁਠੱਡਾ ਤੋਂ ਇਲਾਵਾ ਆਸਟਰੇਲੀਆ ਤੋਂ ਕਪਿਲ ਠੋਕਲ, ਇਟਲੀ ਤੋਂ ਜਸਵਿੰਦਰ ਸੋਧੀ ਬਾਮਸੇਫ ਸਮੇਤ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਜਰਨਲਿਸਟ ਪ੍ਰੈਸ ਕਲੱਬ ਰਜਿ. ਫਗਵਾੜਾ ਯੂਨਿਟ ਨੇ ਨਸ਼ਿਆਂ ਖਿਲਾਫ ਕੀਤਾ ਜਾਗਰੂਕਤਾ ਸਮਾਗਮ ਦਾ ਆਯੋਜਨ

**ਫਗਵਾੜਾ (ਬੀ ਕੇ ਰੱਤੂ )–** ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ ਯੂਨਿਟ ਫਗਵਾੜਾ ਵਲੋਂ ਪੰਜਾਬ ਦੇ ਨੌਜਵਾਨਾਂ ਦੀਆਂ ਨਸ਼ਿਆਂ ਕਾਰਨ ਹੋ ਰਹੀਆਂ ਬੇਇੰਤਹਾ ਮੌਤਾਂ ਨੂੰ ਮੁੱਖ ਰੱਖਦੇ ਹੋਏ ਨਸ਼ਿਆਂ ਵਿਰੁੱਧ 'ਕਰੋ ਜਾਂ ਮਰੋ' ਤਹਿਤ ਪ੍ਰੋਜੈਕਟ ਡਾਇਰੈਕਟਰ ਕੁਨਾਲ ਸ਼ਰਮਾ ਅਤੇ ਯਤਿਨ ਸ਼ਰਮਾ ਦੀ ਅਗਵਾਈ ਹੇਠ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸਦੀ ਪ੍ਰਧਾਨਗੀ ਕਲੱਬ ਦੇ ਚੇਅਰਮੈਨ ਡਾ. ਰਮਨ ਸ਼ਰਮਾ ਅਤੇ ਪ੍ਰਧਾਨ ਕ੍ਰਿਪਾਲ ਸਿੰਘ ਮਾਇਓਪੱਟੀ ਨੇ ਸਾਂਝੇ ਤੌਰ ਤੇ ਕੀਤੀ। ਇਸ ਤੋਂ ਪਹਿਲਾਂ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਲੜਕੇ ਤੋਂ ਮਨੁਖੀ ਚੇਨ ਬਣਾ ਕੇ ਬੱਸ ਸਟੈਂਡ ਤਕ ਪੈਦਲ ਮਾਰਚ ਵੀ ਕੀਤਾ ਗਿਆ। ਮਾਰਚ ਦੌਰਾਨ ਵਿਦਿਆਰਥੀਆਂ ਨੇ ਹੱਥਾਂ ਵਿਚ ਨਸ਼ਿਆਂ ਵਿਰੁੱਧ ਸਲੋਗਨ ਲਿਖੀਆਂ ਤਖਤੀਆਂ ਫੜੀਆਂ ਹੋਈਆਂ ਸਨ। ਕਲੱਬ ਮੈਂਬਰਾਂ ਨੇ ਵੀ ਨਸ਼ਿਆਂ ਪ੍ਰਤੀ ਰੋਸ ਵਜੋਂ ਬਾਹਾਂ ਤੇ ਕਾਲੀਆਂ ਪੱਟੀਆਂ ਬੰਨ੍ਹਿਆਂ ਸਨ। ਬੱਸ ਸਟੈਂਡ ਦੇ ਨਜਦੀਕ ਆਯੋਜਿਤ ਉਕਤ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਮਾਨ ਸਾਬਕਾ ਕੈਬਿਨੇਟ ਮੰਤਰੀ ਤੋਂ ਇਲਾਵਾ ਐਸ.ਡੀ.ਐਮ. ਫਗਵਾੜਾ ਜਯੋਤੀ ਬਾਲਾ ਮੱਟੂ, ਸ਼੍ਰੀ ਸੁਖਬੀਰ ਸੰਧਰ ਐਮ.ਡੀ. ਵਾਹਦ ਸੰਧਰ ਸ਼ੁਗਰ ਮਿਲ, ਸਨੀ ਵਾਹਦ, ਗੁਰਿੰਦਰ ਸਿੰਘ ਸੈਨੇਟਰੀ ਇੰਸਪੈਕਟਰ ਨਗਰ ਨਿਗਮ ਫਗਵਾੜਾ, ਮੈਡਮ ਵੰਦਨਾ ਵੀ.ਐਲ.ਸੀ.ਸੀ. ਇੰਸਟੀਚਿਊਟ, ਜੋਗਿੰਦਰ ਪਾਲ ਪ੍ਰਿੰਸੀਪਲ ਰਾਮਗੜ੍ਹੀਆ ਸੀਨੀਅਰ ਸੈਕੇਂਡਰੀ ਸਕੂਲ, ਸੂਬਾ ਕਾਂਗਰਸ ਸਕੱਤਰ ਮਨੀਸ਼ ਭਾਰਦਵਾਜ, ਕੋਂਸਲਰ ਸੰਜੀਵ ਬੁੱਗਾ, ਜਤਿੰਦਰ ਵਰਮਾਨੀ ਕਾਂਗਰਸੀ ਆਗੂ ਅਵਿਨਾਸ਼



ਗੁਪਤਾ ਬਾਸ਼ੀ, ਸ਼੍ਰੀਮਤੀ ਸਰਬਜੀਤ ਕੌਰ ਕੌਂਸਲਰ ਅਤੇ ਸਾਹਿਤਕਾਰ ਗੁਰਮੀਤ ਪਲਾਹੀ ਸ਼ਾਮਲ ਹੋਏ। ਇਸ ਦੌਰਾਨ ਆਪਣਾ ਥੀਏਟਰ ਗਰੁਪ ਵਲੋਂ 'ਨਸ਼ੇ ਛੱਡੋ, ਕੋਹੜ ਵੱਢੋ' ਨੁੱਕੜ ਨਾਟਕ ਪੇਸ਼ ਕੀਤਾ ਗਿਆ। ਨਾਟਕ ਦੇ ਡਾਇਰੈਕਟਰ ਕੁਲਦੀਪ ਵਸ਼ਿਸ਼ਟ ਨੇ ਦੱਸਿਆ ਕਿ ਨਸ਼ੀਆਂ ਦੇ ਕੋਹੜ ਨੂੰ ਖਤਮ ਕਰਨ ਲਈ ਉਹਨਾ ਨਾਟਕ ਦੇ ਜਰਿਏ ਜਾਗਰੁਕਤਾ ਪੈਦਾ ਕਰਨ ਲਈ ਉਹਨਾ ਦੇ ਗਰੁਪ ਵਲੋ ਇਹ ਇੱਕ ਛੋਟੀ ਜਹੀ ਕੋਸ਼ਿਸ਼ ਸੀ ਜਿਸ ਵਿੱਚ ਯੋਗਦਾਨ ਦੇਣ ਲਈ ਸੰਦੀਪ ਕਸ਼ਯਪ, ਸੰਦੀਪ ਸਿੰਘ, ਮਨੀ ਥਾਪਰ, ਵਿਕਾਸ, ਲਖਵਿੰਦਰ, ਫਰਹੀਨ, ਕਿਰਨ, ਗੁਰਮੁਖ, ਸਨੀ, ਲਲੀਤ, ਜਸਪ੍ਰੀਤ, ਕਮਲਜੀਤ, ਗੁਰਿੰਦਰ, ਗਗਨਦੀਪ ਆਦਿ ਕਲਾਕਾਰਾਂ ਨੇ ਭਰਪੂਰ ਸਹਿਯੋਗ ਦਿਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਐਸ.ਡੀ.ਐਮ. ਜਯੋਤੀ ਬਾਲਾ ਮੱਟੂ ਨੇ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਪੰਜਾਬ ਸਰਕਾਰ ਦੀ ਨਸ਼ਿਆਂ ਖਿਲਾਫ ਚਲਾਈ ਗਈ 'ਤੰਦਰੁਸਤ ਪੰਜਾਬ' ਮੁਹਿਮ ਨੂੰ ਬਹੁੱਤ ਵੱਢਾ ਸਹਿਯੋਗ ਹੈ। ਉਹਨਾਂ ਇਸ ਉਪਰਾਲੇ ਨੂੰ ਅੱਗੇ ਵੀ ਜਾਰੀ ਰੱਖਣ ਦੀ ਅਪੀਲ ਕਰਦੇ ਹੋਏ ਸਰਕਾਰੀ ਸਹਿਯੋਗ ਦਾ ਭਰੋਸਾ ਦਿੱਤਾ। ਜੋਗਿੰਦਰ ਸਿੰਘ ਮਾਨ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਨਸ਼ੇ ਪੰਜਾਬ ਨੂੰ ਕੋਹੜ ਦੀ ਤਰ੍ਹਾਂ ਚੰਬੜ ਗਏ ਹਨ ਜਿਸ ਨਾਲ ਸੂਬੇ ਦੀ ਜਵਾਨੀ ਤਬਾਹ ਹੋ ਰਹੀ ਹੈ। ਉਹਨਾਂ ਕਿਹਾ ਕਿ ਕੈਪਟਨ ਸਰਕਾਰ ਨੇ ਨਸ਼ਾ ਤਸਕਰਾਂ ਨੂੰ ਮੌਤ ਦੀ ਸਜਾ ਦੀ ਸਿਫਾਰਸ਼ ਕਰਕੇ ਬਹੁਤ ਵਧੀਆ ਕੰਮ ਕੀਤਾ ਹੈ। ਸਰਕਾਰ ਨਸ਼ਿਆਂ ਨੂੰ ਖਤਮ ਕਰਨ ਲਈ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਜਿਸ ਦੇ ਚੰਗੇ ਨਤੀਜੇ ਜਲਦੀ ਹੀ ਸਾਹਮਣੇ ਆਉਣਗੇ। ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਮੀਡੀਆ ਇਕ ਬਹੁਤ ਵੱਡੀ ਤਾਕਤ ਹੈ ਜੇਕਰ ਮੀਡੀਆ ਚਾਹੇ ਤਾਂ ਵੱਡੇ ਵੱਡੇ ਕੰਮ ਵੀ ਪੂਰੇ ਹੋ ਜਾਂਦੇ ਹਨ। ਅਖੀਰ ਵਿਚ ਜਰਨਲਿਸਟ ਪ੍ਰੈਸ ਕਲੱਬ ਦੇ ਫਗਵਾੜਾ ਪ੍ਰਧਾਨ ਕ੍ਰਿਪਾਲ ਸਿੰਘ ਮਾਇਓਪੱਟੀ ਨੇ ਸਮੂਹ ਹਾਜਰੀਨ ਦਾ ਪਹੁੰਚਣ ਲਈ ਧੰਨਵਾਦ ਕੀਤਾ ਅਤੇ ਵਿਸ਼ਵਾਸ ਦੁਆਇਆ ਕਿ ਅਜਿਹੇ ਲੋਕ ਭਲਾਈ ਦੇ ਕੰਮ ਭਵਿੱਖ ਵਿਚ ਵੀ ਜਾਰੀ ਰੱਖੇ ਜਾਣਗੇ। ਇਸ ਮੌਕੇ ਮਾਸਟਰ ਸੁਖਦੇਵ, ਜਰਨਲਿਸਟ ਪ੍ਰੈਸ ਕਲੱਬ ਰਜਿ. ਜਲੰਧਰ ਦੇ ਚੇਅਰਮੈਨ ਜੇ.ਐਸ. ਸੰਧੂ, ਸ਼੍ਰੀ ਮਨਜੀਤ ਮਾਨ ਪੰਜਾਬ ਪ੍ਰਧਾਨ, ਰਵਿੰਦਰ ਵਰਮਾ ਜਨਰਲ ਸਕੱਤਰ ਪੰਜਾਬ, ਰੁਪਿੰਦਰ ਸਿੰਘ ਪ੍ਰਧਾਨ ਜਲੰਧਰ ਯੂਨਿਟ, ਅਸ਼ੋਕ ਲਾਡੀ ਮੀਤ ਪ੍ਰਧਾਨ, ਰਾਜੇਸ਼ ਕੁਮਾਰ ਚੇਅਰਮੈਨ ਜਲੰਧਰ ਤੋਂ ਇਲਾਵਾ ਬੀ.ਕੇ. ਰੱਤੂ, ਪਰਮਿੰਦਰ ਸਿੰਘ, ਸੁਦੇਸ਼, ਪਵਿੱਤਰ ਸਿੰਘ, ਜਸਵੀਰ ਜੱਸੀ, ਜਤਿੰਦਰ ਪਾਸਵਾਨ, ਜਸਵਿੰਦਰ ਭਗਤਪੁਰਾ, ਮਨਜੀਤ ਰਾਮ, ਅਸ਼ੋਕ ਲਾਲ, ਕੇ.ਐਸ. ਨੂੰਰ, ਰੁਪਿੰਦਰ ਕੌਰ ਵੀ ਹਾਜਰ ਸਨ।

# ਅਰਬਨ ਅਸਟੇਟ ਰੈਜੀਡੈਂਟਸ ਵੈਲਫੇਅਰ ਐਸੋਸੀਏਸ਼ਨ ਨੇ ਸਮੱਸਿਆਵਾਂ ਸਬੰਧੀ ਜੋਗਿੰਦਰ ਸਿੰਘ ਮਾਨ ਨੂੰ ਦਿੱਤਾ ਮੰਗ ਪੱਤਰ

**ਫਗਵਾੜਾ (ਬੀ ਕੇ ਰੱਤੂ)–** ਅਰਬਨ ਅਸਟੇਟ ਰੈਜੀਡੈਂਟਸ ਵੈਲਫੇਅਰ ਐਸੋਸੀਏਸ਼ਨ ਰਜਿ. ਫਗਵਾੜਾ ਵਲੋਂ ਇਲਾਕੇ ਦੀਆਂ ਸਮੱਸਿਆਵਾਂ ਸਬੰਧੀ ਇਕ ਮੰਗ ਪੱਤਰ ਪੰਜਾਬ ਦੇ ਸਾਬਕਾ ਕੈ-ਬਿਨੇਟ ਮੰਤਰੀ ਅਤੇ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਜੋਗਿੰਦਰਿ ਸਿੰਘ ਮਾਨ ਨੂੰ ਦਿੱਤਾ ਗਿਆ। ਐਸੋਸੀਏਸ਼ਨ ਦੇ ਚੇਅਰਮੈਨ ਆਰ.ਸੀ. ਟੰਡਨ, ਪ੍ਰਧਾਨ ਜੋਗਿੰਦਰ ਕੁਮਾਰ ਚੱਢਾ ਅਤੇ ਜਨਰਲ ਸਕੱਤਰ ਸਰਵਨ ਰਾਮ ਬਿਰਹਾ ਨੇ ਸ੍ਰ. ਮਾਨ ਨੂੰ ਦੱਸਿਆ ਕਿ ਅਰਬਨ ਅਸਟੇਟ ਵਿਖੇ ਸਟਰੀਟ ਲਾਈਟਾਂ ਕਾਫੀ ਸਮੇਂ ਤੋਂ ਬੰਦ ਪਈਆਂ ਹਨ। ਸੀਵਰੇਜ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਰਕੇ ਬਰਸਾਤੀ ਅਤੇ ਸੀਵਰੇਜ ਦਾ ਗੰਦਾ ਪਾਣੀ ਸੜਕਾਂ ਉਪਰ ਇਹ ਪਾਣੀ ਖੜਾ ਰਹਿੰਦਾ ਹੈ। ਕਮਿਉਨਿਟੀ ਸੈਂਟਰ ਦੇ ਆਲੇ-ਦੁਆਲੇ ਗੰਦਗੀ ਦੀ ਸਫਾਈ ਨਹੀਂ ਕੀਤੀ ਜਾ ਰਹੀ। ਇਸਦੇ ਰੱਖ



ਰਖਾਅ ਦੀ ਜਿੰਮੇਵਾਰੀ ਐਸੋਸੀਏਸ਼ਨ ਨੂੰ ਦਿੱਤੀ ਜਾਵੇ। ਪਾਰਕਾਂ ਦੀ ਸਫਾਈ ਲਈ ਫੰਡ ਦੀ ਰਕਮ ਐਸੋਸੀਏਸ਼ਨ ਨੂੰ ਦੁਆਈ ਜਾਵੇ। ਮੇਨ ਰੋਡ ਦੀ ਸੜਕ ਦੇ ਉਸਾਰੀ ਅਧੀਨ ਹਿੱਸੇ ਦੀ ਜਲਦ ਉਸਾਰੀ ਕਰਵਾਈ ਜਾਵੇ। ਅਰਬਨ ਅਸਟੇਟ ਵਿਖੇ ਸਰਕਾਰੀ ਤੌਰ ਤੇ ਜਿਮ ਦੀ ਸਹੂਲਤ ਦਿੱਤੀ ਜਾਵੇ ਤਾਂ ਜੋ ਨੌਜਵਾਨ ਸਿਹਤ ਪ੍ਰਤੀ ਜਾਗਰੁਕ ਹੋ ਸਕਣ। ਜੋਗਿੰਦਰ ਸਿੰਘ ਮਾਨ ਨੇ ਮੌਕੇ ਤੇ ਅਸਿਸਟੈਂਟ ਕਮੀਸ਼ਨਰ ਸੁਰਜੀਤ ਸਿੰਘ ਨੂੰ ਸੱਦ ਕੇ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦੁਆਇਆ ਅਤੇ ਕਿਹਾ ਕਿ ਸਾਰੀਆਂ ਮੰਗਾਂ ਨੂੰ ਸਬੰਧਤ ਅਧਿਕਾਰੀਆਂ ਰਾਹੀਂ ਪੂਰਾ ਕਰਵਾਇਆ ਜਾਵੇਗਾ। ਇਸ ਮੌਕੇ ਸਾਬਕਾ ਕੌਂਸਲਰ ਸੁਸ਼ੀਲ ਮੈਨੀ, ਰਾਜਵੰਤ ਸਿੰਘ ਝਿੱਕਾ ਤੋਂ ਇਲਾਵਾ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਹਾਜਰ ਸਨ।

# ਪੰਜਾਬੀ ਸਾਹਿਤ ਸਿਰਜਨਾ ਮੰਚ ਵੱਲੋਂ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਦੀ ਚੌਥੀ ਪੁਸਤਕ "ਪੰਜਾਬੀ ਵਿਰਸੇ ਦੀਆ ਅਣਮੁੱਲੀਆ ਯਾਦਾਂ" 'ਤੇ ਗੋਸਟੀ ਅਤੇ ਕਵੀ ਦਰਬਾਰ ਹੋਇਆ

**ਬਠਿੰਡਾ (ਗੁਰਬਾਜ ਗਿੱਲ)–** ਪੰਜਾਬੀ ਸਾਹਿਤ ਸਿਰਜਨਾ ਮੰਚ ਵੱਲੋਂ ਸ਼੍ਰੋਮਣੀ ਸਾਹਿਤਕਾਰ ਅਤੇ ਮੰਚ ਦੇ ਪ੍ਰਧਾਨ ਪ੍ਰਗਟ ਸਿੰਘ ਜੰਬਰ ਦੇ ਗ੍ਰਹਿ ਵਿਖੇ ਵਿਰਸੇ ਦੇ ਵਾਰਿਸ ਖਿਤਾਬ ਨਾਲ ਸਨਮਾਨਿਤ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਦੀ ਚੌਥੀ ਪੁਸਤਕ ''ਪੰਜਾਬੀ ਵਿਰਸੇ ਦੀਆ ਅਣਮੁੱਲੀਆ ਯਾਦਾਂ'' 'ਤੇ ਇੱਕ ਗੋਸਟੀ ਕੀਤੀ ਗਈ। ਜਿਸ ਵਿੱਚ ਪੇਂਡੂ ਸਾਹਿਤ ਸਭਾ ਚੀਮਾਂ ਦੇ ਪ੍ਰਧਾਨ ਗੁਰਦੀਪ ਸਿੰਘ ਚੀਮਾ ਨੇ ਕਿਹਾ ਕਿ ਇਹ ਕਿਤਾਬ ਬਹੁਤ ਹੀ ਵਧੀਆ ਅਤੇ ਸਾਂਭਣਯੋਗ ਹੈ। ਪੰਜਾਬੀ ਸਾਹਿਤ ਸਿਰਜਨਾ ਮੰਚ ਵੱਲੋਂ ਸ਼੍ਰੋਮਣੀ ਸਾਹਿਤਕਾਰ ਅਤੇ ਮੰਚ ਦੇ ਪ੍ਰਧਾਨ ਪ੍ਰਗਟ ਸਿੰਘ ਜੰਬਰ ਨੇ ਕਿਹਾ ਕਿ ਇਸ ਕਿਤਾਬ ਵਿੱਚ ਭਾਵੇ ਕਿ ਕੁਝ ਕਮੀਆ ਵੀ ਹਨ, ਪਰ ਪੁਰਾਣੇ ਵਿਰਸੇ ਬਾਰੇ ਭਰਪੂਰ ਜਾਣਕਾਰੀ ਵੀ ਹੈ। ਆਲ ਇੰਡੀਆ ਕਸੱਤਰੀਆ ਟਾਂਕ ਪ੍ਰਤੀਨਿਧ ਸਭਾ ਦੇ ਪ੍ਰਧਾਨ ਨਿਰੰਜਨ ਸਿੰਘ ਰੱਖਰਾ ਨੇ ਕਿਹਾ ਕਿ ਮੈਨੂੰ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਦੀਆਂ ਚਾਰਾਂ ਕਿਤਾਬਾਂ ਦੇ ਰਿਲੀਜ਼ ਸਮਾਗਮਾਂ ਵਿੱਚ ਮੰਚ ਸੰਚਾਲਨ ਦੀ ਸੇਵਾ ਨਿਭਾਉਣ ਦਾ ਮੌਕਾ ਮਿਲਿਆ ਅਤੇ ਮੈਂ ਇਹਨਾਂ ਦੀਆ ਇਹਨਾਂ ਕਿਤਾਬਾਂ ਨੂੰ ਇੱਕ ਵਾਰ ਨਹੀਂ ਬਹੁਤ ਵਾਰ ਪੜਿਆ, ਜਿਹੜੀਆਂ ਸਾਨੂੰ ਪੁਰਾਣੇ



ਵਿਰਸੇ ਦੀ ਭਰਪੂਰ ਜਾਣਕਾਰੀ ਦਿੰਦੀਆ ਨੇ ਅਤੇ ਸਾਡੀ ਆਉਣ ਵਾਲੀ ਪੀੜੀ ਦੇ ਕੰਮ ਆਉਣਗੀਆਂ, ਕਿਉਕਿ ਆਉਣ ਵਾਲੇ ਸਮੇਂ ਚ' ਪੰਜਾਬੀ ਵਿਰਸਾ ਸਿਰਫ ਪੜ੍ਹਨ ਨੂੰ ਹੀ ਮਿਲੇਗਾ, ਦੇਖਣ ਲਈ ਤਾਂ ਕੁਝ ਬਚਨਾ ਹੀ ਨਹੀਂ, ਕਿ ਅਸੀਂ ਆਪਣੇ ਬੱਚਿਆ ਨੂੰ ਦਿਖਾ ਸਕੀਏ। ਸਾਹਿਤ ਸਭਾ ਬਰੀਵਾਲਾ ਦੇ ਪ੍ਰਧਾਨ ਤੀਰਥ ਸਿੰਘ ਕਮਲ ਨੇ ਆਖਿਆ ਕਿ ਸਮਾਂ ਬੜੀ ਤੇਜੀ ਨਾਲ ਬਦਲ ਰਿਹਾ, ਇਹਦੀ ਅਤਿਅੰਤ ਲੋੜ ਪਵੇਗੀ ਕਿ ਸਾਡੀ ਆਉਣ ਵਾਲੀ




ਪੀੜੀ ਸਾਡੇ ਵਿਰਸੇ ਤੋਂ ਜਾਣੂ ਹੋਵੇ। ਥੋੜੇ ਸਮੇਂ ਬਾਅਦ ਇਸ ਕਿਤਾਬ ਦਾ ਮੁੱਲ ਪਵੇਗਾ ਤੇ ਸ਼ਰਮਾ ਜੀ ਨੂੰ ਇਹਦਾ ਹੋਰ ਐਡੀਸ਼ਨ ਛਪਵਾਉਣਾ ਪਵੇਗਾ ਅਤੇ ਸ਼ਰਮਾ ਜੀ ਦੇ ਘਰ ਵਿੱਚੋ ਕਿਤਾਬਾਂ ਨਾ ਮੁਕਾਉਣ ਦੀ ਤਾਕੀਦ ਵੀ ਕੀਤੀ। ਇਹਨਾਂ ਤੋਂ ਇਲਾਵਾ ਪੁਸਤਕ ਚਰਚਾ ਵਿੱਚ ਅਵਤਾਰ ਸਿੰਘ, ਰਾਜੀਵ ਟੋਲੀ, ਮੋਹਣ ਸਿੰਘ, ਧਰਮ ਪ੍ਰਵਾਨਾ, ਦੀਪਕ ਤੇਜਾ ਅਤੇ ਨਵਦੀਪ ਸੁੱਖੀ ਨੇ ਭਾਗ ਲਿਆ। ਬਾਅਦ ਵਿੱਚ ਹੋਏ ਕਵੀ ਦਰਬਾਰ ਵਿੱਚ ਤੀਰਥ ਸਿੰਘ ਕਮਲ ਨੇ ਕਾਵਿ-ਵਿਅੰਗ, ਕੁਲਵੰਤ ਸਰੋਤਾ ਬਰੀਵਾਲਾ, ਲਾਲ ਚੰਦ ਰੁਪਾਣਾ, ਦੀਪਕ ਤੇਜਾ ਅਤੇ ਸੁਖਵਿੰਦਰ ਸੁੱਖੀ ਨੇ ਗੀਤ ਸੁਣਾਕੇ ਆਪਣੀ ਹਾਜ਼ਰੀ ਲੁਵਾਈ। ਚੂਹੜ ਸਿੰਘ, ਸ਼ਾਮ ਲਾਲ ਬਾਂਸਲ, ਓਮ ਪ੍ਰਕਾਸ਼, ਮੋਹਣ ਸਿੰਘ, ਨਿਰੰਜਨ ਸਿੰਘ ਰੱਖਰਾ, ਗੁਰਬਿੰਦਰ ਸਿੰਘ, ਗੁਰਜੰਟ ਸਿੰਘ, ਸਿਵ ਨਾਥ ਦਰਦੀ, ਬੀਰਬਲ ਸੱਦੀ ਅਤੇ ਜਸਵੀਰ ਸ਼ਰਮਾ ਦੱਦਾਹੂਰ ਨੇ ਕਵਿਤਾਵਾਂ ਸੁਣਾਈਆ। ਮੰਚ ਸੰਚਾਲਨ ਦੀ ਭੂਮਿਕਾ ਨਵਦੀਪ ਸੁੱਖੀ ਨੇ ਬਾਖੂਬੀ ਨਿਭਾਈ। ਅਖੀਰ ਵਿੱਚ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਨੂੰ ਮੰਚ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

## ਅਧੂਰਾ ਸਿਰਨਾਵਾਂ

ਕਦੇ ਕਦੇ ਚਿੱਤ ਉਠਦੀਆਂ ਚਾਵਾਂ
ਇੱਕ ਲਿਖਾਂ ਤੇਰੇ ਨਾ' ਸਿਰਨਾਵਾਂ

ਬੋਲ ਲਿਖਾਂ ਮੈਂ ਕੁਝ ਅਣ ਬੋਲੇ
ਖ਼ਿਆਲ ਲਿਖਾਂ ਵਿੱਚ ਕੁਝ ਅਣਭੋਲੇ

ਕੁਝ ਲਿਖਾਂ ਤੇਰੇ ਮਨ ਦੀਆਂ ਗੱਲਾਂ
ਨਾਲ ਲਿਖਾਂ ਮੇਰੇ ਦਿਲ ਦੀਆਂ ਛੱਲਾਂ

ਲਿਖ ਦਿਆਂ ਤੇਰਾ ਸਾਥ ਹੰਢਾਇਆ
ਰਬ ਵਰਗਾ ਤੇਰਾ ਪਿਆਰ ਜੋ ਪਾਇਆ

ਪਲ ਪਲ ਜੋ ਸੀ ਨਾਲ ਬਿਤਾਇਆ
ਯਾਦਾਂ ਦਾ ਉਹ ਸਭ ਸਰਮਾਇਆ

ਤੁਰ ਗਿਆ ਸੀ ਜੋ ਪਾ ਜੁਦਾਈਆਂ
ਦਿਲ ਦੀਆਂ ਲਿਖ ਦਿਆਂ ਉਹ ਤਨਹਾਈਆਂ

ਇੰਤਜਾਰ ਬੜਾ ਸੀ ਤੂੰ ਨਾ ਆਇਆ
ਬੇਦਰਦਾ ਕੋਈ ਖ਼ਤ ਨਾ ਪਾਇਆ

ਲਿਖਾਂ ਕਿੱਕਰ ਦੀ ਛਾਵੇਂ ਬਹਿ ਕੇ
ਨਾਲ਼ ਰੋਵਾਂ ਤੇਰਾ ਨਾ' ਲੈ ਲੈ ਕੇ

ਇੱਕ ਸੋਚਾਂ ਕਿਉਂ ਲਿਖਾਂ ਸਿਰਨਾਵਾਂ
ਜਦ ਤੂੰ ਕਰਲੀਆਂ ਵੱਖਰੀਆਂ ਰਾਹਾਂ

ਕੁਝ ਨਹੀ ਸੁਝਦਾ ਯਾਰ ਬੇਦਰਦਾ
ਝੂਠਾ ਸੀ ਤੇਰਾ ਪਿਆਰ ਬੇਦਰਦਾ

ਤੂੰ ਕਦੇ ਮੇਰੇ ਸ਼ਹਿਰ ਨਹੀਂ ਆਉਣਾ
ਆ ਕੇ ਸੀਨੇ ਠਾਰ ਨਹੀਂ ਪਾਉਣਾ

ਆਸ "ਕਿਰਨ" ਦੀ ਬੁੱਝਦੀ ਜਾਵੇ
ਫਿਰ ਵੀ ਤੇਰੀ ਖ਼ੈਰ ਮਨਾਵੇ

**ਸ਼ਾਹ ਰਚਨਾ "ਕਿਰਨ ਸ਼ਾਹ"**
**91-99144-49133**

## "ਫੇਸਬੁੱਕ+ਵਟਸਅੱਪ"

ਫੇਸਬੁੱਕ ਵਟਸਅਪ ਵਾਲਾ ਬੁਖਾਰ ਹੈ ਬਹੁਤ ਭੈੜਾ,

ਚੜ੍ਹ ਜਾਵੇ ਇਕ ਵਾਰ ਲਹਿੰਦਾ ਨਹੀ ਦੋਸਤੋ!

ਸੱਚ ਸੋਲਾਂ ਆਨੇ ਗੱਲ ਲੋਹੇ ਤੇ ਲਕੀਰ ਮੇਰੀ,

ਪਰਖ ਕੇ ਵੇਖੋ ਮੈਂ ਐਵੇਂ ਕਹਿੰਦਾ ਨਹੀਂ ਦੋਸਤੋ!

ਰੋਟੀ ਅਤੇ ਚਾਹ ਠਰ ਜਾਂਦੀ ਹੈ ਪਈ ਪਈ,

ਖਾਣ ਪੀਣ ਦਾ ਤਾਂ ਚੇਤਾ ਰਹਿੰਦਾ ਨਹੀਂ ਦੋਸਤੋ!

ਮੁੱਕਜੇ ਜੇ ਪੈਕ ਫਿਰ ਚੈਨ ਨਹੀਂ ਆਉਂਦਾ ਸੱਚੀਂ,

ਕਦੇ ਮੰਗਕੇ ਵੀ ਪੈਸੇ ਪਾਉਣਾ ਪੈਂਦੈ ਮੇਰੇ ਦੋਸਤੋ!

ਬੱਚੇ ਬੁੱਢੇ ਨੌਜਵਾਨ ਆ ਗਏ ਲਪੇਟ ਵਿਚ,

ਆਖੀਏ ਤਾਂ ਕੋਈ ਗੱਲ ਸਹਿੰਦਾ ਨਹੀਂ ਦੋਸਤੋ!

ਚਿੰਬੜੇ ਨਾ ਕਿਸੇ ਨੂੰ ਬੀਮਾਰੀ ਤਪਦਿਕ ਦੀ ਇਹ,

ਸਿਆਣਾ ਬੰਦਾ ਚੱਕਰਾਂ ਚ ਪੈਂਦਾ ਨਹੀਂ ਦੋਸਤੋ!

ਰਾਬਤਾ ਤਾਂ ਇਹਦੇ ਨਾਲ ਦੂਰ ਤੱਕ ਹੋ ਜਾਂਦੈ,

ਪਰ ਜੇਬ੍ਹ ਵਿਚ ਪੈਸਾ ਧੇਲਾ ਰਹਿੰਦਾ ਨਹੀਂ ਦੋਸਤੋ!

ਦੱਦਾਹੂਰ ਵਾਲੇ ਗੱਲ ਲਿਖੀ ਸੱਚੀ ਸੱਚੇ ਦਿਲੋਂ,

ਕੁੱਝ ਹੱਥ ਪੱਲੇ ਇਹਦੇ ਨਾਲ ਪੈਂਦਾ ਨਹੀਂ ਦੋਸਤੋ!



**- ਜਸਵੀਰ ਸ਼ਰਮਾ**
**ਦੱਦਾਹੂਰ**
**91-94176-22046**

## ਕੁੜੀਆਂ

ਮਾਂ ਦੀ ਮਮਤਾ ਦਾ ਸ਼ਿੰਗਾਰ ਨੇ ਕੁੜੀਆਂ।
ਉਂਝ ਵੀ ਭਵਿੱਖ ਦਾ ਸੰਸਾਰ ਨੇ ਕੁੜੀਆਂ।

ਮਨੁੱਖੀ ਕਲੀਆਂ ਸਾਂਝੀਆਂ ਜਹਾਨ 'ਤੇ
ਉਪਰੋਂ ਨਿਮਰਤਾ ਦਾ ਭੰਡਾਰ ਨੇ ਕੁੜੀਆਂ।

ਕੱਪੜੇ ਧੋਵਣ ਤੇ ਨਿੱਤ ਭਾਂਡੇ ਵੀ ਧੋਵਣ,
ਰਸੋਈ 'ਚ ਵੀ ਦੇਖੋ, ਸੇਵਾਦਾਰ ਨੇ ਕੁੜੀਆਂ।

ਭੈੜੀ ਅੱਖ ਤੋਂ ਬਚਣ ਸਦਾ ਇਹ,
ਨਾਲੇ ਜ਼ਿੰਦਗੀ 'ਚ ਸ਼ਰਮਸਾਰ ਨੇ ਕੁੜੀਆਂ।

ਵੀਰਾਂ ਦੀ ਹੋਸ਼ ਵੀ ਕਾਇਮ ਰੱਖਦੀਆਂ,
ਅਕਸਰ ਜੱਗ ਤੇ ਸਾਂਝਾ ਸਤਿਕਾਰ ਨੇ ਕੁੜੀਆਂ।

ਰੱਬ ਨੇ ਤਾਂ ਸਭ ਤੋਂ ਵੱਡਾ ਰੁਤਬਾ ਦਿੱਤਾ,
ਕਈ ਅਜੇ ਵੀ, ਸਮਾਜੀ ਸ਼ਿਕਾਰ ਨੇ ਕੁੜੀਆਂ।

ਮੌਕਾ ਮਿਲਿਆ ਤੇ ਵਿੱਦਿਆ ਹਾਸਲ ਕਰ ਲਈ,
ਚੰਦ ਤੇ ਜਾਣ ਲਈ, ਹੋਈਆਂ ਤਿਆਰ ਨੇ ਕੁੜੀਆਂ।

ਸਦੀਆਂ ਤੋਂ ਦੱਬੀ ਸੀ ਰੀਝ ਇਹਨਾਂ ਦੀ,
ਹੋਈਆਂ ਆਜ਼ਾਦ, ਬਣੀਆਂ ਪਹਿਰੇਦਾਰ ਨੇ ਕੁੜੀਆਂ।

ਪੇਕੇ ਘਰ ਪੇਕਿਆਂ ਦੀ ਨੇਕ ਮਸਤੀ 'ਕਮਲ'
ਸਹੁਰੇ ਘਰ ਨੂੰਹ, ਵੱਖਰਾ ਸ਼ਿੰਗਾਰ ਨੇ ਕੁੜੀਆਂ।



**-ਕਮਲ ਬੰਗਾ**
**ਸੈਕਰਾਮੈਂਟੋ**
**916-897-8570**

## ਸਦਾ-ਬਹਾਰ

ਸਦਾ-ਬਹਾਰ
ਦੁੱਖਾਂ ਵਾਂਗ
ਖਿਲਰੇ
ਪਤਝੜ
ਦੇ ਜ਼ਰਦ ਪੱਤੇ
ਮੈਂ ਖਾ ਜਾਵਾਂ
ਸਾਰਾ ਦਰਦ ਹੀ
ਮੈਂ ਪੀ ਜਾਵਾਂ
ਮੇਰੇ
ਅੰਦਰ ਦੇ ਮੌਸਮ
ਦੀ
ਗੱਲ ਸੁਣਦੇ
ਪਤਝੜ
ਦੇ ਜ਼ਰਦ ਪੱਤੇ
ਦੁਖਾਂ ਨੂੰ
ਤਲੀ ਤੇ ਧਰ
ਮਰੋੜ ਦੇਵਾਂ
ਬੇਜਾਨ ਕਰ ਦੇਵਾਂ
ਦੁੱਖਾਂ ਨੂੰ
ਖਬਰ ਹੋ ਜਾਵੇ
ਉਨ੍ਹਾਂ ਨੂੰ
ਪੈਰਾਂ ਹੇਠ
ਲਿਤਾੜਨ ਕੋਈ
ਆ ਗਿਆ ਏ
ਦੁੱਖ ਡਰ ਕੇ
ਕਰਾਹ ਜਾਵੇ
ਪਤਝੜ
ਦੇ ਜ਼ਰਦ ਪੱਤੇ
ਸਮੇਂ ਦੀ ਹਵਾ
ਬਹਾਰ ਦੀ ਹਵਾ
ਇਹ ਦੁੱਖ
ਉਡਾ ਕੇ ਲੈ ਜਾਵੇ
ਦਿਲ
ਸਦਾਬਹਾਰ
ਹੋ ਜਾਵੇ।




**- ਪ੍ਰਮਿੰਦਰ ਸਿੰਘ ਪ੍ਰਵਾਨਾ**

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨੇ ਮਹਾਰਾਜਾ ਰਣਜੀਤ ਸਿੰਘ ਦੀ 179ਵੀਂ ਬਰਸੀ ਮਨਾਈ















ਤਸਵੀਰਾਂ 'ਦੇਸ਼ ਦੁਆਬਾ'




**ਯੂਬਾ ਸਿਟੀ-** ਜੂਨ ਮਹੀਨੇ ਦੀ ਮਹੀਨਾਵਾਰ ਮਿਲਣੀ 1 ਜੁਲਾਈ, 2018, ਦਿਨ ਐਤਵਾਰ ਨੂੰ ਗੁਰਦਵਾਰਾ ਸਾਹਿਬ ਟੈਰਾ ਬੁਆਇਨਾ ਰੋਡ, ਯੂਬਾ ਸਿਟੀ ਦੇ ਕਮੇਟੀ ਰੂਮ ਵਿਚ 2 ਤੋਂ 6 ਵਜੇ ਤੱਕ ਕੀਤੀ ਗਈ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਚਾਲੀ ਸਾਲਾਂ ਦੇ ਰਾਜ ਅਤੇ ਜੀਵਣ ਬਾਰੇ, ਭਾਸ਼ਣਾਂ, ਕਵਿਤਾਵਾਂ ਰਾਹੀਂ ਯਾਦ ਕੀਤਾ ਗਿਆ।

ਮੀਟਿੰਗ ਦਾ ਅਰੰਭ ਕਰਨ ਤੋਂ ਪਹਿਲਾਂ ਪ੍ਰਧਾਨਗੀ ਮੰਡਲ ਵਿਚ ਸੁਸ਼ੋਬਤ ਹੋਣ ਲਈ ਸਭਾ ਦੇ ਉਪ- ਪ੍ਰਧਾਨ, ਹਰਭਜਨ ਸਿੰਘ ਢੇਰੀ, ਸਭਾ ਦੇ ਸਥਾਈ ਡਾਇਰੈਕਟਰ, ਹਰਬੰਸ ਸਿੰਘ ਜਗਿਆਸੂ ਉਘੇ ਲਿਖਾਰੀ, ਮਾਸਟਰ ਨਿਰਮਲ ਸਿੰਘ, ਗ਼ਜ਼ਲਗੋ, ਇਕਵਿੰਦਰ ਸਿੰਘ ਤੇ ਗੀਤਕਾਰ ਰਾਜਿੰਦਰ ਸਹੋਤਾ ਨੂੰ ਸੱਦਾ ਦਿੱਤਾ ਗਿਆ।

ਸਭਾ ਦੇ ਸਕੱਤਰ, ਅਜਮੇਰ ਸਿੰਘ ਗੋਗੀ ਸੰਧੂ ਦੀ ਗੈਰ ਹਾਜ਼ਰੀ ਕਾਰਨ ਸਭਾ ਦੇ ਸਾਬਕਾ ਸਕੱਤਰ, ਇੰਦਰਜੀਤ ਸਿੰਘ ਗਰੇਵਾਲ ਨੂੰ ਸਟੇਜ ਸਕੱਤਰ ਦੀ ਸੇਵਾ ਸੌਂਪੀ ਗਈ। ਉਸ ਨੇ ਸਟੇਜ ਦੀ ਕਾਰਵਾਈ ਅਰੰਭ ਕਰਦਿਆਂ ਸਾਰ ਹਰਬੰਸ ਸਿੰਘ ਜਗਿਆਸੂ ਨੂੰ ਇਸ ਮਿਲਣੀ ਦੇ ਏਜੰਡੇ ਬਾਰੇ ਜਾਣਕਾਰੀ ਦੇਣ ਨੂੰ ਬੇਨਤੀ ਕੀਤੀ।

ਜਗਿਆਸੂ ਜੀ ਨੇ ਦੱਸਿਆ ਕਿ ਸਭਾ ਦੇ ਪ੍ਰਧਾਨ, ਜਸਵੰਤ ਸਿੰਘ ਸ਼ੀਮਾਰ ਭਾਰਤ ਯਾਤਰਾ ਉੱਤੇ ਗਏ ਹੋਏ ਹਨ। ਜਾਣ ਤੋਂ ਪਹਿਲਾਂ ਉਨ੍ਹਾਂ ਨੇ ਸਾਨੂੰ, ਹਰਭਜਨ ਸਿੰਘ ਢੇਰੀ ਤੇ ਮੈਨੂੰ ਇਸ ਦਾ ਪ੍ਰਬੰਧ ਯੂਬਾ ਸਿਟੀ ਵਿਚ ਕਰਨ ਨੂੰ ਕਿਹਾ ਸੀ। ਸੋ ਅਸਾਂ ਅੱਜ ਦੀ ਇਸ ਮਹੀਨਾਵਾਰ ਮਿਲਣੀ ਦਾ ਪ੍ਰਬੰਧ ਕੀਤਾ ਹੈ। ਅਸਾਂ ਇਸ ਮਿਲਣੀ ਨੂੰ ਮਹਾਰਾਜਾ ਰਣਜੀਤ ਸਿੰਘ ਅਤੇ ਬੰਦਾ ਬਹਾਦਰ ਜੀ ਨੂੰ ਸਮਰਪਿਤ ਕੀਤਾ ਹੈ ਜੋ ਕੱਲ੍ਹ ਤੇ ਅੱਜ ਸਾਰਾ ਜਗਤ ਮਨਾ ਰਿਹਾ ਹੈ। ਆਪਾਂ ਉਨ੍ਹਾਂ ਦੀ ਯਾਦ ਨੂੰ ਕਵਿਤਾਵਾਂ, ਗੀਤਾਂ ਤੇ ਭਾਸ਼ਣਾਂ ਰਾਹੀਂ ਤਾਜ਼ਾ ਕਰਨਾ ਹੈ ਅਤੇ ਇਸ ਵਿਚ ਖਾਸ ਤੌਰ ਤੇ ਭਾਗ ਲੈਣ ਲਈ ਕਵੀ ਗੁਰਦੀਪ ਸਿੰਘ ਹੀਰਾ, ਸੂਫੀ ਕਵੀ, ਜੁਗਿੰਦਰ ਸਿੰਘ ਸ਼ੌਂਕੀ, ਪੰਜਾਬੀ ਰਸਾਲੇ ਖੁਸ਼ਬੋ ਦੇ ਸੰਪਾਦਕ, ਕਵੀ ਇੰਦਰਜੀਤ ਸਿੰਘ ਰੰਧਾਵਾ, ਸਪਤਾਹਿਕ ਦੇਸ਼ ਦੁਆਬਾ ਦੇ ਸੰਪਾਦਕ, ਪ੍ਰੇਮ ਕੁਮਾਰ ਚੁੰਬਰ ਪਹੁੰਚੇ ਹੋਏ ਤੇ ਆਪਾਂ ਉਨ੍ਹਾਂ ਤੋਂ ਉਹਨਾਂ ਦੇ ਵਿਚਾਰ ਤੇ ਰਚਨਾਵਾਂ ਸੁਣੇ। ਉਨ੍ਹਾਂ ਨੇ ਨਾਵਲਕਾਰ ਜਸਵੰਤ ਸਿੰਘ ਕੰਵਲ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਜਿਨ੍ਹਾਂ 50 ਤੋਂ ਉਪਰ ਪੰਜਾਬੀ ਸਾਹਿਤ ਝੋਲੀ ਪਾਈਆਂ ਦੇ 100ਵੇਂ ਜਨਮ ਦਿਨ ਉੱਤੇ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਕਿਹਾ ਆਓ ਸਭਾ ਵਲੋਂ ਉਨ੍ਹਾਂ ਨੂੰ ਵਧਾਈਆਂ ਦੇਈਏ ਤੇ ਵਾਹਿ ਗੁਰੂ ਦਾ ਸ਼ੁਕਰ ਕਰੀਏ। ਉਨ੍ਹਾਂ ਸੁਖਦੇਵ ਸਿੰਘ ਢਿੱਲੋਂ ਦੀ ਘਰਵਾਲੀ, ਬਲ ਢਿੱਲੋਂ ਦੀ ਸਟਰ ਕਾਉਂਟੀ ਸਕੂਲਜ਼ ਸੁਪਰਿਨਟੈਨਡੈਂਟ ਦੀ ਚੋਣ ਵਿਚ ਜਿੱਤ ਪ੍ਰਾਪਤ ਕਰਨ ਉੱਤੇ ਸਭਾ ਵਲੋਂ ਵਧਾਈਆਂ ਦਿੱਤੀਆਂ ਗਈਆਂ। ਉਨ੍ਹਾਂ ਇਸ ਵਿਛੇ ਉੱਤੇ ਇਕ ਆਪਣੀ ਲਿਖੀ ਕਵਿਤਾ ਸੁਣਾ ਕੇ ਮੀਟਿੰਗ ਦਾ ਇਕ ਵਧੀਆ ਮਹੌਲ ਸਿਰਜ ਦਿੱਤਾ।

ਸਕੱਤਰ ਸਾਹਿਬ ਵਲੋਂ ਸਭਾ ਦੇ ਦੂਜੇ ਸਥਾਈ ਡਾਇਰੈਕਟਰ, ਮੁਹਿੰਦਰ ਸਿੰਘ ਘੱਗ ਨੂੰ ਨਿਯੰਤ੍ਰਣ ਦਿੱਤਾ ਗਿਆ ਅਤੇ ਉਨ੍ਹਾਂ ਵੀ ਮਹਾਰਾਜੇ ਦੇ ਇਤਿਹਾਸ ਉੱਤੇ ਕਾਫ਼ੀ ਚਾਨਣਾ ਪਾਇਆ। ਸਭਾ ਦੇ ਉਪ-ਪ੍ਰਧਾਨ, ਢੇਰੀ ਸਾਹਿਬ ਨੇ ਵੀ ਮਹਾਰਾਜੇ ਦੇ ਇਤਿਹਾਸ ਦੱਸਿਆ ਅਤੇ ਆਪਣੀ ਇਕ ਰਚਨਾ ਪੇਸ਼ ਕੀਤੀ।

ਮਾਸਟਰ ਨਿਰਮਲ ਸਿੰਘ, ਵਾਸੀ ਯੂਬਾ ਸਿਟੀ ਦੀ ਪੰਜਾਬੀ ਸਾਹਿਤ ਨੂੰ ਅਰਪਣ ਆਪਣੀ ਚੌਵੀਵੀਂ ਪੁਸਤਕ, "ਨਵੇਂ ਜ਼ਖਮ" ਦੀ ਘੁੰਡ ਚੁਕਾਈ ਕੀਤੀ ਗਈ। ਲਾਲੀ ਜੀ ਨੇ ਆਪ ਇਸ ਪੁਸਤਕ ਬਾਰੇ ਹੋਰ ਵਿਚਾਰ ਤੇ ਅਧਾਰ ਦੱਸੇ। ਏਸੇ ਦੌਰਾਨ ਗੁਰਦਵਾਰਾ ਸਾਹਿਬ ਵਲੋਂ ਚਾਹ ਪਕੌੜਿਆਂ ਦਾ ਲੰਗਰ ਪਹੁੰਚ ਗਿਆ ਤੇ ਸਕੱਤਰ ਸਾਹਿਬ ਨੇ ਪੰਦਰਾਂ ਮਿੰਟ ਦੀ ਬਰੇਕ ਕਰਨ ਦੀ ਘੋਸ਼ਣਾ ਕਰ ਦਿੱਤੀ।

ਬਰੇਕ ਤੋਂ ਪਿੱਛੋ ਕਵੀ ਦਰਬਾਰ ਆਰੰਭ ਕੀਤਾ ਗਿਆ ਇਸ ਵਿਚ ਜਿਨ੍ਹਾਂ ਜਿਨ੍ਹਾਂ ਨੇ ਹਿੱਸਾ ਲਿਆ ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ: ਹਰਭਜਨ ਸਿੰਘ ਢੇਰੀ, ਇੰਦਰਜੀਤ ਗਰੇਵਾਲ ਥਰੀਕੇ, ਜੀਵਨ ਰਤੂ. ਖੁਸ਼ੀ ਰਤੂ, ਗੁਰਦੀਪ ਸਿੰਘ ਹੀਰਾ, ਰਾਜਿੰਦਰ ਸਹੋਤਾ, ਇਕਵਿੰਦਰ ਸਿੰਘ, ਫਤਹਿ ਸਿੰਘ ਮਲ੍ਹੀ, ਇੰਦਰਜੀਤ ਸਿੰਘ ਰੰਧਾਵਾ, ਪ੍ਰੇਮ ਕੁਮਾਰ ਚੁੰਬਰ, ਐਸ.ਐਮ. ਭਾਟੀਆ, ਜੋਗਿੰਦਰ ਸਿੰਘ ਸ਼ੌਂਕੀ, ਸੁਖਵਿੰਦਰ ਕੌਰ, ਜਮੀਸ਼ਾ ਨਾਰ, ਅਲੀਸ਼ਾ ਨਾਰ, ਸਤਨਾਮ ਸਿੰਘ ਨਿਜਰ, ਸੋਹਨ ਸਿੰਘ ਢਿੱਲੋਂ, ਅਵਤਾਰ ਸਿੰਘ ਢਿੱਲੋਂ, ਅਜ਼ੈਬ ਚੀਮਾ, ਪਰਮਿੰਦਰ ਸਿੰਘ ਰਾਇ ਖਾਨ ਖਾਨਾਂ, ਸੁਖਦੇਵ ਸਿੰਘ ਢਿੱਲੋਂ, ਰਾਜਵਿੰਦਰ ਸਿੰਘ ਟੀਟਾ, ਮੁਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ। ਆਖੀਰ ਵਿਚ ਸਭਾ ਦੇ ਉਪ-ਪ੍ਰਧਾਨ, ਹਰਭਜਨ ਸਿੰਘ ਢੇਰੀ ਨੇ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਇਸ ਮਿਲਣੀ ਲਈ ਦਿੱਤੇ ਸਹਿਯੋਗ ਤੇ ਸੇਵਾ ਲਈ, ਹਰਬੰਸ ਸਿੰਘ ਜਗਿਆਸੂ ਦਾ ਸਭਾ ਦੇ ਮੈਂਬਰਾਂ ਤੇ ਮਹਿਮਾਨਾਂ ਤੱਕ ਪਹੁੰਚ ਕਰਨ ਤੇ ਸੁਨੇਹੇ ਪਹੁੰਚਾਉਣ ਲਈ ਅਤੇ ਸਾਰੇ ਮੈਂਬਰਾਂ ਤੇ ਮਹਿਮਾਨਾਂ ਦਾ ਇਸ ਵਿਚ ਭਾਗ ਲੈਣ ਲਈ ਧੰਨਵਾਦ ਕੀਤਾ ਤੇ ਅੱਗੇ ਤੋਂ ਏਸੇ ਤਰਾਂ ਸਹਿਯੋਗ ਦੇਂਦੇ ਰਹਿਣ ਲਈ ਬੇਨਤੀ ਕਰ ਕੇ ਮੀਟਿੰਗ ਨੂੰ ਸਮਾਪਤ ਕੀਤਾ।



**- ਹਰਬੰਸ ਸਿੰਘ ਜਗਿਆਸੂ**




## Thinking of Buying or Selling Houses or Businesses within Sacramento to Bay Area?

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404



2 bdrm, 2.0 full bath
1,116 sq ft
Lot size: 436
Year built 1984
Current Rent: $1450.00
Listing Price: $149,000



3 bdrm, 1.0 full bath
1,000 sq ft
Lot size: 5,998
Year built: 1984
Listing Price: $259,000



4 bdrm, 2.0 full bath
1,596 sq ft
Lot size: 6,098
Year built: 1973
Listing Price: $309,000



3-4 bdrm, 2.0 full bath
1,492 sq ft
Lot size: 6,469
Year built: 1984
Listing Price: $319,000



5 bdrm, 2.5 full bath
2,504 sq ft
Lot size: 6,574
Year built: 2003
Listing Price: $419,000



Beer & Wine
Store for Sale in Sacramento
Monthly Gross: $65K Month
Listing Price$299,000




Liquor Store
Store for Sale in Santa Clara
Monthly Gross: $90K Month
Listing Price $699,000




BERKSHIRE HATHAWAY Home Services BH HS

76 · Comfort Inn & Suites · ARCO ampm · Hampton Inn & Suites by Hilton · Holiday Inn Express & Suites · Chevron · Mobil · Courtyard Marriott · Shell

## Buying or Selling Hotels and Gas Stations? Call Now- 916-271-5404

## SEE 100% OF THE AVAILABLE HOME LISTINGS RIGHT ON YOUR PHONE!

Home Scouting MLS
A Real Estate Service of Home Buyers Marketing II, Inc
App Store · Google play

1.Go to your App Store 2.Search for "Home Scouting"
3.Download the app 4.ENTER YOUR VIP CODE

VIP CODE: 9162715404

## OFFICE: 7412 ELSIE AVE., SACRAMENTO, CA 95828

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust